ਸਿਰਜਣਾ

ਅਪਰੈਲ-ਜੂਨ 2007 (ਅੰਕ 144)

April- June 2007

ਸੰਪਾਦਕ: ਰਘਬੀਰ ਸਿੰਘ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਨਿੱਜੀ ਲਾਇਬ੍ਰੇਰੀ ਵਿੱਚੋਂ।

ਇਜਾਜ਼ਤ
Permission

ਮੈਂ ਰਘਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign: [signature]

ਪਤਾ –Address:
1728, ਸੈਕਟਰ 43-ਬੀ,
ਚੰਡੀਗੜ੍ਹ - 160022

1728, Sector 43-B,
Chandigarh - 160022
India

ਤਾਰੀਕ –Date: 25-10-2014

ਸਿਰਜਣਾ

ਅਪਰੈਲ-ਜੂਨ 2007

144

ਮੁੱਲ : 20 ਰੁਪਏ

ਸਿਰਜਣਾ

144

ਅਪਰੈਲ-ਜੂਨ 2007

*

ਸੰਪਾਦਕ : ਰਘਬੀਰ ਸਿੰਘ

Editor : **Raghbir Singh**

*

ਪਤਾ

1728, ਸੈਕਟਰ 43-ਬੀ,

ਚੰਡੀਗੜ੍ਹ - 160 022

ਫੋਨ : +91-172-2601693

*

SIRJANA

1728, Sector 43-B,

Chandigarh-160 022

INDIA

Phone : +91-172-2601693

E-mail :

raghbirsingh_chd@dataone.in

raghbirssirjana@yahoo.com

*

SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

ਇਸ ਅੰਕ ਵਿਚ

ਰਘਬੀਰ ਸਿੰਘ /ਸੰਪਾਦਕੀ ਲੇਖ/ਵਿਸ਼ਵ ਪਰਿਪੇਖ ਵਿਚ ਪੰਜਾਬੀ / 1

ਪ੍ਰਮਿੰਦਰਜੀਤ/ ਪੰਜ ਨਜ਼ਮਾਂ/8

ਸੁਰਿੰਦਰ ਗਿੱਲ/ਤਿੰਨ ਕਵਿਤਾਵਾਂ/ 10

ਬਲਬੀਰ ਪਰਵਾਨਾ/ਦੋ ਕਵਿਤਾਵਾਂ/ 12

ਜੈਪਾਲ/ਕਵਿਤਾ/ਮਲਕੀ/14

ਮਨਜੀਤ ਮੀਤ/ ਦੋ ਕਵਿਤਾਵਾਂ/15

ਪਰਮਵੀਰ ਸਿੰਘ/ ਦੋ ਕਵਿਤਾਵਾਂ/16

ਸਬਿੰਦਰਜੀਤ ਸਿੰਘ ਸਾਗਰ/ਕਹਾਣੀ/ ਅਲਮਾਰੀ/ 17

ਪ੍ਰੇਮ ਗੋਰਖੀ/ਕਹਾਣੀ/ ਪਛਾਣ/ 26

ਮੁਖਤਿਆਰ ਸਿੰਘ/ ਕਹਾਣੀ/ ਕਣੀਆਂ ਦੇ ਨਿਸ਼ਾਨ/32

ਸਾਧੂ ਬਿਨਿੰਗ/ਕਹਾਣੀ/ਬਾਬਾ ਤਾਣਾ/41

ਜਮੀਲ ਜਾਲਬੀ/ ਨਿਬੰਧ/ਸਾਹਿਤ ਆਲੋਚਨਾ ਦੇ ਢਕੌਂਸਲੇ/44

ਕੁਲਦੀਪ ਸਿੰਘ ਧੀਰ/ਨਿਬੰਧ/ ਕਾਵਿ-ਨਾਟ ਦਾ ਵਿਵੇਕ : 'ਮਨ ਦੇ ਹਾਣੀ' ਦਾ ਉੱਤਰ-ਪਾਠ/49

ਚੰਦਰ ਮੋਹਨ/ਨਿਬੰਧ/ਕੇਸਰ ਸਿੰਘ ਨੀਰ ਦਾ ਕਾਵਿ-ਨਾਇਕ/61

ਅਵਤਾਰ ਸਿੰਘ ਬਿਲਿੰਗ/ਨਿਬੰਧ/ 'ਸੌ ਸਾਲ ਦਾ ਇਕਲਾਪਾ' ਅਤੇ ਪੰਜਾਬੀ ਨਾਵਲ/67

ਗੁਲਜ਼ਾਰ ਸਿੰਘ ਸੰਧੂ/ ਰਿਵਿਊ/ਅਰਥਾਂ ਦਾ ਜੰਗਲ/71

ਜਸਬੀਰ /ਰਿਵਿਊ/ਮਿੱਟੀ, ਬੱਦਲਾਂ ਦੀ ਪੌੜੀ/74

ਰਾਜਿੰਦਰ ਪਾਲ ਸਿੰਘ/ ਰਿਵਿਊ/ ਕਮੰਡਲ/79

ਲਾਲ ਸਿੰਘ/ਰਿਵਿਊ/ਬੀ ਜੀ ਮੁਸਕਰਾ ਪਏ/82

ਰਮਨ/ਰਿਵਿਊ/ਛਾਤੀ ਅੰਦਰਲੇ ਥੇਹ/84, ਪਰੀਆਂ ਦਾ ਦੇਸ/86

ਬਖਸ਼ੀਸ਼ ਸਿੰਘ/ਰਿਵਿਊ/ਅਰਧ ਸ਼ਤਾਬਦੀ/88

ਸੁਰਜੀਤ ਹਾਂਸ/ਰਿਵਿਊ/After Socialism : Reconstructing Critical Social Thought/91

ਧਿਆਨ ਸਿੰਘ ਸ਼ਾਹ ਸਿਕੰਦਰ, ਗੁਰਦੀਪ ਸਿੰਘ ਢੁੱਡੀ, ਕਰਮਜੀਤ ਸਿੰਘ ਨਡਾਲਾ, ਲਾਲ ਸਿੰਘ, ਬਿੱਕਰ ਸਿੰਘ ਆਜ਼ਾਦ, ਅਜਮੇਰ ਸਿੰਘ ਸਿੱਧੂ, ਬ.ਸ. ਸੇਖਾ, ਰਵਿੰਦਰ ਰਵੀ ਆਦਿ/ ਪੱਤਰ /93

ਟਾਈਟਲ ਚਿੱਤਰ : ਦੇਵ ਟਾਈਪ-ਸੈਟਿੰਗ : **ਰਾਜਪ੍ਰੀਤ ਸਿੰਘ**

ਵਾਰਸ਼ਿਕ ਚੰਦਾ-ਦੇਸ : 80 ਰੁਪਏ

ਵਿਦੇਸ਼-ਹਵਾਈ ਡਾਕ ਰਾਹੀਂ : 10 ਪੌਂਡ, 15 ਅਮਰੀਕਨ ਡਾਲਰ, 20 ਕੈਨੇਡੀਅਨ ਡਾਲਰ

ਵਿਸ਼ਵ ਪਰਿਪੇਖ ਵਿਚ ਪੰਜਾਬੀ

ਰਘਬੀਰ ਸਿੰਘ

ਸੂਚਨਾ ਪ੍ਰਣਾਲੀ ਅਥਵਾ ਸੰਚਾਰ ਸਾਧਨਾਂ ਵਿਚ ਬੇਮਿਸਾਲ ਤਰੱਕੀ ਦੇ ਨਤੀਜੇ ਵਜੋਂ ਅੱਜ
ਕ ਪੱਧਰ ਉੱਤੇ ਸਪੇਸ ਦੀ ਦੂਰੀ ਪਹਿਲਾਂ ਵਰਗੀ ਨਹੀਂ ਰਹੀ। ਦੂਰੀਆਂ ਘਟਣ ਦੀ ਇਸ ਪ੍ਰਕਿਰਿਆ
ੇ ਗਲੋਬਲਾਈਜ਼ੇਸ਼ਨ ਜਾਂ ਵਿਸ਼ਵੀਕਰਨ ਨੂੰ ਜਨਮ ਦਿੱਤਾ ਹੈ, ਜੋ ਸੰਸਾਰ ਨੂੰ ਇਕ ਪਿੰਡ ਵਿਚ
ਟੀਲ ਕਰਨ ਜਾ ਰਿਹਾ ਹੈ। ਵਿਗਿਆਨ ਅਤੇ ਤਕਨਾਲੋਜੀ ਵਿਚ ਵਿਕਾਸ ਸਦਕਾ ਵਿੱਥਾਂ ਦਾ
ਣਾ ਅਤੇ ਸੰਸਾਰ ਦੇ ਵੱਖ ਵੱਖ ਲੋਕਾਂ ਦਾ ਇਕ ਦੂਸਰੇ ਦੇ ਨੇੜੇ ਆਉਣਾ ਇਕ ਸ਼ੁਭ ਵਰਤਾਰਾ ਹੈ,
ਾਨਵ ਜਾਤੀ ਦੇ ਚੰਗੇਰੇ ਭਵਿੱਖ ਦੀ ਸੂਚਨਾ ਦਿੰਦਾ ਹੈ। ਪਰ ਵਿਸ਼ਵੀਕਰਨ ਦਾ ਵਰਤਾਰਾ ਸਿਰਫ
ਾਂ ਘਟਣ ਦੇ ਇਸ ਸਾਰਥਕ ਪੱਖ ਤਕ ਹੀ ਸੀਮਤ ਨਹੀਂ। ਇਸ ਦੇ ਹੋਰ ਵੀ ਕਈ ਪਹਿਲੂ ਹਨ,
ਨਾਂ ਦੇ ਅੰਤਰਗਤ ਹੁਣ ਬਸਤੀਵਾਦ, ਸਾਮਰਾਜਵਾਦ ਅਥਵਾ ਰਾਸ਼ਟਰੀ ਸੁਤੰਤਰਤਾ ਜਾਂ ਪਰਾਧੀਨਤਾ
ਅਰਥ ਵੀ ਬਦਲ ਰਹੇ ਹਨ। ਵਿਸ਼ਵ ਬੈਂਕ, ਵਿਸ਼ਵ ਮੁਦਰਾ ਕੋਸ਼ (ਆਈ. ਐੱਮ. ਐੱਫ.) ਅਤੇ ਏਥੋਂ
ਕਿ ਸੰਯੁਕਤ ਰਾਸ਼ਟਰ ਦੇ ਵੱਖ ਵੱਖ ਅੰਗਾਂ ਦੀ ਸ਼ਕਤੀਸ਼ਾਲੀ ਧਿਰ ਵੱਲੋਂ ਵਰਤੋਂ ਦੇ ਰੂਪ ਵਿਚ ਦੂਜੇ
ਾਂ ਦੇ ਅੰਦਰ ਜਾ ਕੇ, ਜਾਂ ਜਾਏ ਬਗੈਰ ਵੀ, ਆਰਥਿਕ ਤੇ ਸੈਨਿਕ ਧੌਂਸ ਵਰਗੇ ਨਵੇਂ ਵਰਤਾਰੇ ਉੱਭਰ
ਹਨ। ਇਰਾਕ ਉੱਤੇ ਅਮਰੀਕੀ ਹਮਲੇ, ਅਫਗਾਨਸਤਾਨ ਵਿਚਲੀ ਗੜਬੜ ਅਤੇ ਸੰਸਾਰ ਦੇ ਹੋਰ
ਸਿਆ ਵਿਚ ਅਮਰੀਕਾ ਅਤੇ ਉਸਦੇ ਸੰਗੀਆਂ ਦੀ ਬੇਮੁਹਾਰ ਜ਼ਬਰਦਸਤੀ ਦੇ ਰੂਪ ਵਿਚ ਅਤੇ
ਕਾਸਸ਼ੀਲ ਦੇਸ਼ਾਂ ਨੂੰ ਆਪਣੀਆਂ ਆਰਥਿਕ ਨੀਤੀਆਂ ਦਾ ਰੁਖ ਲੋਕ-ਹਿਤ ਤੋਂ ਮੋੜਕੇ ਮਾਰਕੀਟ
ਤ ਨਾਲ ਜੋੜਨ ਲਈ ਮਜਬੂਰ ਕਰਨ ਵਿਚ ਜੋ ਕੁਝ ਰਾਜਨੀਤਕ ਤੇ ਆਰਥਿਕ ਖੇਤਰ ਵਿਚ ਹੋ
ਹਾ ਹੈ, ਉਹ ਵੀ ਇਕ ਤਰ੍ਹਾਂ ਵਿਸ਼ਵੀਕਰਨ ਦਾ ਹੀ ਪਰਤੌ ਹੈ। ਸੋਵੀਅਤ ਯੂਨੀਅਨ ਅਤੇ ਸਮਾਜਵਾਦੀ
ਪ ਦੇ ਬਿਖਰ ਜਾਣ ਪਿੱਛੋਂ ਸੰਸਾਰ ਸ਼ਕਤੀਆਂ ਦਾ ਸਮਤੋਲ ਕਾਇਮ ਨਾ ਰਹਿਣ ਅਤੇ ਵਿਸ਼ਵ ਦੇ
-ਧਿਰੀ ਤੋਂ ਹਟਕੇ ਇਕ-ਧਿਰੀ ਰਹਿ ਜਾਣ ਦੀ ਹਕੀਕਤ ਦਾ ਵੀ ਰਾਜਨੀਤਕ ਤੇ ਆਰਥਿਕ ਖੇਤਰ
ੀਆਂ ਇਹਨਾਂ ਨਵੀਆਂ ਸਥਿਤੀਆਂ ਨਾਲ ਅਵੱਸ਼ ਵਾਹ-ਵਾਸਤਾ ਹੈ। ਸਭਿਆਚਾਰਕ ਸੰਸਕ੍ਰਿਤਕ
ਚਰਿੱਤਰ ਵਾਲੇ ਪੱਖਾਂ ਵਿਚ ਭਾਵੇਂ ਵਿਸ਼ਵੀਕਰਨ ਦੀ ਇਹ ਸਥਿਤੀ ਸਿੱਧੇ ਰੂਪ ਵਿਚ ਆਰਥਿਕ ਤੇ
ਨਿਕ ਦਖਲ ਵਰਗੇ ਢੰਗ ਨਾਲ ਅਸਰ-ਅੰਦਾਜ਼ ਹੁੰਦੀ ਨਜ਼ਰ ਨਹੀਂ ਆਉਂਦੀ ਪਰ ਇਸ ਦੀ ਹੋਂਦ ਤੋਂ
ਨਕਰ ਹੋਣਾ ਵੀ ਸੰਭਵ ਨਹੀਂ।

ਸੰਸਕ੍ਰਿਤਕ ਅਤੇ ਸਭਿਆਚਾਰ ਮਾਮਲਿਆਂ ਵਿਚ ਵਿਸ਼ਵੀਕਰਨ ਦਾ ਇਹ ਵਰਤਾਰਾ ਵੱਡੇ
ਰਾਸ਼ਟਰਾਂ ਦੀ ਤਾਕਤ ਦੇ ਹੋਰ ਵਧਣ ਅਤੇ ਛੋਟੇ ਰਾਸ਼ਟਰਾਂ ਤੇ ਕੌਮੀਅਤਾਂ ਦੇ ਕਮਜ਼ੋਰ ਪੈਣ ਅਤੇ ਸਹਿਜੇ
ਸਹਿਜੇ ਉਹਨਾਂ ਦੀ ਹੋਂਦ ਨੂੰ ਖਤਰਾ ਬਣਨ ਦੇ ਰੂਪ ਵਿਚ ਸਾਹਵੇਂ ਆ ਰਿਹਾ ਹੈ। ਇਉਂ ਅਮੀਰ ਤੇ
ਸ਼ਕਤੀਵਰ ਦੇਸ਼ਾਂ ਦਾ ਕਲਚਰ ਸਮੁੱਚੇ ਸੰਸਾਰ ਉੱਤੇ ਆਪਣੀ ਮੁਹਰ-ਛਾਪ ਲਾ ਰਿਹਾ ਹੈ, ਜਦਕਿ ਘੱਟ
ਸ਼ਕਤੀਸ਼ਾਲੀ ਦੇਸ਼ਾਂ ਤੇ ਕੌਮੀਅਤਾਂ ਦੇ ਕਲਚਰ ਨੂੰ ਇਕ ਅਜਿਹੀ ਚੁਣੌਤੀ ਦਾ ਸਾਹਮਣਾ ਹੈ, ਜਿਸ ਦਾ
ਸਫਲਤਾ ਨਾਲ ਟਾਕਰਾ ਕਰਨ ਦੀ ਪੁਜ਼ੀਸ਼ਨ ਵਿਚ ਉਹ ਨਹੀਂ। ਵਿੱਦਿਆ ਵਰਗੇ ਅਹਿਮ ਖੇਤਰ ਵਿਚ
ਵਿਕਾਸਸ਼ੀਲ ਦੇਸ਼ਾਂ ਵਿਚ ਵਿਸ਼ਵੀਕਰਨ ਵਾਲੀ ਇਹ ਸਥਿਤੀ ਸ਼ਕਤੀਸ਼ਾਲੀ ਰੂਪ ਵਿਚ
ਯੂਨੀਵਰਸਿਟੀਆਂ ਨੂੰ ਮਹਿਜ਼ ਸਨਅਤ ਤੇ ਵਣਜ ਨਾਲ ਜੁੜੀਆਂ ਸ਼ਕਤੀਆਂ ਦੇ ਹਿਤ ਪਾਲਣ
ਵਾਲੀਆਂ ਸੰਸਥਾਵਾਂ ਵਿਚ ਵਟਾ ਰਹੀ ਹੈ ਅਤੇ ਵਿਦਿਆ ਪ੍ਰਾਪਤੀ ਮਹਿੰਗੀ ਕਰਕੇ ਇਸਨੂੰ ਆਮ ਲੋਕਾਂ
ਦੀ ਪਹੁੰਚ ਤੋਂ ਦੂਰ ਲਿਜਾ ਰਹੀ ਹੈ। ਇਹ ਚਿੰਤਾ ਵਾਲਾ ਵਰਤਾਰਾ ਹੈ ਜੋ ਗਹਿਰ ਗੰਭੀਰ ਚਿੰਤਨ ਤੇ
ਮਜ਼ਬੂਤ ਅੰਦੋਲਨ ਦੀ ਮੰਗ ਕਰਦਾ ਹੈ। ਇਸ ਸਮੁੱਚੇ ਪ੍ਰਸੰਗ ਵਿਚ ਹੀ ਪੰਜਾਬੀ ਭਾਸ਼ਾ ਦੀ ਸਥਿਤੀ ਨੂੰ ਨਾ
ਕੇਵਲ ਵਿਸ਼ਵ ਪਰਿਪੇਖ ਵਿਚ, ਸਗੋਂ ਆਪਣੀ ਮੂਲ ਭੋਂ ਨਾਲ ਉਸਦੇ ਸੰਬੰਧ ਤੇ ਸਥਿਤੀ ਦੇ ਪਰਿਪੇਖ

ਸਿਰਜਣਾ

144

ਅਪਰੈਲ-ਜੂਨ 2007

*

ਸੰਪਾਦਕ : **ਰਘਬੀਰ ਸਿੰਘ**

Editor : **Raghbir Singh**

*

ਪਤਾ

1728, ਸੈਕਟਰ 43-ਬੀ,

ਚੰਡੀਗੜ੍ਹ - 160 022

ਫੋਨ : *+91-172-2601693*

*

SIRJANA

1728, Sector 43-B,

Chandigarh-160 022

INDIA

Phone : +91-172-2601693

E-mail :

raghbirsingh_chd@dataone.in

raghbirssirjana@yahoo.com

*

SIRJANA is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966

ਇਸ ਅੰਕ ਵਿਚ

ਰਘਬੀਰ ਸਿੰਘ /ਸੰਪਾਦਕੀ ਲੇਖ/ਵਿਸ਼ਵ ਪਰਿਪੇਖ ਵਿਚ ਪੰਜਾਬੀ / 1

ਪ੍ਰਮਿੰਦਰਜੀਤ/ ਪੰਜ ਨਜ਼ਮਾਂ/8

ਸੁਰਿੰਦਰ ਗਿੱਲ/ਤਿੰਨ ਕਵਿਤਾਵਾਂ/ 10

ਬਲਬੀਰ ਪਰਵਾਨਾ/ਦੋ ਕਵਿਤਾਵਾਂ/ 12

ਜੈਪਾਲ/ਕਵਿਤਾ/ਮਲਕੀ/14

ਮਨਜੀਤ ਮੀਤ/ ਦੋ ਕਵਿਤਾਵਾਂ/15

ਪਰਮਵੀਰ ਸਿੰਘ/ ਦੋ ਕਵਿਤਾਵਾਂ/16

ਸਬਿੰਦਰਜੀਤ ਸਿੰਘ ਸਾਗਰ/ਕਹਾਣੀ/ ਅਲਮਾਰੀ/ 17

ਪ੍ਰੇਮ ਗੋਰਖੀ/ਕਹਾਣੀ/ ਪਛਾਣ/ 26

ਮੁਖਤਿਆਰ ਸਿੰਘ/ ਕਹਾਣੀ/ ਕਣੀਆਂ ਦੇ ਨਿਸ਼ਾਨ/32

ਸਾਧੂ ਬਿਨਿੰਗ/ਕਹਾਣੀ/ਬਾਬਾ ਤਾਣਾ/41

ਜਮੀਲ ਜਾਲਬੀ/ ਨਿਬੰਧ/ਸਾਹਿਤ ਆਲੋਚਨਾ ਦੇ ਢਕੌਂਸਲੇ/44

ਕੁਲਦੀਪ ਸਿੰਘ ਧੀਰ/ਨਿਬੰਧ/ ਕਾਵਿ-ਨਾਟ ਦਾ ਵਿਵੇਕ : 'ਮਨ ਦੇ ਹਾਣੀ' ਦਾ ਉੱਤਰ-ਪਾਠ/49

ਚੰਦਰ ਮੋਹਨ/ਨਿਬੰਧ/ਕੇਸਰ ਸਿੰਘ ਨੀਰ ਦਾ ਕਾਵਿ-ਨਾਇਕ/61

ਅਵਤਾਰ ਸਿੰਘ ਬਿਲਿੰਗ/ਨਿਬੰਧ/ 'ਸੌ ਸਾਲ ਦਾ ਇਕਲਾਪਾ' ਅਤੇ ਪੰਜਾਬੀ ਨਾਵਲ/67

ਗੁਲਜ਼ਾਰ ਸਿੰਘ ਸੰਧੂ/ ਰਿਵਿਊ/ਅਰਥਾਂ ਦਾ ਜੰਗਲ/71

ਜਸਬੀਰ /ਰਿਵਿਊ/ਮਿੱਟੀ, ਬੱਦਲਾਂ ਦੀ ਪੌੜੀ/74

ਰਾਜਿੰਦਰ ਪਾਲ ਸਿੰਘ/ ਰਿਵਿਊ/ ਕਮੰਡਲ/79

ਲਾਲ ਸਿੰਘ/ਰਿਵਿਊ/ਬੀ ਜੀ ਮੁਸਕਰਾ ਪਏ/82

ਰਮਨ/ਰਿਵਿਊ/ਛਾਤੀ ਅੰਦਰਲੇ ਥੇਹ/84, ਪਰੀਆਂ ਦਾ ਦੇਸ/86

ਬਖਸ਼ੀਸ਼ ਸਿੰਘ/ਰਿਵਿਊ/ਅਰਧ ਸ਼ਤਾਬਦੀ/88

ਸੁਰਜੀਤ ਹਾਂਸ/ਰਿਵਿਊ/After Socialism : Reconstructing Critical Social Thought/91

ਧਿਆਨ ਸਿੰਘ ਸ਼ਾਹ ਸਿਕੰਦਰ, ਗੁਰਦੀਪ ਸਿੰਘ ਢੁੱਡੀ, ਕਰਮਜੀਤ ਸਿੰਘ ਨਡਾਲਾ, ਲਾਲ ਸਿੰਘ, ਬਿੱਕਰ ਸਿੰਘ ਆਜ਼ਾਦ, ਅਜਮੇਰ ਸਿੰਘ ਸਿੱਧੂ, ਬ.ਸ. ਸੇਖਾ, ਰਵਿੰਦਰ ਰਵੀ ਆਦਿ/ ਪੱਤਰ /93

ਟਾਈਟਲ ਚਿੱਤਰ : **ਦੇਵ** ਟਾਈਪ-ਸੈਟਿੰਗ : **ਰਾਜਪ੍ਰੀਤ ਸਿੰਘ**

ਵਾਰਸ਼ਿਕ ਚੰਦਾ-ਦੇਸ : 80 ਰੁਪਏ

ਵਿਦੇਸ਼-ਹਵਾਈ ਡਾਕ ਰਾਹੀਂ : 10 ਪੌਂਡ, 15 ਅਮਰੀਕਨ ਡਾਲਰ, 20 ਕੈਨੇਡੀਅਨ ਡਾਲਰ

ਵਿਸ਼ਵ ਪਰਿਪੇਖ ਵਿਚ ਪੰਜਾਬੀ

ਰਘਬੀਰ ਸਿੰਘ

ਸੂਚਨਾ ਪ੍ਰਣਾਲੀ ਅਥਵਾ ਸੰਚਾਰ ਸਾਧਨਾਂ ਵਿਚ ਬੇਮਿਸਾਲ ਤਰੱਕੀ ਦੇ ਨਤੀਜੇ ਵਜੋਂ ਅੱਜ ਭੌਤਿਕ ਪੱਧਰ ਉੱਤੇ ਸਪੇਸ ਦੀ ਦੂਰੀ ਪਹਿਲਾਂ ਵਰਗੀ ਨਹੀਂ ਰਹੀ। ਦੂਰੀਆਂ ਘਟਣ ਦੀ ਇਸ ਪ੍ਰਕਿਰਿਆ ਨੇ ਹੀ ਗਲੋਬਲਾਈਜ਼ੇਸ਼ਨ ਜਾਂ ਵਿਸ਼ਵੀਕਰਨ ਨੂੰ ਜਨਮ ਦਿੱਤਾ ਹੈ, ਜੋ ਸੰਸਾਰ ਨੂੰ ਇਕ ਪਿੰਡ ਵਿਚ ਤਬਦੀਲ ਕਰਨ ਜਾ ਰਿਹਾ ਹੈ। ਵਿਗਿਆਨ ਅਤੇ ਤਕਨਾਲੋਜੀ ਵਿਚ ਵਿਕਾਸ ਸਦਕਾ ਵਿੱਥਾਂ ਦਾ ਘਟਣਾ ਅਤੇ ਸੰਸਾਰ ਦੇ ਵੱਖ ਵੱਖ ਲੋਕਾਂ ਦਾ ਇਕ ਦੂਸਰੇ ਦੇ ਨੇੜੇ ਆਉਣਾ ਇਕ ਸ਼ੁਭ ਵਰਤਾਰਾ ਹੈ, ਜੋ ਮਾਨਵ ਜਾਤੀ ਦੇ ਚੰਗੇਰੇ ਭਵਿੱਖ ਦੀ ਸੂਚਨਾ ਦਿੰਦਾ ਹੈ। ਪਰ ਵਿਸ਼ਵੀਕਰਨ ਦਾ ਵਰਤਾਰਾ ਸਿਰਫ ਵਿੱਥਾਂ ਘਟਣ ਦੇ ਇਸ ਸਾਰਥਕ ਪੱਖ ਤਕ ਹੀ ਸੀਮਤ ਨਹੀਂ। ਇਸ ਦੇ ਹੋਰ ਵੀ ਕਈ ਪਹਿਲੂ ਹਨ, ਜਿਹਨਾਂ ਦੇ ਅੰਤਰਗਤ ਹੁਣ ਬਸਤੀਵਾਦ, ਸਾਮਰਾਜਵਾਦ ਅਥਵਾ ਰਾਸ਼ਟਰੀ ਸੁਤੰਤਰਤਾ ਜਾਂ ਪਰਾਧੀਨਤਾ ਦੇ ਅਰਥ ਵੀ ਬਦਲ ਰਹੇ ਹਨ। ਵਿਸ਼ਵ ਬੈਂਕ, ਵਿਸ਼ਵ ਮੁਦਰਾ ਕੋਸ਼ (ਆਈ. ਐੱਮ. ਐੱਫ.) ਅਤੇ ਏਥੋਂ ਤਕ ਕਿ ਸੰਯੁਕਤ ਰਾਸ਼ਟਰ ਦੇ ਵੱਖ ਵੱਖ ਅੰਗਾਂ ਦੀ ਸ਼ਕਤੀਸ਼ਾਲੀ ਧਿਰ ਵੱਲੋਂ ਵਰਤੋਂ ਦੇ ਰੂਪ ਵਿਚ ਦੂਜੇ ਦੇਸ਼ਾਂ ਦੇ ਅੰਦਰ ਜਾ ਕੇ, ਜਾਂ ਜਾਏ ਬਗੈਰ ਵੀ, ਆਰਥਿਕ ਤੇ ਸੈਨਿਕ ਧੌਂਸ ਵਰਗੇ ਨਵੇਂ ਵਰਤਾਰੇ ਉੱਭਰ ਰਹੇ ਹਨ। ਇਰਾਕ ਉੱਤੇ ਅਮਰੀਕੀ ਹਮਲੇ, ਅਫਗਾਨਸਤਾਨ ਵਿਚਲੀ ਗੜਬੜ ਅਤੇ ਸੰਸਾਰ ਦੇ ਹੋਰ ਹਿੱਸਿਆ ਵਿਚ ਅਮਰੀਕਾ ਅਤੇ ਉਸਦੇ ਸੰਗੀਆਂ ਦੀ ਬੇਮੁਹਾਰ ਜ਼ਬਰਦਸਤੀ ਦੇ ਰੂਪ ਵਿਚ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਆਪਣੀਆਂ ਆਰਥਿਕ ਨੀਤੀਆਂ ਦਾ ਰੁਖ ਲੋਕ-ਹਿਤ ਤੋਂ ਮੋੜਕੇ ਮਾਰਕੀਟ ਹਿਤ ਨਾਲ ਜੋੜਨ ਲਈ ਮਜਬੂਰ ਕਰਨ ਵਿਚ ਜੋ ਕੁਝ ਰਾਜਨੀਤਕ ਤੇ ਆਰਥਿਕ ਖੇਤਰ ਵਿਚ ਹੋ ਰਿਹਾ ਹੈ, ਉਹ ਵੀ ਇਕ ਤਰ੍ਹਾਂ ਵਿਸ਼ਵੀਕਰਨ ਦਾ ਹੀ ਪਰਤੌ ਹੈ। ਸੋਵੀਅਤ ਯੂਨੀਅਨ ਅਤੇ ਸਮਾਜਵਾਦੀ ਕੈਂਪ ਦੇ ਬਿਖਰ ਜਾਣ ਪਿੱਛੋਂ ਸੰਸਾਰ ਸ਼ਕਤੀਆਂ ਦਾ ਸਮਤੋਲ ਕਾਇਮ ਨਾ ਰਹਿਣ ਅਤੇ ਵਿਸ਼ਵ ਦੇ ਦੋ-ਧਿਰੀ ਤੋਂ ਹਟਕੇ ਇਕ-ਧਿਰੀ ਰਹਿ ਜਾਣ ਦੀ ਹਕੀਕਤ ਦਾ ਵੀ ਰਾਜਨੀਤਕ ਤੇ ਆਰਥਿਕ ਖੇਤਰ ਦੀਆਂ ਇਹਨਾਂ ਨਵੀਆਂ ਸਥਿਤੀਆਂ ਨਾਲ ਅਵੱਸ਼ ਵਾਹ-ਵਾਸਤਾ ਹੈ। ਸਭਿਆਚਾਰਕ ਸੰਸਕ੍ਰਿਤਕ ਚਰਿੱਤਰ ਵਾਲੇ ਪੱਖਾਂ ਵਿਚ ਭਾਵੇਂ ਵਿਸ਼ਵੀਕਰਨ ਦੀ ਇਹ ਸਥਿਤੀ ਸਿੱਧੇ ਰੂਪ ਵਿਚ ਆਰਥਿਕ ਤੇ ਸੈਨਿਕ ਦਖਲ ਵਰਗੇ ਢੰਗ ਨਾਲ ਅਸਰ-ਅੰਦਾਜ਼ ਹੁੰਦੀ ਨਜ਼ਰ ਨਹੀਂ ਆਉਂਦੀ ਪਰ ਇਸ ਦੀ ਹੋਂਦ ਤੋਂ ਮੁਨਕਰ ਹੋਣਾ ਵੀ ਸੰਭਵ ਨਹੀਂ।

ਸੰਸਕ੍ਰਿਤਕ ਅਤੇ ਸਭਿਆਚਾਰ ਮਾਮਲਿਆਂ ਵਿਚ ਵਿਸ਼ਵੀਕਰਨ ਦਾ ਇਹ ਵਰਤਾਰਾ ਵੱਡੇ ਰਾਸ਼ਟਰਾਂ ਦੀ ਤਾਕਤ ਦੇ ਹੋਰ ਵਧਣ ਅਤੇ ਛੋਟੇ ਰਾਸ਼ਟਰਾਂ ਤੇ ਕੌਮੀਅਤਾਂ ਦੇ ਕਮਜ਼ੋਰ ਪੈਣ ਅਤੇ ਸਹਿਜੇ ਸਹਿਜੇ ਉਹਨਾਂ ਦੀ ਹੋਂਦ ਨੂੰ ਖਤਰਾ ਬਣਨ ਦੇ ਰੂਪ ਵਿਚ ਸਾਹਵੇਂ ਆ ਰਿਹਾ ਹੈ। ਇਉਂ ਅਮੀਰ ਤੇ ਸ਼ਕਤੀਵਰ ਦੇਸ਼ਾਂ ਦਾ ਕਲਚਰ ਸਮੁੱਚੇ ਸੰਸਾਰ ਉੱਤੇ ਆਪਣੀ ਮੁਹਰ-ਛਾਪ ਲਾ ਰਿਹਾ ਹੈ, ਜਦਕਿ ਘੱਟ ਸ਼ਕਤੀਸ਼ਾਲੀ ਦੇਸ਼ਾਂ ਤੇ ਕੌਮੀਅਤਾਂ ਦੇ ਕਲਚਰ ਨੂੰ ਇਕ ਅਜਿਹੀ ਚੁਣੌਤੀ ਦਾ ਸਾਹਮਣਾ ਹੈ, ਜਿਸ ਦਾ ਸਫਲਤਾ ਨਾਲ ਟਾਕਰਾ ਕਰਨ ਦੀ ਪੁਜ਼ੀਸ਼ਨ ਵਿਚ ਉਹ ਨਹੀਂ। ਵਿੱਦਿਆ ਵਰਗੇ ਅਹਿਮ ਖੇਤਰ ਵਿਚ ਵਿਕਾਸਸ਼ੀਲ ਦੇਸ਼ਾਂ ਵਿਚ ਵਿਸ਼ਵੀਕਰਨ ਵਾਲੀ ਇਹ ਸਥਿਤੀ ਸ਼ਕਤੀਸ਼ਾਲੀ ਰੂਪ ਵਿਚ ਯੂਨੀਵਰਸਿਟੀਆਂ ਨੂੰ ਮਹਿਜ਼ ਸਨਅਤ ਤੇ ਵਣਜ ਨਾਲ ਜੁੜੀਆਂ ਸ਼ਕਤੀਆਂ ਦੇ ਹਿਤ ਪਾਲਣ ਵਾਲੀਆਂ ਸੰਸਥਾਵਾਂ ਵਿਚ ਵਟਾ ਰਹੀ ਹੈ ਅਤੇ ਵਿਦਿਆ ਪ੍ਰਾਪਤੀ ਮਹਿੰਗੀ ਕਰਕੇ ਇਸਨੂੰ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਲਿਜਾ ਰਹੀ ਹੈ। ਇਹ ਚਿੰਤਾ ਵਾਲਾ ਵਰਤਾਰਾ ਹੈ ਜੋ ਗਹਿਰ ਗੰਭੀਰ ਚਿੰਤਨ ਤੇ ਮਜ਼ਬੂਤ ਅੰਦੋਲਨ ਦੀ ਮੰਗ ਕਰਦਾ ਹੈ। ਇਸ ਸਮੁੱਚੇ ਪ੍ਰਸੰਗ ਵਿਚ ਹੀ ਪੰਜਾਬੀ ਭਾਸ਼ਾ ਦੀ ਸਥਿਤੀ ਨੂੰ ਨਾ ਕੇਵਲ ਵਿਸ਼ਵ ਪਰਿਪੇਖ ਵਿਚ, ਸਗੋਂ ਆਪਣੀ ਮੂਲ ਭੋਂ ਨਾਲ ਉਸਦੇ ਸੰਬੰਧ ਤੇ ਸਥਿਤੀ ਦੇ ਪਰਿਪੇਖ

ਵਿਚ ਵੀ ਨਵੇਂ ਸਿਰਿਉਂ ਵੇਖਣ ਤੇ ਸਮਝਣ ਦੀ ਲੋੜ ਹੈ।

ਪੰਜਾਬੀ ਲੋਕਾਂ ਦੇ ਚਰਿੱਤਰ ਦੀ ਇਕ ਵੱਡੀ ਵਿਸ਼ੇਸ਼ਤਾ ਹੈ ਉਹਨਾਂ ਵਿਚਲਾ ਉਤਸ਼ਾਹ, ਆਸ਼ਾਵਾਦ, ਐਡਵੈਂਚਰ ਕਰਨ ਦਾ ਜੇਰਾ ਅਤੇ ਜੀਵਨ ਨੂੰ ਭਰਪੂਰ ਰੂਪ ਵਿਚ ਮਾਨਣ ਦਾ ਚਾਅ। ਇਹ ਗੱਲ ਤਾਂ ਨਹੀਂ ਕਿ ਹੋਰ ਕੌਮੀਅਤਾਂ ਵਿਚ ਇਸ ਤਰ੍ਹਾਂ ਦੇ ਗੁਣਾਂ ਦਾ ਅਭਾਵ ਹੀ ਹੈ; ਅਵੱਸ਼ ਹੀ ਦੁਨੀਆਂ ਦੇ ਵੱਖ ਵੱਖ ਖਿੱਤਿਆਂ ਵਿਚ ਵਸਣ ਵਾਲੇ ਹੋਰ ਬਹੁਤ ਸਾਰੇ ਲੋਕ-ਸਮੂਹਾਂ ਵਿਚ ਵੀ ਇਹ ਲੱਛਣ ਹੋਣਗੇ, ਪਰ ਉਹ ਆਪਣੇ ਇਸ ਲੱਛਣ ਨੂੰ ਗੁਣ ਬਣਾਕੇ, ਸੱਚੇ ਜਾਂ ਝੂਠੇ ਮਾਣ ਨਾਲ, ਕੁਝ ਵਧੇਰੇ ਹੀ ਜ਼ੋਰਦਾਰ ਢੰਗ ਨਾਲ ਪ੍ਰਚਾਰਨ ਵਿਚ ਸ਼ਾਇਦ ਪੰਜਾਬੀਆਂ ਵਾਂਗ ਵਿਹਾਰ ਨਹੀਂ ਕਰਦੇ। ਆਪਣੇ ਇਸ ਚਰਿੱਤਰ ਬਾਰੇ ਪੰਜਾਬੀਆਂ ਨੇ ਆਪਣੀਆਂ ਲੋਕ-ਕਹਾਣੀਆਂ, ਲੋਕ-ਗੀਤਾਂ, ਮਿੱਥਾਂ ਅਤੇ ਏਥੋਂ ਤਕ ਕਿ ਆਪਣੇ ਉੱਤੇ ਹੀ ਚੋਟ ਕਰਦੇ ਚੁਟਕਲਿਆਂ ਦੇ ਰੂਪ ਵਿਚ ਬਹੁਤ ਕੁਝ ਜ਼ੋਰ ਸ਼ੋਰ ਨਾਲ ਪਰਚਾਰਿਆ ਹੈ। ਇਸ ਸਭ ਕੁਝ ਵਿਚ ਕਾਫੀ ਕੁਝ ਸੱਚਮੁੱਚ ਮਾਣ ਕਰਨ ਵਾਲਾ ਹੈ ਜਦਕਿ ਕਾਫੀ ਕੁਝ ਅਜਿਹਾ ਵੀ ਹੈ ਜੋ ਪੰਜਾਬੀਆਂ ਦੇ ਆਪਣੇ ਬਾਰੇ ਪਾਲੇ ਭੁਲੇਖਿਆਂ ਦੀ ਹੀ ਸੂਚਨਾ ਦਿੰਦਾ ਹੈ।

ਸਾਹਸੀ ਹੋਣ ਅਤੇ ਖਤਰੇ ਸਹੇੜਨ ਦੀ ਆਪਣੀ ਬਿਰਤੀ ਦੇ ਅਨੁਕੂਲ ਹੀ ਪੰਜਾਬੀਆਂ ਨੇ ਇਤਿਹਾਸ ਦੇ ਵੱਖ ਵੱਖ ਖਤਰਨਾਕ ਤੇ ਮਾਰੂ ਪੜਾਵਾਂ ਵਿਚੋਂ ਲੰਘਦਿਆਂ ਹੋਇਆਂ ਆਪਣੇ ਆਪ ਨੂੰ ਜੀਂਦਾ ਹੀ ਨਹੀਂ ਰੱਖਿਆ ਸਗੋਂ ਆਈ ਮੁਸੀਬਤ ਉੱਤੇ ਸਫਲਤਾ ਨਾਲ ਕਾਬੂ ਪਾ ਕੇ ਦ੍ਰਿੜਤਾ ਨਾਲ ਅਗਾਂਹ ਵਧਣ ਦਾ ਸਬੂਤ ਦਿੱਤਾ ਹੈ। ਪੰਜਾਬ ਦੀ ਧਰਤੀ ਨੇ ਬਦੇਸ਼ੀ ਹਮਲਾਵਰਾਂ ਦੀ ਲੁੱਟ-ਖਸੁੱਟ ਅਤੇ ਅਨੇਕਾਂ ਜੰਗਾਂ ਦਾ ਸਾਹਮਣਾ ਕਰਨ ਦੇ ਬਾਵਜੂਦ ਜਿਵੇਂ ਆਪਣੀ ਹੋਂਦ ਨੂੰ ਬਚਾਕੇ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਦਾ ਪ੍ਰਮਾਣ ਦਿੱਤਾ ਹੈ, ਉਸ ਉੱਤੇ ਨਿਸਚੇ ਹੀ ਮਾਣ ਕੀਤਾ ਜਾ ਸਕਦਾ ਹੈ।

ਪੰਜਾਬੀਆਂ ਦੀ ਐਡਵੈਂਚਰ ਦੀ ਭਾਵਨਾ ਦਾ ਹੀ ਪ੍ਰਮਾਣ ਹੈ ਕਿ ਭਾਰਤ ਵਿਚੋਂ ਜਿਨ੍ਹਾਂ ਹੋਰ ਲੋਕ-ਸਮੂਹਾਂ ਨੇ ਨਵੀਆਂ ਧਰਤੀਆਂ ਵੱਲ ਅਹੁਲਣ ਅਥਵਾ ਪਰਵਾਸ ਧਾਰਨ ਕਰਨ ਵਿਚ ਦਿਲਚਸਪੀ ਵਿਖਾਈ ਹੈ, ਉਹਨਾਂ ਵਿਚ ਗੁਜਰਾਤੀਆਂ ਨੂੰ ਛੱਡਕੇ ਹੋਰ ਕੋਈ ਵੀ ਉਹਨਾਂ ਦੇ ਨੇੜੇ-ਤੇੜੇ ਨਹੀਂ। ਅਤੇ ਬਾਹਰ ਜਾ ਕੇ ਪੰਜਾਬੀ ਪਰਵਾਸੀਆਂ ਨੇ ਆਰਥਿਕਤਾ ਦੇ ਖੇਤਰ ਵਿਚ ਹੀ ਨਹੀਂ, ਪਰਵਾਸ ਵਾਲੇ ਦੇਸ਼ ਦੀਆਂ ਰਾਜਕੀ ਸੰਸਥਾਵਾਂ ਵਿਚ ਭਾਈਵਾਲੀ ਦੇ ਰੂਪ ਵਿਚ ਜਿਵੇਂ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ, ਉਹ ਵੀ ਉਹਨਾਂ ਦੇ ਚਰਿੱਤਰ ਦੇ ਹਾਂ-ਪੱਖੀ ਲੱਛਣ ਦਾ ਵੱਡਾ ਪ੍ਰਮਾਣ ਹੋ ਨਿਬੜਦਾ ਹੈ। ਅੱਜ ਇੰਗਲੈਂਡ, ਕੈਨੇਡਾ, ਅਮਰੀਕਾ ਵਰਗੇ ਦੇਸ਼ਾਂ ਵਿਚ ਜੇ ਸਫਲ ਕਾਰੋਬਾਰੀ ਲੋਕਾਂ ਦੀ ਸੂਚੀ ਵਿਚ ਲਾਰਡ ਸਵਰਾਜ ਪਾਲ, ਸੰਤ ਸਿੰਘ ਛਤਵਾਲ, ਦੀਦਾਰ ਸਿੰਘ ਬੈਂਸ ਤੇ ਦਰਸ਼ਨ ਸਿੰਘ ਧਾਲੀਵਾਲ ਵਰਗੇ ਕਿੰਨੇ ਹੀ ਲੋਕ ਉਭਰਦੇ ਹਨ ਤਾਂ ਰਾਜਨੀਤੀ ਦੇ ਖੇਤਰ ਵਿਚ ਵੀ ਉਜਲ ਦੁਸਾਂਝ, ਹਰਬ ਧਾਲੀਵਾਲ, ਗੁਰਬਖਸ਼ ਸਿੰਘ ਮੱਲ੍ਹੀ ਅਤੇ ਗੁਰਮੰਤ ਗਰੇਵਾਲ ਤੋਂ ਲੈ ਕੇ ਪਿਆਰਾ ਸਿੰਘ ਖਾਬੜਾ ਤੇ ਬੌਬੀ ਜਿੰਦਲ ਤਕ ਅਨੇਕਾਂ ਨਾਉਂ ਸਾਹਵੇਂ ਆਉਂਦੇ ਹਨ ਜਿਹਨਾਂ ਨੇ ਇਹਨਾਂ ਦੇਸ਼ਾਂ ਦੀਆਂ ਪਾਰਲੀਮੈਂਟਾਂ ਤੇ ਮੰਤਰੀ ਮੰਡਲਾਂ ਵਿਚ ਸ਼ਮੂਲੀਅਤ ਕੀਤੀ ਹੈ। ਭਾਵੇਂ ਪੰਜਾਬੀ ਲੋਕ ਆਪਣੇ ਆਪ ਬਾਰੇ ਬਹੁਤੇ ਪੜ੍ਹੇ-ਲਿਖੇ ਹੋਣ ਦਾ ਦਾਅਵਾ ਕਰਨ ਦੀ ਥਾਂ ਸਿੱਧੜ ਜਹੇ ਲੋਕਾਂ ਵਜੋਂ ਜਾਣੇ ਜਾਣ ਦਾ ਮਿਥ ਵਧੇਰੇ ਪਰਚਾਰਦੇ ਹਨ, ਪਰ ਦੇਸ਼ ਵਿਚ ਵੀ ਅਤੇ ਬਦੇਸ਼ਾਂ ਵਿਚ ਵੀ ਡਾਕਟਰਾਂ, ਇੰਜੀਨੀਅਰਾਂ, ਪ੍ਰੋਫੈਸਰਾਂ ਤੇ ਹੋਰ ਮਾਹਿਰਾਂ ਵਜੋਂ ਆਪਣੀ ਗਿਣਤੀ ਦੇ ਅਨੁਪਾਤ ਨਾਲ ਇਹਨਾਂ ਦੀ ਸ਼ਮੂਲੀਅਤ ਕੋਈ ਘੱਟ ਨਹੀਂ। ਸੱਚ ਤਾਂ ਇਹ ਹੈ ਕਿ ਅਮਰੀਕਾ ਦੀ ਸੂਚਨਾ ਤਕਨਾਲੋਜੀ ਦੀ ਇਕ ਪ੍ਰਕਾਰ ਦੀ ਰਾਜਧਾਨੀ, ਸਿਲੀਕਾਨ ਵੈਲੀ, ਵਿਚ ਪੰਜਾਬੀ ਮੂਲ ਦੇ ਲੋਕਾਂ ਦੀ ਗਿਣਤੀ ਏਨੀ ਜ਼ਿਆਦਾ ਹੈ ਕਿ ਉਹ ਪੰਜਾਬੀਆਂ ਦੇ ਵਿਗਿਆਨ ਤੇ ਤਕਨਾਲੋਜੀ ਦੇ ਖੇਤਰ ਵਿਚ ਵੀ ਚੜ੍ਹਤ ਦਾ ਇਕ ਵੱਡਾ ਪ੍ਰਮਾਣ ਹੋ ਨਿਬੜਦੀ ਹੈ। ਕੁਝ ਵਰ੍ਹੇ ਪਹਿਲਾਂ ਅਮਰੀਕੀ ਸਪੇਸ ਸ਼ਟਲ ਦੇ ਦੁਖਾਂਤਕ ਅੰਤ ਵਿਚ ਮਰਨ ਵਾਲੀ ਇਕ ਭਾਰਤੀ ਔਰਤ, ਕਲਪਨਾ

ਚਾਵਲਾ, ਵੀ ਤਾਂ ਮੂਲ ਰੂਪ ਵਿਚ ਪੰਜਾਬਣ ਕੁੜੀ ਹੀ ਸੀ, ਜੋ ਚੰਡੀਗੜ੍ਹ ਦੇ ਪੰਜਾਬ ਇੰਜੀਨੀਅਰਿੰਗ ਕਾਲਿਜ ਤੋਂ ਪੜ੍ਹਕੇ ਅਮਰੀਕਾ ਗਈ ਸੀ।

ਬਸਤੀਵਾਦੀ ਗੁਲਾਮੀ ਤੋਂ ਸੁਤੰਤਰਤਾ ਪ੍ਰਾਪਤੀ ਦੇ ਨਾਲ ਇਕ ਵੱਖਰੇ ਦੇਸ਼ ਵਜੋਂ ਪਾਕਿਸਤਾਨ ਦੀ ਕਾਇਮੀ ਨੇ ਪੰਜਾਬ ਦਾ ਬਟਵਾਰਾ ਕੀਤਾ। ਇਸ ਬਟਵਾਰੇ ਦੇ ਦੁਖਾਂਤਕ ਪਹਿਲੂਆਂ ਵੱਲ ਜਾਣ ਦੀ ਏਥੇ ਕੋਈ ਮਨਸ਼ਾ ਨਹੀਂ। ਪਰ ਇਹ ਤੱਥ ਕਿ ਪੰਜਾਬ ਦੀ ਧਰਤੀ ਹੁਣ ਇਕ ਦੇਸ਼ ਨਾਲ ਨਹੀਂ ਦੋ ਦੇਸ਼ਾਂ ਨਾਲ ਜੁੜੀ ਹੋਈ ਹੈ, ਇਸ ਦੇ ਲੋਕਾਂ ਦੀ ਜ਼ੁਬਾਨ, ਪੰਜਾਬੀ, ਨੂੰ ਇਕ ਅੰਤਰ ਰਾਸ਼ਟਰੀ ਭਾਸ਼ਾ ਦਾ ਦਰਜਾ ਦੁਆਉਂਦਾ ਹੈ। ਭਾਰਤ ਵਿਚਲੇ ਪੰਜਾਬ ਨਾਲੋਂ ਵੀ ਕਿਤੇ ਵੱਧ ਪੰਜਾਬੀ ਪਾਕਿਸਤਾਨ ਵਿਚਲੇ ਪੰਜਾਬ, ਲਹਿੰਦੇ ਪੰਜਾਬ, ਵਿਚ ਵਸਦੇ ਹਨ। ਪਰਵਾਸ ਧਾਰਨ ਕਰਨ ਦੇ ਪੰਜਾਬੀਆਂ ਦੇ ਐਡਵੈਂਚਰ ਦੀ ਗੱਲ ਅਸੀਂ ਹੁਣੇ ਹੁਣੇ ਕੀਤੀ ਹੈ। ਭਾਰਤੀ ਪੰਜਾਬ ਵਿਚੋਂ ਪੰਜਾਬੀਆਂ ਦੇ ਪਰਵਾਸ ਧਾਰਨ ਕਰਨ ਦਾ ਅਮਲ ਕਾਫੀ ਪੁਰਾਣਾ ਹੈ ਤੇ ਹੁਣ ਤਕ ਬਹੁਤ ਜ਼ੋਰ ਸ਼ੋਰ ਨਾਲ ਜਾਰੀ ਹੈ, ਪਰ ਵੰਡ ਤੋਂ ਪਿਛੋਂ ਪਾਕਿਸਤਾਨ ਵਿਚਲੇ ਪੰਜਾਬ ਵਿਚੋਂ ਵੀ ਪੰਜਾਬੀਆਂ ਨੇ ਚੋਖਾ ਪਰਵਾਸ ਕੀਤਾ ਹੈ, ਖਾਸ ਕਰ ਖਾੜੀ ਦੇ ਦੇਸ਼ਾਂ ਵਿਚ। ਸਾਬਕਾ ਕਾਮਨਵੈਲਥ ਦੇ ਦੇਸ਼ਾਂ ਵਿਚ ਪਾਕਿਸਤਾਨੀ ਪੰਜਾਬੀਆਂ ਦੀ ਵਧੇਰੇ ਨਜ਼ਰ ਆਉਂਦੀ ਭੌਤਿਕ ਪਛਾਣ ਨੇ ਹੀ ਬਰਤਾਨੀਆ ਵਰਗੇ ਦੇਸ਼ ਵਿਚ ਨਸਲਪ੍ਰਸਤ ਗੋਰਿਆਂ ਵੱਲੋਂ 'ਪਾਕੀ' ਵਰਗੀ ਗਾਲ੍ਹ ਦੀ ਵੀ ਈਜਾਦ ਕਰਵਾਈ ਹੈ। ਬਰਤਾਨੀਆ ਸਮੇਤ ਕੈਨੇਡਾ, ਅਮਰੀਕਾ ਵਰਗੇ ਵਿਕਸਿਤ ਦੇਸ਼ਾਂ ਵਿਚ ਤਾਂ ਪੰਜਾਬੀ ਇਕ ਗੌਲਣ ਯੋਗ ਘੱਟ ਗਿਣਤੀ ਵਜੋਂ ਮੌਜੂਦ ਹਨ ਹੀ, ਸੰਸਾਰ ਦੇ ਵੱਖ ਵੱਖ ਦੇਸ਼ਾਂ ਵਿਚ, ਭਾਵੇਂ ਮੁਕਾਬਲਤਨ ਥੋੜ੍ਹੀ ਗਿਣਤੀ ਵਿਚ ਹੀ, ਪਰਵਾਸੀ ਪੰਜਾਬੀ ਨਜ਼ਰ ਆਉਂਦੇ ਹਨ। ਅਫਰੀਕਾ ਦੇ ਦੇਸ਼ਾਂ ਕੀਨੀਆ, ਯੁਗਾਂਡਾ, ਜ਼ਾਂਬੀਆ, ਦੂਰ ਪੂਰਬ ਦੇ ਦੇਸ਼ਾਂ, ਥਾਈਲੈਂਡ, ਮਲੇਸ਼ੀਆ, ਸਿੰਘਾਪੁਰ, ਫਿਲਪਾਈਨ ਤੋਂ ਅਗਾਂਹ ਆਸਟਰੇਲੀਆ, ਨਿਊਜ਼ੀਲੈਂਡ ਅਤੇ ਯੂਰਪ ਦੇ ਦੇਸ਼ਾਂ, ਜਰਮਨੀ, ਇਟਲੀ, ਹਾਲੈਂਡ, ਡੈਨਮਾਰਕ, ਸਵੀਡਨ ਆਦਿ ਵਿਚ ਜਿਵੇਂ ਪੰਜਾਬੀਆਂ ਨੇ ਕਾਨੂੰਨੀ ਜਾਂ ਗੈਰ ਕਾਨੂੰਨੀ ਢੰਗ ਨਾਲ ਪਰਵਾਸ ਕੀਤਾ ਹੈ ਤੇ ਕਰ ਰਹੇ ਹਨ, ਉਸ ਦੀ ਕਹਾਣੀ ਵੀ ਬੜੀ ਬਚਿੱਤਰ ਹੈ। ਖਾੜੀ ਦੇ ਮੁਲਕਾਂ ਵਿਚ ਕਿਰਤ ਕਮਾਈ ਲਈ ਜਾਣ ਵਾਲੇ ਅਨੇਕਾਂ ਮਜ਼ਦੂਰਾਂ ਦੇ ਸਥਾਈ ਜਾਂ ਗੈਰ ਸਥਾਈ ਪਰਵਾਸ ਸਮੇਤ, ਸੰਸਾਰ ਭਰ ਵਿਚ ਪੰਜਾਬੀਆਂ ਦੇ ਪਰਵਾਸ ਦੇ ਵੱਖ ਵੱਖ ਪਹਿਲੂਆਂ ਬਾਰੇ ਚਰਚਾ ਕਰਨਾ ਵੀ ਏਸ ਲਿਖਤ ਦਾ ਮੁੱਖ ਮੁੱਦਾ ਨਹੀਂ। ਇਸ ਲਈ ਉਸ ਪੱਖ ਨੂੰ ਵੀ ਨਾ ਛੋਹਂਦੇ ਹੋਏ ਏਥੇ, ਪ੍ਰਸੰਗਕ ਰੂਪ ਵਿਚ, ਕੇਵਲ ਏਨਾ ਹੀ ਦੱਸਣਾ ਬਣਦਾ ਹੈ ਕਿ ਸੰਸਾਰ ਦੇ 124 ਦੇਸ਼ਾਂ ਵਿਚ ਪੰਜਾਬੀ ਲੋਕ ਪਰਵਾਸੀਆਂ ਦੇ ਰੂਪ ਵਿਚ ਵਸ ਰਹੇ ਹਨ। ਸੰਸਾਰ ਭਰ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 10 ਕਰੋੜ ਤਕ ਜਾ ਪੁੱਜਦੀ ਹੈ ਅਤੇ ਇਸ ਭਾਸ਼ਾ ਦਾ ਸੰਸਾਰ ਦੀਆਂ ਕੁੱਲ ਭਾਸ਼ਾਵਾਂ ਵਿਚ ਦਸਵਾਂ ਦਰਜਾ ਹੈ। ਇਕ ਅਨੁਮਾਨ ਅਨੁਸਾਰ ਇੰਗਲੈਂਡ ਦੀਆਂ ਘੱਟ ਗਿਣਤੀਆਂ ਵਿਚ ਪੰਜਾਬੀ ਦੂਜੇ ਨੰਬਰ 'ਤੇ ਹਨ ਅਤੇ ਇੰਝ ਉੱਥੇ ਅੰਗਰੇਜ਼ੀ ਤੋਂ ਪਿੱਛੋਂ ਦੂਜੇ ਨੰਬਰ 'ਤੇ ਪੰਜਾਬੀ ਬੋਲੀ ਜਾਂਦੀ ਹੈ। ਕੈਨੇਡਾ ਦੇ ਬਹੁ-ਸਭਿਆਚਾਰਕ ਸਮਾਜ ਵਿਚ ਅੰਗਰੇਜ਼ੀ, ਫਰੈਂਚ ਅਤੇ ਚੀਨੀ ਆਦਿ ਦੇ ਨਾਲ ਪੰਜਾਬੀ ਉਸ ਦੇਸ਼ ਦੀ ਪੰਜਵੀਂ ਜ਼ੁਬਾਨ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਤਾਂ ਇਹ ਅੰਗਰੇਜ਼ੀ ਅਤੇ ਚੀਨੀ ਤੋਂ ਪਿੱਛੋਂ ਤੀਜੀ ਮੁੱਖ ਭਾਸ਼ਾ ਹੈ। ਇਹਨਾਂ ਦੇਸ਼ਾਂ ਦੀਆਂ ਪਾਰਲੀਮੈਂਟਾਂ ਵਿਚ ਪੰਜਾਬੀ ਭਾਈਚਾਰੇ ਨਾਲ ਸੰਬੰਧਤ ਵਿਚਾਰ-ਚਰਚਾ ਵਿਚ ਅਕਸਰ ਪੰਜਾਬੀ ਭਾਸ਼ਾ ਵੀ ਚਰਚਾ ਦਾ ਵਿਸ਼ਾ ਬਣਦੀ ਹੈ। ਬਰਤਾਨੀਆ ਦੀ ਪਾਰਲੀਮੈਂਟ ਵਿਚ ਮਾਰਚ 2000 ਵਿਚ ਇਕ ਗੋਰੇ ਮੈਂਬਰ, ਜੌਹਨ ਮੈਕਡੌਨਲ, ਵੱਲੋਂ ਪੰਜਾਬੀ ਕਮਿਊਨਿਟੀ ਬਾਰੇ ਛੇੜੀ ਲੰਬੀ ਚਰਚਾ ਤੋਂ ਇਹ ਪਤਾ ਲਗਦਾ ਹੈ ਕਿ ਸੰਸਾਰ ਦੀਆਂ ਵੱਡੀਆਂ ਸ਼ਕਤੀਆਂ ਲਈ ਪੰਜਾਬੀ ਭਾਸ਼ਾ ਸਮੇਤ ਪੰਜਾਬੀ ਭਾਈਚਾਰਾ ਤੇ ਸਭਿਆਚਾਰ ਕਿੰਨਾ ਮਹੱਤਵ ਰਖਦਾ ਹੈ। ਕੈਨੇਡਾ ਦੇ ਇਕ ਸਾਬਕਾ ਪ੍ਰਧਾਨ ਮੰਤਰੀ, ਸ਼ੈਗੋਇਨ, ਨੇ ਤਾਂ ਪੰਜਾਬੀ ਮੂਲ ਦੇ ਸਿੱਖਾਂ ਦੇ ਹਵਾਲੇ ਨਾਲ ਇਹ ਵੀ ਕਿਹਾ ਸੀ ਕਿ ਕੈਨੇਡਾ ਦੀ ਸਮੁੱਚੀ ਵਸੋਂ ਦੀ ਗਿਣਤੀ ਵਿਚ ਅਨੁਪਾਤ ਅਨੁਸਾਰ

ਅਵਾਮ ਨੇ ਵੀ ਧਰਮ ਦੀਆਂ ਹੱਦਾਂ ਤੋਂ ਉਪਰ ਉਠਕੇ ਇਹ ਠੋਕ ਵਜਾਕੇ ਕਿਹਾ ਹੈ ਕਿ ਉਹਨਾਂ ਦੀ ਜ਼ੁਬਾਨ ਪੰਜਾਬੀ ਹੈ। ਅਤੇ ਉਥੋਂ ਦੇ ਦਾਨਸ਼ਵਰ, ਸੂਝਵਾਨ ਲੇਖਕ ਪੰਜਾਬੀ ਨੂੰ ਆਪਣੇ ਖਿੱਤੇ ਵਿਚ ਉਸਦਾ ਬਣਦਾ ਮਾਣ ਵਾਲਾ ਸਥਾਨ ਦੁਆਉਣ ਲਈ ਯਤਨਸ਼ੀਲ ਹਨ। ਭਾਰਤੀ ਪੰਜਾਬ ਵਿਚ ਤਾਂ ਅਵੱਸ਼ 1947 ਵਿਚ ਦੇਸ਼ ਦੇ ਸੁਤੰਤਰ ਹੋਣ ਤੋਂ ਪਿੱਛੋਂ ਪੰਜਾਬੀ ਦੇ ਵਿਕਾਸ, ਪਰਚਾਰ ਪ੍ਰਸਾਰ ਲਈ ਚੰਗੇ ਮੌਕੇ ਮਿਲੇ, ਜਿੰਨ੍ਹਾਂ ਸਦਕਾ ਏਥੇ ਸਰਕਾਰੀ ਜ਼ੁਬਾਨ ਵਜੋਂ ਤਾਂ ਪੰਜਾਬੀ ਨੂੰ ਮਾਨਤਾ ਮਿਲੀ ਹੀ ਹੈ, ਨਾਲ ਦੀ ਨਾਲ ਉੱਚ ਪੱਧਰ ਦੇ ਆਕਾਦਮਿਕ ਕਾਰਜ ਲਈ ਵੀ ਪੰਜਾਬੀ ਦੀ ਵਰਤੋਂ ਹੋਣ ਲੱਗੀ ਹੈ।

ਇਸ ਸਥਿਤੀ ਦਾ ਵੀ ਦੁਖਾਂਤਕ ਪੱਖ ਇਹ ਹੈ ਕਿ ਆਮ ਰੂਪ ਵਿਚ ਪੰਜਾਬੀਆਂ ਵਿਚ ਆਪਣੀ ਜ਼ੁਬਾਨ ਉੱਤੇ ਗੌਰਵ ਕਰਨ ਦਾ ਉਹ ਅਹਿਸਾਸ ਮੌਜੂਦ ਨਹੀਂ, ਜੋ ਹੋਣਾ ਚਾਹੀਦਾ ਹੈ। ਹਰ ਹੀਲੇ ਪਦਾਰਥਕ ਵਿਕਾਸ ਤੇ ਸਫਲਤਾ ਦੀਆਂ ਪਉੜੀਆਂ ਚੜ੍ਹਨ ਦੀ ਹੋੜ ਵਿਚ ਅਕਸਰ ਪੰਜਾਬੀ ਲੋਕ ਆਪਣੀ ਜ਼ੁਬਾਨ ਦੀ ਕੁਰਬਾਨੀ ਦੇਣ ਲਈ ਕਿਵੇਂ ਤਤਪਰ ਰਹਿੰਦੇ ਹਨ, ਇਹ ਏਨੀ ਉਘੜਵੀਂ ਸਚਾਈ ਹੈ ਕਿ ਇਸ ਲਈ ਕਿਸੇ ਵੀ ਪ੍ਰਮਾਣ ਦੀ ਲੋੜ ਨਹੀਂ। ਸ਼ਹਿਰਾਂ ਵਿਚ ਹੀ ਨਹੀਂ, ਪਿੰਡਾਂ ਦੇ ਵੀ ਮੱਧ ਵਰਗੀ, ਅਮੀਰ ਤੇ ਸਮਰੱਥ ਪੰਜਾਬੀ ਲੋਕਾਂ ਵਿਚ ਆਪਣੀ ਹੀ ਜ਼ੁਬਾਨ ਲਈ ਤ੍ਰਿਸਕਾਰ-ਭਾਵ ਮੌਜੂਦ ਹੈ। ਉਹ ਨਾ ਹੀ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਵਿਚ ਦਿਲਚਸਪੀ ਰੱਖਦੇ ਹਨ ਅਤੇ ਨਾ ਹੀ ਪੰਜਾਬੀ ਵਿਚ ਗੱਲ-ਬਾਤ ਕਰਦੇ ਹਨ। ਅੰਗਰੇਜ਼ੀ ਮਾਧਿਅਮ ਵਾਲੇ ਤਥਾ-ਕਥਿਤ ਪਬਲਿਕ ਸਕੂਲਾਂ ਦਾ ਸ਼ਹਿਰਾਂ ਤਾਂ ਕੀ, ਦੂਰ-ਦੁਰਾਡੇ ਪਿੰਡਾਂ ਥਾਵਾਂ ਵਿਚ ਵੀ ਖੁੱਲ੍ਹਣਾ, ਇਸਦੀ ਪ੍ਰਤੱਖ ਉਦਾਹਰਨ ਹੈ। ਥੋੜ੍ਹੀ ਜਿੰਨੀ ਵੀ ਸਮਰੱਥਾ ਵਾਲੇ ਵਿਅਕਤੀ ਆਪਣੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਤੋਂ ਦੂਰ ਰੱਖਕੇ ਇਹਨਾਂ ਸਕੂਲਾਂ ਵਿਚ 'ਚੰਗੀ ਪੜ੍ਹਾਈ' ਕਰਾਉਣ ਦੇ ਇੱਛੁਕ ਹਨ। ਕਾਨੂੰਨੀ ਰੂਪ ਵਿਚ ਸਰਕਾਰੀ ਜ਼ੁਬਾਨ ਬਣਨ ਦੇ ਬਾਵਜੂਦ ਬਿਊਰੋਕਰੇਸੀ, ਅਤੇ ਏਥੋਂ ਤਕ ਕਿ ਮੰਤਰੀਆਂ ਵੱਲੋਂ ਵੀ, ਪੰਜਾਬੀ ਜ਼ੁਬਾਨ ਦੀ ਪੂਰੀ ਤਰ੍ਹਾਂ ਵਰਤੋਂ ਨਹੀਂ ਕੀਤੀ ਜਾਂਦੀ। ਸਰਕਾਰ ਭਾਵੇਂ ਕਾਂਗਰਸ ਪਾਰਟੀ ਦੀ ਹੋਵੇ ਜਾਂ ਅਕਾਲੀਆਂ ਅਤੇ ਉਹਨਾਂ ਦੇ ਸੰਗੀਆਂ ਦੀ, ਹਕੀਕਤ ਵਿਚ ਪੰਜਾਬੀ ਭਾਸ਼ਾ ਤੋਂ ਦੂਰੀ ਬਦਸਤੂਰ ਕਾਇਮ ਰਹਿੰਦੀ ਹੈ। ਇਸ ਸੰਬੰਧ ਵਿਚ ਧਰਨਿਆਂ, ਮੁਜ਼ਾਹਰਿਆਂ, ਮੰਗ ਪੱਤਰਾਂ ਦੇ ਰੂਪ ਵਿਚ ਚੇਤਨ ਲੇਖਕਾਂ ਦਾਨਸ਼ਵਰਾਂ ਦੇ ਵਰ੍ਹਿਆਂ ਤੋਂ ਕੀਤੇ ਜਾ ਰਹੇ ਯਤਨਾਂ ਦੇ ਬਾਵਜੂਦ ਕੋਈ ਅਸਰ ਨਹੀਂ ਹੋ ਰਿਹਾ।

ਇਹੀ ਮਾਨਸਿਕਤਾ ਹੀ ਵਾਗ੍ਹਿਉਂ ਪਾਰ ਦੇ ਪੰਜਾਬ ਵਿਚ ਕਾਰਜਸ਼ੀਲ ਹੈ ਅਤੇ ਇਹੀ ਵਿਹਾਰ ਸੰਸਾਰ ਦੇ ਵਿਭਿੰਨ ਕੋਨਿਆਂ ਵਿਚ ਵਸਦੇ ਪੰਜਾਬੀਆਂ ਦਾ ਹੈ। ਇਹ ਸਭ ਆਪਣੇ 'ਪੰਜਾਬੀ ਹੋਣ' ਦਾ ਮਾਣ ਨਾਲ ਤੇ ਬਹੁਤ ਉੱਚੀ ਸੁਰ ਵਿਚ ਢੰਡੋਰਾ ਪਿੱਟਣ ਤੋਂ ਤਾਂ ਪਿੱਛੇ ਨਹੀਂ ਹਟਦੇ, ਪਰ ਦਰਜਾ ਉਹ ਪੰਜਾਬੀ ਨੂੰ ਬੋਲ-ਚਾਲ ਦੀ ਪੱਧਰ ਤਕ ਹੀ ਦੇਣ ਲਈ ਤਿਆਰ ਹਨ। 'ਬੋਲੀ' ਅਤੇ 'ਭਾਸ਼ਾ' ਦੇ ਵਖਰੇਵੇਂ ਦੀ ਗੱਲ ਭਾਵੇਂ ਕਿੰਨੀ ਵੀ ਸਹੀ ਕਿਉਂ ਨਾ ਹੋਵੇ, ਪਰ ਪੰਜਾਬੀਆਂ ਦੇ ਸੰਬੰਧ ਵਿਚ ਇਹ ਵਖਰੇਵਾਂ ਕੁਝ ਵਧੇਰੇ ਹੀ ਉਘੜਵਾਂ ਹੈ, ਜਿਸ ਅਨੁਸਾਰ ਉਹ ਪੰਜਾਬੀ ਜ਼ੁਬਾਨ ਨੂੰ ਮੌਖਿਕ ਸਭਿਆਚਾਰ ਅਥਵਾ ਬੋਲ-ਚਾਲ ਤਕ ਹੀ ਸੀਮਤ ਰੱਖਦੇ ਹਨ। ਉਹਨਾਂ ਨੂੰ ਅਹਿਸਾਸ ਹੀ ਨਹੀਂ ਹੁੰਦਾ ਕਿ ਅੱਜ ਦੇ ਸੰਸਾਰ ਵਿਚ ਕਿਸੇ ਵੀ ਜ਼ੁਬਾਨ ਦਾ ਮਹੱਤਵ ਉਸਦੇ ਬੋਲੇ ਜਾਣ ਵਿਚ ਹੀ ਨਹੀਂ, ਗਿਆਨ, ਵਿਗਿਆਨ, ਸੱਤਾ ਤੇ ਵਿਵਸਥਾ ਦੇ ਵਿਭਿੰਨ ਖੇਤਰਾਂ ਵਿਚ ਇਸਦੀ ਕੁਸ਼ਲ ਵਰਤੋਂ ਤੇ ਵਿਕਾਸ ਨਾਲ ਜੁੜਿਆ ਹੋਇਆ ਹੈ। ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸ਼ਬਦਾਵਲੀ ਦੇ ਵਿਸਤਾਰ ਤੇ ਕੰਪਿਊਟਰ ਦੀ ਤਕਨੀਕ ਨਾਲ ਮੇਲ ਦੇ ਮਹੱਤਵ ਤੋਂ ਪੰਜਾਬੀ ਲੋਕ ਅਣਜਾਣ ਹੀ ਨਹੀਂ, ਸਗੋਂ ਬਹੁਤ ਹਾਲਤਾਂ ਵਿਚ ਬੋਲੀ ਦੀ ਸ਼ੁੱਧਤਾ ਤੇ ਸਰਲਤਾ ਦੇ ਨਾਂ ਉੱਤੇ ਉਹ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੀਤੇ ਜਾਣ ਵਾਲੇ ਕਾਰਜਾਂ ਦਾ ਵਿਰੋਧ ਕਰਦੇ ਤੇ ਮਖੌਲ ਵੀ ਉਡਾਉਂਦੇ ਹਨ। ਪਿਛਲੇ ਪੰਜਾਹ ਵਰ੍ਹਿਆਂ ਵਿਚ ਸਿਆਸਤਦਾਨਾਂ ਤੇ ਹੋਰ 'ਲੋਕ' ਆਗੂਆਂ ਨੇ ਤਾਂ ਇਸ ਸੰਬੰਧ ਵਿਚ ਚੇਤਨਾ ਦੀ ਅਣਹੋਂਦ ਦਾ ਲਗਾਤਾਰ ਮੁਜ਼ਾਹਰਾ ਕੀਤਾ

ਹੀ ਹੈ, ਕਈ ਹਾਲਤਾਂ ਵਿਚ ਪੰਜਾਬੀ ਤੋਂ ਦੂਰ ਦੇ ਹੋਰ ਵਿਸ਼ਿਆਂ ਨਾਲ ਸੰਬੰਧਤ ਮਾਹਰਾਂ ਤੇ ਵਿਦਵਾਨਾਂ ਨੇ ਵੀ ਅਜਿਹੀ ਪਹੁੰਚ ਵਿਖਾਈ ਹੈ, ਜੋ ਪੰਜਾਬੀ ਦੇ ਵਿਕਾਸ ਦੇ ਰਾਹ ਵਿਚ ਰੋੜਾ ਹੀ ਬਣਦੀ ਹੈ। ਬਦੇਸ਼ਾਂ ਵਿਚ ਇਸ ਪਹੁੰਚ ਦਾ ਇਕ ਹੋਰ ਮਾੜਾ ਪੱਖ ਇਹ ਹੈ ਕਿ ਉਹ ਭਾਸ਼ਾ ਦੇ ਵਿਕਾਸਸ਼ੀਲ ਪ੍ਰਵਾਹ ਦੀ ਪ੍ਰਕਿਰਿਆ ਨਾਲੋਂ ਟੁੱਟੇ ਹੋਣ ਕਾਰਨ ਆਪਣੀ ਸੀਮਤ ਜਿਹੀ ਸ਼ਬਦਾਵਲੀ ਨੂੰ ਹੀ ਜ਼ੁਬਾਨ ਦਾ ਆਧਾਰ ਬਣਾਕੇ, ਬਹੁਤ ਹਾਲਤਾਂ ਵਿਚ, ਗੰਵਾਰੂ ਭਾਸ਼ਾ ਨੂੰ ਹੀ ਮਾਨਤਾ ਦੇਣ ਦੀ ਬਿਰਤੀ ਦਾ ਸ਼ਿਕਾਰ ਹੋ ਜਾਂਦੇ ਹਨ। ਬਦੇਸ਼ਾਂ ਵਿਚ ਦਰਜਨਾਂ ਦੀ ਗਿਣਤੀ ਵਿਚ ਪੰਜਾਬੀ ਵਿਚ ਅਖਬਾਰਾਂ ਦਾ ਛਪਣਾ, ਉਥੋਂ ਦੇ ਟੀ. ਵੀ. ਤੇ ਰੇਡੀਉ ਸਟੇਸ਼ਨਾਂ ਉੱਤੋਂ ਪੰਜਾਬੀ-ਭਾਸ਼ੀ ਪ੍ਰੋਗਰਾਮਾਂ ਦਾ ਪ੍ਰਸਾਰਤ ਹੋਣਾ ਜਿੱਥੇ ਇਕ ਚੰਗੀ ਗੱਲ ਹੈ, ਉੱਥੇ ਉਹਨਾਂ ਵਿਚ ਵਰਤੀ ਜਾਂਦੀ ਭਾਸ਼ਾ ਦੇ ਪੱਧਰ ਦਾ ਮਿਆਰੀ ਨਾ ਹੋਣਾ ਅਤੇ ਸ਼ੀਲਤਾ ਦੇ ਵਿਹਾਰ ਦੀ ਉਲੰਘਣਾ ਕਰਨਾ ਵੀ ਉਨੀ ਹੀ ਮਾੜੀ ਗੱਲ ਹੈ। ਇਸੇ ਤਰ੍ਹਾਂ ਗੁਰਦੁਆਰਿਆਂ ਵਰਗੀਆਂ ਧਾਰਮਿਕ ਥਾਵਾਂ ਵਿਚ ਪੰਜਾਬੀ ਦਾ ਅੱਖਰ-ਬੋਧ ਕਰਾਉਣਾ ਜਿੱਥੇ ਚੰਗੀ ਗੱਲ ਹੈ, ਉਥੇ ਪੰਜਾਬੀ ਬਾਰੇ ਇਕ ਧਰਮ ਨਾਲ ਜੁੜੀ ਹੋਈ ਭਾਸ਼ਾ ਦਾ ਪ੍ਰਭਾਵ ਦੇਣਾ ਵੀ ਉਨਾ ਹੀ ਮਾੜਾ ਹੈ।

ਇਸ ਤਰ੍ਹਾਂ ਪੰਜਾਬੀ ਦੀ ਸਥਿਤੀ ਇਕ ਤਰ੍ਹਾਂ ਦਵੰਦਮਈ ਹੈ, ਜਿਸ ਵਿਚ ਬਹੁਤ ਕੁਝ ਸਾਰਥਕ ਹੋਣ ਦੇ ਨਾਲ ਨਾਲ ਕਾਫੀ ਕੁਝ ਅਜਿਹਾ ਹੈ ਜੋ ਇਸ ਨੂੰ ਵਿਸ਼ਵ ਪਰਿਪੇਖ ਵਿਚ ਢੁਕਵੀਂ ਭੂਮਿਕਾ ਅਦਾ ਕਰਨ ਤੋਂ ਰੋਕਦਾ ਹੈ। ਇੰਟਰਨੈੱਟ ਦੇ ਵਿਆਪਕ ਪ੍ਰਚਲਨ ਦੇ ਇਸ ਦੌਰ ਵਿਚ ਭਾਵੇਂ ਭਵਿੱਖ ਵਿਚ ਤਾਂ ਲਿੱਪੀ ਦਾ ਮਾਮਲਾ ਹੋਰ ਬਹੁਤ ਸਾਰੀਆਂ ਜ਼ੁਬਾਨਾਂ ਦੇ ਵੀ ਸਾਹਮਣੇ ਆਉਣ ਵਾਲਾ ਹੈ, ਪਰ ਪੰਜਾਬੀ ਦੀ ਇਕ ਸਰਬ ਪ੍ਰਵਾਣਤ ਲਿੱਪੀ ਦਾ ਮਾਮਲਾ ਤਾਂ ਕਾਫੀ ਉਲਝਵਾਂ ਹੈ। ਬਹੁਤੇ ਸਿਆਣਿਆਂ ਦੀ ਸਮਝ ਅਨੁਸਾਰ, ਜਿੰਨ੍ਹਾਂ ਵਿਚ ਪੱਛਮੀ ਪੰਜਾਬ ਦੇ ਸੈਕੂਲਰ ਤੇ ਵਿਗਿਆਨਕ ਸੋਚ ਵਾਲੇ ਦਾਨਸ਼ਵਰ ਲੇਖਕ ਵੀ ਸ਼ਾਮਲ ਹਨ, ਗੁਰਮੁਖੀ ਪੰਜਾਬੀ ਭਾਸ਼ਾ ਲਈ ਸਭ ਤੋਂ ਢੁਕਵੀਂ ਲਿੱਪੀ ਹੈ। ਭਾਰਤੀ ਪੰਜਾਬ ਵਿਚ ਇਸੇ ਲਿੱਪੀ ਨੂੰ ਪ੍ਰਵਾਨਗੀ ਹਾਸਲ ਹੈ ਜਦਕਿ ਪਾਕਿਸਤਾਨ ਵਿਚ ਇਸ ਤਰ੍ਹਾਂ ਦੀ ਪ੍ਰਵਾਨਗੀ ਦੀ ਨੇੜ ਭਵਿੱਖ ਵਿਚ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਦੋ ਲਿੱਪੀਆਂ ਦੀ ਵਰਤੋਂ ਨੂੰ, ਦੋ ਦੇਸ਼ਾਂ ਦੀ ਹਕੀਕਤ ਦੇ ਸਾਹਵੇਂ, ਜੇ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਪੰਜਾਬੀਆਂ ਲਈ ਦੋਵਾਂ ਲਿੱਪੀਆਂ ਦੀ ਜਾਣਕਾਰੀ ਅਤੇ ਉਸ ਅਨੁਸਾਰ ਕੰਪਿਊਟਰ ਵਿਚ ਫੌਂਟ ਦੀ ਵਰਤੋਂ ਤੇ ਇਹਨਾਂ ਦੀ ਪਰਸਪਰ ਤਬਦੀਲੀ ਵਰਗੀਆਂ ਤਕਨੀਕੀ ਸਮੱਸਿਆਵਾਂ ਦੇ ਹੱਲ ਦਾ ਮਾਮਲਾ ਸਾਹਵੇਂ ਖੜ੍ਹਾ ਹੈ। ਲਿੱਪੀ ਤੋਂ ਅਗਾਂਹ ਅੱਜ ਦੇ ਹਾਲਾਤ ਵਿਚ ਪੰਜਾਬੀ ਜ਼ੁਬਾਨ ਦਾ ਸਾਫਟਵੇਅਰ ਉਸ ਉੱਚ ਪੱਧਰ ਤਕ ਵਿਕਸਤ ਕਰਨ ਦਾ ਵੀ ਮਸਲਾ ਮੌਜੂਦ ਹੈ, ਜਿਸ ਪੱਧਰ ਉੱਤੇ ਅੰਗ੍ਰੇਜ਼ੀ ਵਾਂਗ ਪੰਜਾਬੀ ਭਾਸ਼ਾ ਦੀ ਵੀ ਇੰਟਰਨੈੱਟ ਉੱਤੇ ਕੁਸ਼ਲ ਵਰਤੋਂ ਹੋ ਸਕੇ। ਅੱਜ ਦੇ ਵਿਸ਼ਵ ਸੰਦ੍ਰਿਸ਼ ਵਿਚ ਜਿਹੜੀ ਭਾਸ਼ਾ ਇੰਟਰਨੈੱਟ ਦੀਆਂ ਲੋੜਾਂ ਦੇ ਹਾਣ ਦੀ ਨਹੀਂ ਬਣਦੀ, ਉਹ ਅਵੱਸ਼ ਆਪਣਾ ਮਹੱਤਵ ਕਾਇਮ ਨਹੀਂ ਰੱਖ ਸਕੇਗੀ।

ਪੰਜਾਬੀ ਲੋਕਾਂ ਦੀ ਸਮੁੱਚੇ ਵਿਸ਼ਵ ਵਿਚ ਇਕ ਨਵੇਕਲੀ ਪਛਾਣ ਹੈ। ਇਸ ਪਛਾਣ ਦੇ ਸਾਰਥਕ ਪੱਖਾਂ ਨੂੰ ਅਗਾਂਹ ਵਧਾਉਣ ਦੀ ਲੋੜ ਹੈ। ਇਸ ਪਛਾਣ ਦਾ ਇਕ ਅਹਿਮ ਪਹਿਲੂ ਹੈ ਪੰਜਾਬੀ ਜ਼ੁਬਾਨ, ਜਿਸ ਨੂੰ ਇਸਦੇ ਸੈਕੂਲਰ ਚਰਿੱਤਰ ਵਿਚ ਉਭਾਰਨਾ ਅਤੇ ਸਮੇਂ ਦੀ ਲੋੜ ਅਨੁਸਾਰ ਇਸਨੂੰ ਵਿਕਸਤ ਕਰਨਾ ਜ਼ਰੂਰੀ ਹੈ। ਵਿਸ਼ਵੀਕਰਨ ਦੇ ਦੌਰ ਵਿਚ ਅਤੇ ਸੂਚਨਾ ਤਕਨਾਲਜੀ ਦੇ ਵਿਕਾਸ ਦੇ ਇਸ ਪੜਾਅ ਉੱਤੇ ਪੰਜਾਬੀ ਜ਼ੁਬਾਨ ਕਿਸੇ ਪੱਖੋਂ ਵੀ ਪਿੱਛੇ ਨਹੀਂ ਰਹਿਣੀ ਚਾਹੀਦੀ। ਪੰਜਾਬੀ ਭਾਸ਼ਾ ਦੇ ਵਿਕਾਸ ਦੀ ਇਹ ਪ੍ਰਕਿਰਿਆ ਹੀ ਸਮੁੱਚੇ ਵਿਸ਼ਵ ਵਿਚ ਇਸਦੇ ਮਹੱਤਵ ਤੇ ਪਛਾਣ ਨੂੰ ਅੱਗੇ ਵਧਾ ਸਕੇਗੀ। ❑❑

[1728, ਸੈਕਟਰ 43-ਬੀ, ਚੰਡੀਗੜ੍ਹ-160 022]

ਪੰਜ ਨਜ਼ਮਾਂ/ਪ੍ਰਮਿੰਦਰਜੀਤ

ਜਾਗ ਤੇ ਸੁੰਞ

ਜਾਗ ਖੁੱਲ੍ਹ ਗਈ ਤੜਕੇ
ਸੋਚਿਆ/ਕੀ ਕਰਾਂ
ਤੜਕਸਾਰ ਦੀ ਕੂਲੀ ਛੋਹ ਮਾਣਾਂ/ ਗੁਰਬਾਣੀ ਸੁਣਾਂ
ਪਹਿਲਾਂ ਬੱਚੇ ਲਈ ਨਾਸ਼ਤਾ ਬਣਾਵਾਂ
ਕਿ ਕਵਿਤਾ ਲਿਖਾਂ

ਕਈ ਦਿਨਾਂ ਤੋਂ ਉਪਰਾਮ ਸਾਂ
ਸੁੱਤੇ ਬੱਚੇ ਨੂੰ ਜਗਾਇਆ
ਜਾਗੋਮੀਟੀ 'ਚ ਉਸ ਆਖਿਆ
ਅੱਜ ਮੈਂ ਟਿਊਸ਼ਨ 'ਤੇ ਜਾਣਾਂ ਦੇਰ ਨਾਲ

ਵਾਪਸ ਆਪਣੇ ਕਮਰੇ 'ਚ ਆਇਆ
ਆਪਣੀ ਸੁੰਞ ਨੂੰ ਨਿਹਾਰਿਆ/ ਤੇ ਸੌਂ ਗਿਆ...

ਮੁਹੱਬਤ ਦਾ ਸਿਰਨਾਵਾਂ

ਜਿਵੇਂ ਬਰੇਤਿਆਂ 'ਤੇ ਵਰ੍ਹਦੇ ਮੇਘਲੇ
ਜਿਵੇਂ ਕਿਨਾਰਿਆਂ ਨੂੰ ਛੋਹੇ/ ਲਹਿਰਾਂ ਦੀ ਸਰਗੋਸ਼ੀ
ਪੰਛੀ ਭਰੇ ਕੋਈ ਲੰਮੀ ਉਡਾਨ/ ਤਾਂਘ ਭਰੀ
ਜਿਵੇਂ ਰਾਤ ਦੀ ਨੀਂਦ ਨੂੰ/ ਸੁਬ੍ਹਾ ਦਾ ਖ਼ਾਬ ਆਵੇ
ਜਿਵੇਂ ਆਪਣੇ ਅੰਦਰ ਹੀ ਕੋਈ ਗੁਣਗੁਣਾਵੇ
ਤੇ ਆਪ ਹੀ ਸੁਣੇ
ਜਿਵੇਂ ਆਪਣੀ ਬਾਤ ਦਾ/ ਕੋਈ ਖ਼ੁਦ ਹੀ ਹੁੰਗਾਰਾ ਬਣੇ
ਜਿਵੇਂ ਆਪਣੀਆਂ ਬੇਚੈਨੀਆਂ ਨੂੰ
ਭੋਰਾ ਕੁ ਸਕੂਨ ਮਿਲੇ
ਜਦੋਂ ਆਪਣੀ ਹੀ ਤਰਲਤਾ 'ਚ/ ਭਿੱਜਣ ਨੂੰ ਜੀਅ ਕਰੇ
ਸੁੰਞੇ ਚੇਤਿਆਂ 'ਚ ਜਦੋਂ/ ਡੁੱਲ੍ਹ ਡੁੱਲ੍ਹ ਜਾਣ/ਰੰਗ ਸੁਰਮਈ
ਜਦੋਂ ਆਪਣੇ ਖ਼ਾਬ ਦੀ ਆਪ ਹੀ
ਤਾਬੀਰ ਹੋਈਏ
ਆਪੇ ਆਪਣੀ ਮਿਠਾਸ ਦੀ ਤਾਸੀਰ ਹੋਈਏ
ਤਾਂ ਮੁਹੱਬਤ ਸਿਰਨਾਵਾਂ ਲਿਖੇ

ਜ਼ਿੰਦਗੀ ਦੇ ਸਿਰਨਾਵੇਂ ਜਿਹੀ ਉਹ

ਸੂਰਤ ਓਸ ਨੂੰ ਤੱਕਾਂ
ਮਮਤਾ 'ਚ ਭਰ ਜਾਵਾਂ/ਸਤਰੰਗੀ ਹੰਢਾਵਾਂ
ਹਰ ਰੰਗ ਦੀ ਲਿਸ਼ਕੋਰ ਜੀਵਾਂ

ਅੰਬਰ ਥੋੜ੍ਹਾ ਜਿਹਾ ਨਿਉਂ ਕੇ ਜਿਵੇਂ

ਧਰਤੀ ਦੇ ਕੰਨਾਂ 'ਚ ਕੁਝ ਕਹੇ
ਪੰਛੀ ਦੇ ਪਰਾਂ 'ਚ ਰੁਮਕਦੀ/ ਪਰਵਾਜ਼ ਦਾ ਅਹਿਸਾਸ ਹੋਵੇ
ਰਿਸ਼ਤਿਆਂ ਤੋਂ ਪਾਰ/ ਇਕ ਰਿਸ਼ਤਾ ਉਦੈ ਹੋਵੇ
ਜਿਸਮ ਦੀ ਪਾਰਦਰਸ਼ਤਾ ਜਾਗੇ
ਛਿਣ ਦਾ ਅੰਬਰ/ਜ਼ਿਹਨ 'ਤੇ ਫੈਲ ਜਾਵੇ
ਜਿਵੇਂ ਬੇਚੈਨ ਲਹਿਰਾਂ 'ਚੋਂ ਮਹਿਸੂਸ ਹੋਵੇ/ਸਾਗਰ ਦੀ ਬੇਆਰਾਮੀ
ਜਿਵੇਂ ਪੈੜਾਂ 'ਚੋਂ ਸੁਣੇ/ਰਾਹਾਂ ਅਤੇ ਪੈਰਾਂ ਦੀ ਗੁਫ਼ਤਗੂ
ਉਸ ਦੀ ਨਿੱਜਤਾ ਇਵੇਂ ਮਹਿਸੂਸ ਹੋਵੇ
ਬਰੇਤਿਆਂ ਦੇ ਲੂੰ ਲੂੰ 'ਚ ਵੱਸੇ
ਤੇਹ ਜਿਹੀ, ਉਮੰਗ ਜਿਹੀ, ਤਰੰਗ ਜਿਹੀ
ਨਿੱਕੀ ਜਿਹੀ ਪਹਾੜੀ 'ਤੇ ਬਣੇ/ਘਰ ਨੂੰ ਜਾਂਦੀ ਪਗਡੰਡੀ
ਆਪਣੇ ਘਰ ਨੂੰ ਪਰਤਣ ਦੀ ਤਾਂਘ ਜਿਹੀ

ਮੁਹੱਬਤ 'ਚ ਮੁਹੱਬਤ / ਫ਼ਿਕਰਾਂ 'ਚ ਫ਼ਿਕਰ
ਨੀਂਦਾਂ 'ਚ ਖ਼ਾਬ/ਲਰਜ਼ਦਾ ਵਜੂਦ
ਇਕ ਅਣਛੋਹੀ ਨਿੱਘਤਾ/ ਆਸੇ ਪਾਸੇ ਪੱਸਰੀ
ਆਲੀ ਭੋਲੀ ਨਿਰਛਲ ਨੇੜਤਾ

ਜ਼ਿੰਦਗੀ ਦੇ ਸਿਰਨਾਵੇਂ ਜਿਹੀ ਉਹ
ਅਕਸਰ ਯਾਦ ਆਵੇ

ਪਉੜੀ ਜਾਂ ਪਗਡੰਡੀ

ਰਿਸ਼ਤਿਆਂ ਦੇ ਦੰਭ ਕਰਤਬ ਜਾਣਦਾ/ ਹੰਢਾਉਂਦਾ
ਉਤਰ ਹੀ ਜਾਂਦਾ ਹਾਂ ਅਕਸਰ
ਰਿਸ਼ਤਿਆਂ ਦੀਆਂ ਘੁੰਮਣ ਘੇਰੀਆਂ 'ਚ/ ਖਾਹ ਮਖਾਹ
ਹੋ ਈ ਜਾਂਦੀ ਏ ਵਰਤੋਂ ਮੇਰੀ/ ਲੋੜੀ, ਬੇਲੋੜੀ
ਬਣ ਜਾਵਾਂ/ਆਪ ਹੀ ਪਉੜੀ
ਪਗਡੰਡੀ, ਸਾਧਨ ਵਸੀਲਾ/ ਪੜਾਅ ਦਰ ਪੜਾਅ
ਹੁੰਦੀ ਏ ਮੇਰੀ ਵਰਤੋਂ/ਬੜੀ ਕੁਸ਼ਲਤਾ ਨਾਲ
ਆਪ ਹੀ ਹਾਜ਼ਰ ਰਹਾਂ/ਆਪਣੀ ਵਰਤੋਂ ਨਾਲ
ਰਿਸ਼ਤਿਆਂ ਦੇ ਬੇਲੋੜੇ/ ਓੜਣ ਕੱਜਣ ਉਤਾਰਦਾ
ਆਪ ਹੀ ਆਪਣੇ ਨਿੱਜ 'ਤੇ/ ਪਾ ਲਵਾਂ
ਕਿਸੇ ਰਿਸ਼ਤੇ ਦਾ ਇਕ ਹੋਰ ਕੱਜਣ

ਕੱਜਣ ਦਰ ਕੱਜਣ 'ਚ ਕੱਜੀ/ ਮੇਰੀ ਕਾਇਆ
ਤਿਲਮਿਲਾਉਂਦੀ, ਵਿਲਕਦੀ ਜਦੋਂ
ਤਾਂ ਤ੍ਰਭਕ ਕੇ ਜਾਗਦਾ/ਵਿੰਹਦਾ ਹਾਂ
ਆਪਣੇ ਤਨ 'ਤੇ ਉਕਰੀਆਂ ਪੈੜਾਂ
ਆਪਣੀਆਂ ਸੋਚਾਂ 'ਤੇ ਪਈਆਂ ਝਰੀਟਾਂ

ਸੋਚਦਾ ਹਾਂ/ ਕਈ ਕੁਝ ਨੂੰ ਅਲਵਿਦਾ ਆਖਣ ਲਈ
ਪਰ ਜਾਣਦਾ ਹਾਂ/ ਤਾਸੀਰ ਆਪਣੇ ਪਾਣੀਆਂ ਦੀ
ਆਪਣੀ ਮਿੱਟੀ ਦੀ ਫਿਤਰਤ

ਇਸ ਨੇ ਬਣ ਹੀ ਜਾਣਾ ਏ ਫੇਰ/ ਪਉੜੀ ਜਾਂ ਪਗਡੰਡੀ
ਹਰ ਥਾਂ ਹਰ ਵਾਰ ਵਰਤੋਂ ਲਈ
ਬੇਸ਼ਕ/ ਰਿਸ਼ਤਿਆਂ ਦੇ ਦੰਭ ਕਰਤਬ/ ਜਾਣਦਾ ਹਾਂ

ਛੋਟੇ ਵੱਡੇ ਘਰ

ਘਰ ਹੁੰਦੇ/ਛੋਟੇ ਵੱਡੇ
ਛੋਟਿਆਂ ਘਰਾਂ 'ਚ ਰਹਿਣ ਵਾਲੇ
ਵੱਡੇ ਤਾਂ ਨਹੀਂ ਹੁੰਦੇ ਭਾਵੇਂ/ਛੋਟੇ ਵੀ ਨਹੀਂ ਹੁੰਦੇ
ਉਹ ਆਪਣੇ ਵਰਗੇ ਹੁੰਦੇ
ਉਹਨਾਂ ਕੋਲ ਹੁੰਦੀ/ ਛੋਟੇ ਘਰਾਂ ਦੀ ਨਿੱਘਤਾ-ਨੇੜਤਾ

ਵੱਡੇ ਘਰਾਂ 'ਚ ਰਹਿਣ ਵਾਲੇ
ਪਤਾ ਨਹੀਂ ਕਿੰਨੇ ਕੁ ਵੱਡੇ ਹੁੰਦੇ
ਜਿੱਥੇ ਵੀ ਜਾਂਦੇ/ਇਕ ਸੁੰਞ ਨੂੰ ਨਾਲ ਲੈ ਜਾਂਦੇ
ਆਕਾਰ ਵਿਚ ਹੋਈ/ ਘਰਾਂ ਦੀ ਵਡੱਤਣ
ਉਹਨਾਂ ਦੇ ਮੇਚ ਨਹੀਂ ਆਉਂਦੀ

ਛੋਟੇ ਘਰਾਂ ਵਾਲਿਆਂ ਨਾਲ
ਘਰ ਵੀ ਉਹਨਾਂ ਦੇ ਨਾਲ ਜਾਂਦਾ
ਘਰ ਉਹਨਾਂ ਦਾ ਕੱਜਣ ਵੀ ਹੁੰਦਾ/ ਲਿਬਾਸ ਵੀ
ਘਰਾਂ ਦੀ ਨਿੱਘਤਾ ਨੇੜਤਾ ਹੀ
ਘਰਾਂ ਨੂੰ ਘਰ ਬਣਾਉਂਦੀ ☐☐

[ਸੰਪਾਦਕ 'ਅੱਖਰ', ਸੁਖਨ ਗ੍ਰਾਫ਼ਿਕਸ, ਚੌਕ ਹੁਸੈਨਪੁਰਾ, ਅੰਮ੍ਰਿਤਸਰ]

ਤਿੰਨ ਕਵਿਤਾਵਾਂ/ਸੁਰਿੰਦਰ ਗਿੱਲ

ਵੀਜ਼ਾ

ਆਪੋ ਆਪਣੇ ਘਰਾਂ 'ਚ ਸਿਮਟੇ/ ਏਸ ਨਗਰ ਦੇ ਲੋਕ
ਅੰਦਰ ਵੜ ਕੇ ਗਿਰੀ ਚਬਾਉਂਦੇ/ ਬਾਹਰ ਥੁੱਕਦੇ ਫੋਕ

ਉਂਝ ਤਾਂ ਏਸ ਨਗਰ ਆਬਾਦੀ ਬੜੀ ਘਣੀ ਹੈ
ਹਰ ਗਰਦਨ ਹੀ ਕਿਰਲੇ ਵਾਂਗੂੰ ਤਣੀ ਤਣੀ ਹੈ
ਰੋਟੀ ਬੇਟੀ ਸਾਂਝਾਂ ਟੁੱਟੀਆਂ, ਹਰ ਸਰਦਲ ਸਰਹੱਦ ਬਣੀ ਹੈ

ਕੋਈ ਕਿਸੇ ਦਾ ਮੀਤ ਨਹੀਂ ਹੈ/ ਮੋਹ ਦਾ ਕੋਈ ਗੀਤ ਨਹੀਂ ਹੈ
ਕਿਸੇ ਦਾ ਦਰਦ ਵੰਡਾਉਣ ਦੀ ਕੋਈ ਰੀਤ ਨਹੀਂ ਹੈ

ਅਤਿ ਘਿਨਾਉਣੀ ਅਤੇ ਡਰਾਉਣੀ ਚੁੱਪ ਦਾ ਪਹਿਰਾ
ਇੱਟ ਇੱਟ ਸਰਹੱਦ ਬਣੀ ਹੈ
ਸਰਹੱਦ 'ਤੇ ਤਾਇਨਾਤ ਸਿਪਾਹੀਆਂ
ਕਹਿਰੀ ਨਜ਼ਰ ਸੰਗੀਨ ਤਣੀ ਹੈ

ਏਸੇ ਤਰ੍ਹਾਂ ਰਿਹਾ ਤਾਂ ਨੌਬਤ ਇਹ ਆ ਜਾਣੀ
ਸਾਂਝੀ ਕੰਧ ਵਾਲੇ ਗੁਆਂਢੀ ਨੂੰ ਮਿਲਣ ਲਈ ਵੀ
ਉਸਦੇ ਦਰਵਾਜ਼ੇ 'ਤੇ ਦਸਤਕ ਦੇਣ ਤੋਂ ਪਹਿਲਾਂ
ਦਿੱਲੀ ਜਾ ਕੇ ਦੂਤਾਵਾਸ ਤੋਂ ਵੀਜ਼ਾ ਪ੍ਰਾਪਤ ਕਰਨਾ ਪੈਣਾ
ਦੂਤਾਵਾਸ ਦੇ ਬੂਹੇ ਮੂਹਰੇ, ਕਈ ਕਈ ਦਿਨ ਖੜ੍ਹਨਾ ਪੈਣਾ

ਘੋੜਾ

ਦੌੜ ਲੱਗੀ ਹੈ
ਇਕ ਸਮੂਹਕ ਦੌੜ
ਏਸ ਦੌੜ ਵਿਚ ਸੰਗੀ ਸਾਥੀ
ਹਾਣੀ ਹਮਜੋਲੀ ਤੇ ਮਿੱਤਰ ਪਿਆਰੇ
ਆਪਾ-ਧਾਪੀ ਸ਼ੂਕਾਂ ਪਾਉਂਦੇ
ਕਿੱਥੋਂ ਕਿੱਥੇ ਪੁੱਜ ਗਏ ਸਾਰੇ ਦੇ ਸਾਰੇ
ਇਕ ਮੈਂ ਪਿੱਛੇ
ਮੈਂ ਹੀ ਫਾਡੀ ਰਹਿ ਗਿਆ
ਮੈਂ ਹੀ ਭੁੱਲਿਆ ਭਟਕਿਆ
ਭੀੜ 'ਚ ਰੁਲਿਆ ਹੱਕਾ ਬੱਕਾ ਖੜ੍ਹਾ
ਦੇਖਦਾ ਰਹਿ ਗਿਆ

ਸਮਾਂ ਕਿਸੇ ਦਾ ਮਿੱਤ ਨਹੀਂ ਹੈ
ਚੌਕ ਚੁਰਾਹੇ ਵਿਚ ਖੜ੍ਹੇ ਕੇ
ਤੇਜ਼ ਦੌੜਦੇ ਇਸ ਘੋੜੇ ਦੀ ਚਾਲ ਨਾ ਦੇਖ
ਇਸਦੇ ਪੌੜਾਂ ਪਿੱਛੇ ਉੱਡਦੀ ਧੂੜ ਨਾ ਦੇਖ
ਐਵੇਂ ਨਾ ਝੂਰੀ ਜਾਹ ਇਕ ਥਾਂ ਖੜ੍ਹਾ ਖੜ੍ਹਾ
ਹਿੰਮਤ ਹੈ ਤਾਂ ਅੱਗੇ ਆ/ ਖਿੱਚ ਲਗਾਮਾਂ ਕਾਠੀ ਪਾ
ਕਿਸੇ ਰਕਾਬ 'ਤੇ ਪੈਰ ਟਿਕਾ/ ਛਾਲ ਮਾਰ ਉੱਤੇ ਚੜ੍ਹ ਜਾ।

ਅਕਾਵਿਕ ਅਉਧ

ਉਦੋਂ ਬੇਚੈਨੀ, ਭਟਕਣ
ਇਕ ਅੱਚਵੀ ਲੱਗੀ ਰਹਿੰਦੀ ਸੀ

ਟੇਕ ਨਹੀਂ ਸੀ
ਸੰਤੁਸ਼ਟੀ ਦਾ ਨਾਂ ਥਾਂ ਪਤਾ ਨਹੀਂ ਸੀ

ਅੱਖਾਂ ਵਿਚ ਡਲ੍ਹਕਦੇ ਤਾਰੇ/ ਪੈਰਾਂ ਹੇਠ ਦਗਣ ਅੰਗਿਆਰੇ

ਦਿਲ ਵਿਚ ਕੋਈ ਤੂਫ਼ਾਨ ਸ਼ੂਕਦਾ ਰਹਿੰਦਾ
ਮਨ ਦੀ ਸੱਖਣੀ ਟਹਿਣੀ ਉੱਤੇ
ਜਦੋਂ ਕਦੀ ਕੋਈ ਪਿਆਰਾ ਪੰਛੀ/ਆ ਬਹਿੰਦਾ ਸੀ
ਸਗਵਾਂ ਦਿਲ ਡੁੱਲ੍ਹ ਡੁੱਲ੍ਹ ਪੈਂਦਾ ਸੀ

ਮਨ ਦੇ ਅੰਬਰ ਜਦੋਂ ਕਦੀ ਵੀ
ਸੁੰਨ ਸਰਾਂ ਦਾ ਬੱਦਲ ਛਾਇਆ
ਕੋਈ ਦਿਲਾਸਾ, ਕੋਈ ਸਿਧਾਂਤ ਕੰਮ ਨਾ ਆਇਆ
ਸੰਕਟ ਵੇਲੇ ਕਵਿਤਾ ਨੇ ਹੀ ਸਾਥ ਨਿਭਾਇਆ

ਕੋਈ ਪਿਆਰੀ ਲਹਿਰ, ਜਾਂ ਕਰੜਾ ਕਹਿਰ
ਕਵਿਤਾ ਸਦਾ ਸੰਗ ਹੁੰਦੀ ਸੀ
ਕੰਮਾਂ ਧੰਦਿਆਂ ਵਿਚ ਗਵਾਚੇ/ ਉੱਠਦੇ ਬਹਿੰਦੇ ਤੁਰਦੇ ਫਿਰਦੇ
ਕਵਿਤਾ ਦੇ ਸੂਹੇ ਫੁੱਲ ਕਿਰਦੇ

ਗ਼ਮ 'ਚ ਡੁੱਬਦਾ ਤਾਂ ਕਾਵਿ ਦੀ ਛੱਲ ਜਿਹੀ ਉੱਠਦੀ
ਖ਼ੁਸ਼ੀ ਵਿਚ ਝੂਮਦਾ ਤਾਂ ਕਾਵਿ ਦਾ ਦਰਿਆ ਜਿਹਾ ਵਗਦਾ

ਉਦੋਂ ਕਵਿਤਾ ਇਕ ਮਹਿਬੂਬ ਕੁੜੀ ਵਰਗੀ ਸੀ
ਕਿਸੇ ਬਹਾਨੇ ਹਰ ਸਵੇਰ ਹੀ ਆਈ ਰਹਿੰਦੀ
ਹਰ ਪਲ ਖ਼ਿਆਲਾਂ ਅਤੇ ਕਲਪਨਾ ਦੇ ਅੰਬਰ 'ਤੇ ਛਾਈ ਰਹਿੰਦੀ
ਘੁੱਪ ਹਨੇਰੇ ਵੀ ਕਵਿਤਾ ਦੀ ਸੁਬਕ ਚਾਨਣੀ ਝਰ ਝਰ ਪੈਂਦੀ

ਉਹ ਦਿਨ ਯਾਦ ਆਉਣ ਤਾਂ ਹਿਰਦੇ ਖੋਹ ਪੈਂਦੀ ਹੈ
ਹੁਣ ਕਵਿਤਾ ਕਿਉਂ ਦੂਰ ਦੂਰ ਰਹਿੰਦੀ ਹੈ?

ਕੀ ਜੀਵਨ 'ਚੋਂ ਕਾਵਿ ਪਲ ਹੀ ਮੁੱਕ ਗਏ ਨੇ
ਜਾਂ ਭਾਵਾਂ ਦੀ ਧਰਤੀ ਬੰਜਰ ਹੋਈ
ਗੀਤ ਰਹਿਤ ਅਕਾਵਿਕ ਰੁੱਖੀ ਅਉਧ ਹੰਢਾਉਣੀ
ਮੇਰੇ ਹਿਰਦੇ ਪਲ ਪਲ ਖੁਭਦਾ/ ਤਿੱਖਾ ਜ਼ਹਿਰੀ ਖੰਜਰ ਕੋਈ ☐☐

[1093, ਸੈਕਟਰ 63, ਮੋਹਾਲੀ]

ਦੋ ਕਵਿਤਾਵਾਂ/ਬਲਬੀਰ ਪਰਵਾਨਾ

ਤਿਉਹਾਰ

ਤਕਲੀਫ਼ਦੇਹ ਹੋ ਗਏ ਹਨ ਤਿਉਹਾਰ
ਖ਼ੁਸ਼ੀ ਦੇਣ ਦੀ ਥਾਂ/ ਆਉਣ ਫ਼ਿਕਰ ਲੈ ਕੇ

ਸਜਣ/ਫੱਬਣ ਲਗਦੇ ਬਾਜ਼ਾਰ ਜਿਉਂ ਜਿਉਂ
ਡੋਲਦੇ ਬਜਟ ਦੀ ਚਿੰਤਾ/ਵੱਢ ਵੱਢ ਖਾਣ ਲਗਦੀ
ਮੱਥੇ 'ਚ ਵਜਦਾ ਆਣ ਅਣਕਿਆਸਿਆ ਖ਼ਰਚ
ਹਰ ਗਲੀ/ਚੌਕ/ਬਾਜ਼ਾਰ
ਬਚਕੇ ਕਿਤੇ ਕੋਈ ਰਸਤਾ ਨਾ ਜਾਵੇ/ ਕੋਈ ਸੜਕ

ਘਰ ਦੇ ਧੁਰ ਅੰਦਰ ਬੈੱਡ ਰੂਮ ਤਕ
ਬਾਜ਼ਾਰ ਸਜਾਈ ਬੈਠਾ ਹੈ ਟੀ. ਵੀ.
ਦੁਨੀਆਂ ਭਰ ਦੀ ਚਮਕ-ਦਮਕ ਦਾ
ਐਸ਼ਵਰਿਆ ਇੰਝ ਮਨਾਵੇਗੀ ਦਿਵਾਲੀ
ਗਾਂਗੂਲੀ ਦੀ ਹੋਲੀ/ਅਮੀਰ ਖਾਨ ਦੇ ਗ਼ਿਫ਼ਟਾਂ ਦੀ ਲਿਸਟ
ਪੰਜ ਤਾਰਾ ਹੋਟਲਾਂ ਦੇ ਵਿਸ਼ੇਸ਼ ਪ੍ਰਬੰਧਾਂ ਤੋਂ ਲੈ ਕੇ
ਗਲੀ ਦੇ ਰੈਸਟੋਰੈਂਟ ਦੀ ਤਿਆਰੀ ਤਕ/ਸਭ ਹਾਜ਼ਰ
ਪੂਰੀ ਸੂਚਨਾ ਸਮੇਤ/ ਚੈਨਲਾਂ ਜਾਂ ਸਿਟੀ-ਕੇਬਲ ਉੱਪਰ

ਲੋਕ ਵਿਸ਼ਵਾਸਾਂ, ਮਨਾਂ, ਮਨੌਤਾਂ 'ਚੋਂ
ਖ਼ੁਸ਼ੀ ਦਾ ਹਰ ਨਿੱਕਾ ਨਿੱਕਾ ਪਲ ਵੀ/ ਚੁਰਾ ਰਹੀ ਹੈ ਪੂੰਜੀ
ਤੇ ਵੇਚ ਰਹੀ ਹੈ ਬਾਜ਼ਾਰ 'ਚ
ਸਰਬ-ਸਾਂਝੇ ਉਤਸਵ ਲੋਕਤਾ ਦੇ
ਬਣਕੇ ਰਹਿ ਗਏ ਹਨ ਸਾਰੇ/ ਪੂੰਜੀ ਦੇ ਜਲੌਅ ਦੀ ਪ੍ਰਦਰਸ਼ਨੀ
ਤੇ ਇਸਦੇ ਵਹਿਣ 'ਚ ਰੁੜ੍ਹੀਆਂ
ਆਸਥਾ ਦੀਆਂ ਸਭ ਪਰਤਾਂ/ਪਰੰਪਰਾਵਾਂ।

ਪੈੜਾਂ ਦੇ ਨਕਸ਼

ਇਹ ਤਾਂ ਜ਼ਿੱਦ ਹੀ ਸੀ
ਦਿਸਹੱਦਿਆਂ ਦੇ ਰਾਹ ਤੁਰਨ ਦੀ/ ਕਿ ਤੁਰਿਆ ਰਿਹਾ
ਉਂ ਮਨ ਤਾਂ ਕਈ ਵਾਰ ਲਲਚਾਇਆ
ਤੁਰਨਾ ਛੱਡ, ਪੜਾਅ ਨੂੰ ਆਪਣੀ ਹੋਣੀ ਮੰਨ ਲੈਣਾ
ਤੇ ਕਰਨਾ ਆਰਾਮ

ਇਹ ਤਾਂ ਵਿਗੋਚਾ ਹੀ ਸੀ/ ਵਰ੍ਹਿਆਂ ਦੇ ਵਰ੍ਹੇ ਤੁਰੇ ਸਫ਼ਰ ਦਾ
ਕਿ ਹਾਰ ਨਾ ਮੰਨ ਹੋਈ-
-ਲਗਦਾ ਸੀ ਉਹ ਵਰ੍ਹੇ ਕਿਸ ਅਰਥ ਜਾਣਗੇ ਫਿਰ
ਨਹੀਂ ਤਾਂ ਬਹੁਤ ਵਾਰ/ ਘਬਰਾਇਆ ਸੀ ਮਨ ਹੋਰ ਤੁਰਨੋਂ
ਕਿ ਬਿਨ-ਸਾਥ ਤਾਂ ਰੁੱਖ ਵੀ/ ਉਦਾਸੇ ਜਾਂਦੇ ਹਨ
ਫਿਰ ਮੈਂ-ਬਾਝ ਕਾਫ਼ਲਿਓਂ!

ਇਹ ਤਾਂ ਉਦਾਸੀ ਹੀ ਸੀ
ਸੁਪਨਿਆਂ ਲਈ ਭਟਕਣ/ ਬੇਚੈਨ ਕਰੀ ਰੱਖਿਆ ਜਿਸ
ਖ਼ੁਸ਼ੀ ਦੇ ਇਕ ਇਕ ਕਿਣਕੇ ਲਈ ਸਹਿਕ
ਵਰਤਮਾਨ ਦੀ ਨਾ-ਖ਼ੁਸ਼ੀ ਦੇ ਖ਼ਿਲਾਫ਼
ਕਿ ਬਹਿ ਕੇ ਹਉਕੇ ਭਰਨ ਨਾਲੋਂ
ਤੁਰਦਿਆਂ ਹਉਕੇ ਭਰਨ 'ਚ, ਆਸ ਹੁੰਦੀ ਹੈ
ਆਸ ਦੀ ਇਕ ਤਰੰਗ/ ਕਿ ਸ਼ਾਇਦ ਅਗਲੇ ਹੀ ਕਦਮ 'ਤੇ
ਮਿਲ ਜਾਏ ਕੁਝ ਮਨ ਚਾਹਿਆ

ਮੈਂ ਕਦੋਂ ਦਾਅਵਾ ਕੀਤਾ/ ਕਿ ਮੈਂ ਨਾਇਕ ਹਾਂ
ਮੈਂ ਤਾਂ ਬਸ ਤੁਰਨ ਦੀ ਗੱਲ ਕੀਤੀ ਹੈ
-ਆਪਣੀ ਸਮਰੱਥਾ ਅਨੁਸਾਰ, ਸਫਰ ਦੀ ਗੱਲ
ਨਾਂ ਦੇਣਾ ਤੁਹਾਡੀ ਇੱਛਾ ਹੈ
ਨਾਇਕ, ਖਲਨਾਇਕ, ਬੇਫਜ਼ੂਲ, ਕੁਝ ਵੀ
ਨਾਂ ਤਾਂ ਕੋਈ ਵੀ ਦਿੱਤਾ ਜਾ ਸਕਦਾ
ਪਰ ਮਨਫ਼ੀ ਨਹੀਂ ਕਰ ਸਕਦੇ/ ਮੇਰਾ ਸਫ਼ਰ
-ਕਿ ਵਕਤ ਦੀ ਹਿੱਕ 'ਤੇ ਉਕਰੀਆਂ ਪੈੜਾਂ ਦੇ
ਆਪਣੇ ਵੀ ਨਕਸ਼ ਹੁੰਦੇ ਹਨ! ❑❑

[ਸਾਹਿਤ ਸੰਪਾਦਕ, ਰੋਜ਼ਾਨਾ 'ਨਵਾਂ ਜ਼ਮਾਨਾ', ਜਲੰਧਰ

ਮਲਕੀ/ਜੈ ਪਾਲ

ਮਲਕੀ ਖੂਹ 'ਤੇ ਪਾਣੀ ਭਰਦੀ
ਤੇ ਕੀਮਾ ਪਿਆਸ ਬੁਝਾਉਂਦਾ

ਮਲਕੀ ਨੂੰ ਖ਼ਾਰੇ ਪਾਣੀਆਂ ਦੇ ਦੇਸ਼
ਬਾਪੂ ਵੱਲੋਂ ਉਮਰੋਂ ਵੱਡੇ 'ਕੀਮੇ' ਨਾਲ ਵਿਆਹ ਦਿੱਤਾ ਜਾਂਦਾ

ਜਿੱਥੇ ਨਾ ਖੂਹ ਨਾ ਡੋਲ
ਨਾ ਹੀ ਮਿੱਠੜੇ ਬੋਲ

ਬਾਬੁਲ ਦੇ ਜਾਇਆਂ ਨੂੰ ਸਪੌਂਸਰਸ਼ਿਪ ਭੇਜਦੀ-ਮਲਕੀ
ਗੈਸ ਸਟੇਸ਼ਨ 'ਤੇ ਠੰਢ ਨਾਲ ਮਰਦੀ
ਆਪਣੇ ਕੀਮੇ ਨਾਲ ਡਰਾਇਵਰੀ ਕਰਦੀ

ਬੇਗਾਨਿਆਂ ਨਾਲ ਓਪਰੀ ਭਾਸ਼ਾ ਬੋਲਦੀ
ਖਾਲੀ-ਖਾਲੀ ਹੱਸਦੀ
ਭੋਰਾ-ਭੋਰਾ ਲੜਦੀ
ਡਾਲਿਆਂ ਲਈ-ਮਲਕੀ
ਬੇਰ ਖਾਂਦੀ ਸੁਪਨਿਆਂ 'ਚ ਚੈਰੀ 'ਤੇ ਸੌਂਦੀ
ਸਮੁੰਦਰ ਤੋਂ ਡਰਦੀ
ਕਨੇਡਾ 'ਚ ਮਲਕੀ ਫਿਰ
ਕਈਆਂ ਅੱਗੇ ਪਾਣੀ ਭਰਦੀ

ਜੇ ਉਧਰੋਂ ਦੀ ਮਲਕੀ ਨੂੰ ਇਧਰ ਸੁਣੋਂ ਤਾ ਲੱਗੇਗਾ
ਕਿ ਉਹਨਾਂ ਦੇ ਖੂਹ ਹਾਲੇ ਸੁੱਕੇ ਨੀ
ਭਾਵੇਂ ਪਰਦੇਸਣਾਂ ਦੇ ਰਾਹ ਹਾਲੇ ਮੁੱਕੇ ਨੀ। ❑❑

[# 71, ਵਾਰਡ ਨੰ: 12, ਭੇਰਾ ਬਸੀ-140 507, ਜ਼ਿਲ੍ਹਾ ਐੱਸ. ਏ. ਐੱਸ. ਨਗ

ਦੋ ਕਵਿਤਾਵਾਂ/ਮਨਜੀਤ ਮੀਤ

ਭੀੜਾਂ 'ਚ ਗੁਆਚੀ ਹੋਂਦ

ਭੀੜਾਂ 'ਚ ਗੁਆਚੀ ਹੋਂਦ ਨੂੰ ਲੱਭਦਾ ਰਹਾਂਗਾ ਮੈਂ।
ਲੇਖਾਂ ਦੇ ਨ੍ਹੇਰਿਆਂ 'ਚ ਵੀ ਜਗਦਾ ਰਹਾਂਗਾ ਮੈਂ।

ਦਰਿਆ ਹਾਂ ਜਾਣਦਾ ਹਾਂ ਸਾਗਰ ਕਿਸ ਤਰਫ਼,
ਮਿਟੀਆਂ ਪੈੜਾਂ ਦੀ ਭਾਲ ਵਿਚ ਵਗਦਾ ਰਹਾਂਗਾ ਮੈਂ।

ਮੈਨੂੰ ਤਲਾਸ਼ ਆਪਣੀ ਆਪੇ 'ਚੋਂ ਯਾਰ ਦੀ,
ਵਾਂਗ ਹਿਰਨ ਕਸਤੂਰੀਏ ਨੱਸਦਾ ਰਹਾਂਗਾ ਮੈਂ।

ਗ਼ਮ 'ਚ ਵੀ ਹੁੰਦੀ ਬੜੀ ਮਸਤੀ ਹੈ ਪਿਆਰ ਦੀ,
ਮਨ ਦੀ ਦਰਗਾਹ ਪਹੁੰਚ ਕੇ ਨੱਚਦਾ ਰਹਾਂਗਾ ਮੈਂ।

ਜ਼ਿੰਦਗੀ ਦੇ ਹਰ ਇਕ ਮੋੜ 'ਤੇ ਕੁਝ ਮੇਰਾ ਰਹਿ ਗਿਆ,
ਰਾਹੀਆਂ ਨੂੰ ਗੱਲ ਅਹਿਸਾਸ ਦੀ ਦੱਸਦਾ ਰਹਾਂਗਾ ਮੈਂ।

ਮੈਂ ਹੀ ਤਾਂ ਹਾਂ ਹਰ ਸ਼ਹਿਰ ਵਿਚ ਬੰਬਾਂ ਦਾ ਮਾਰਿਆ,
ਟੁਕੜੇ ਹੋ ਹਰ ਸ਼ਮਸ਼ਾਨ ਵਿਚ ਵਸਦਾ ਰਹਾਂਗਾ ਮੈਂ।

ਕਣ ਹਾਂ ਉਸ ਕਾਇਨਾਤ ਦਾ ਜੋ ਆਦਿ ਸੀ ਜੁਗਾਦ ਵੀ,
ਬਣ ਸ਼ੁਆ ਇਨਸਾਨ ਵਿਚ ਢਲਦਾ ਰਹਾਂਗਾ ਮੈਂ।

ਸ਼ਹਿਰ ਹੋਇਆ ਵਿਭਚਾਰੀ ਹੈ

ਜਾਂ ਤੇ ਹੈ ਕੋਈ ਦੁੱਖ ਵਿਚ ਅਬਲਾ ਜਾਂ ਕੋਈ ਅਧਿਕਾਰੀ ਹੈ।
ਕੌਣ ਹੈ ਜੀਹਨੇ ਨ੍ਹੇਰੇ ਦੇ ਵਿਚ ਚੀਕ-ਬੁਲਬਲੀ ਮਾਰੀ ਹੈ।

ਜਾਂ ਤੇ ਭੂਤ ਪਰੇਤ ਹੈ ਕੋਈ ਗਲੀਆਂ ਦੇ ਵਿਚ ਦੌੜ ਰਿਹਾ,
ਜਾਂ ਕਿਸੇ ਰਿੰਦ ਮੈਖਾਨਿਓਂ ਨਿਕਲ ਤਨਹਾਈ ਸਤਿਕਾਰੀ ਹੈ।

ਦਗੜ ਦਗੜ ਦੌੜਨ ਦੀਆਂ ਦੇਖੋ ਆ ਰਹੀਆਂ ਆਵਾਜ਼ਾਂ ਨੇ,
ਜਾਂ ਤੇ ਰੇਡ ਪੁਲਿਸ ਦੀ ਲਗਦੀ ਜਾਂ ਭੂਤਰਿਆ ਸਰਕਾਰੀ ਹੈ।

ਕਿੰਨੀ ਵਾਰ ਖਾਮੋਸ਼ੀ ਮਨ ਦੀ ਗਗਨ ਪਾੜਨਾ ਚਾਹੁੰਦੀ ਹੈ,
ਬੋਲ ਦਿਓ ਸੱਚ ਅੰਦਰ ਰਿੱਝਦਾ ਪਰਦਾ ਵੀ ਮੱਕਾਰੀ ਹੈ।

ਰੱਬ ਨੂੰ ਸ਼ਾਇਦ ਸਦਾਅ ਸੁਣ ਜਾਵੇ ਦੇਖ ਲਏ ਦਿਲ ਧੁੱਖਦਾ,
ਕਿਹੜੇ ਕਿਹੜੇ ਕਹਿਰਾਂ ਵਿਚ ਦੀ ਲੰਘਦਾ ਇਹ ਸੰਸਾਰੀ ਹੈ।

ਜ਼ਿੰਦਗੀ ਇਥੇ ਦਲਦਲ ਵਰਗੀ ਹਰ ਸ਼ੈਅ ਗੋਰਖਧੰਦਾ ਹੈ,
ਹਰ ਇਕ ਰਿਸ਼ਤਾ ਬੇਹਾ ਟੁੱਕ ਹੈ ਸੁਫ਼ਨਿਆਂ ਦੀ ਤਰਕਾਰੀ ਹੈ।

ਜੀਵਨ ਜਾਚ ਬਣੀ ਹੈ ਸੌਦਾ ਬਸ ਪੈਸਾ ਹੀ ਪੈਮਾਨਾ ਹੈ,
ਹਰ ਪੱਤੇ ਦਾ ਚਿਹਰਾ ਗੁੰਮਿਆ ਕੋਹੀ ਤਾਸ਼ ਖਿਲਾਰੀ ਹੈ।

ਪੱਥਰਾਂ ਦੇ ਇਸ ਸ਼ਹਿਰ ਨੇ ਯਾਰੋ ਕਦੋਂ ਦੀ ਵਫ਼ਾ ਉਧਾਲ ਲਈ,
ਹਰ ਕੋਈ ਖੁਦ ਨੂੰ ਲੱਭਦਾ ਫਿਰਦਾ, ਸ਼ਹਿਰ ਹੋਇਆ ਵਿਭਚਾਰੀ ਹੈ। ❑❑

[5639, 185 St. Surrey, B.C. Canada V3S 8J3]

ਦੋ ਕਵਿਤਾਵਾਂ/ਪਰਮਵੀਰ ਸਿੰਘ

ਧੀਆਂ ਪਰਦੇਸਣਾਂ

ਉੱਚੇ ਬੋਹੜੀਂ ਹਰੀਅਲ ਬੋਲੇ:, ਆਖੇ ਭੇਦ ਅਵੱਲੇ ਵੇ।
ਪਲ ਨਾ ਕਰੇ ਵਿਸਾਹ ਜਿਤ ਬਾਬਲ, ਟੁਰ ਗਏ ਕੱਲਮ-ਕੱਲੇ ਵੇ।

ਪੰਖੀ ਚੁਗਿਆ ਚੋਗਾ ਜੀਅ ਦਾ, ਦੇਸ ਪਰਾਏ ਮੱਲੇ ਵੇ।
ਕਦੀ ਕਦੀ ਬਸ ਪਉਣਾਂ ਹੱਥੀਂ, ਸੁਖ ਸਨਿਉੜਾ ਘੱਲੇ ਵੇ।

ਜਾਈਂ ਵੇ ਰਾਹੀਆ, ਜਾਈਂ ਵੇ ਰਾਹੀਆ, ਉਸ ਪੰਖੀ ਦੇ ਵੱਲੇ ਵੇ।
ਆਂਗਣ ਸੁੰਨੇ ਚੌਂਕੇ ਸੁੰਨੇ, ਕੌਣ ਮਾਂਵਾਂ ਨੂੰ ਠੱਲੇ ਵੇ।

ਬਾਬਲ ਬੇਬਸ ਜਾਂ ਨਿਰਮੋਹਾ, ਜਾਂ ਦੁੱਖ ਡਾਢੇ ਹੱਲੇ ਵੇ।
ਨਿਰਜਿੰਦ ਹੋਇਆ ਬੂਹੇ ਖਲਿਆ, ਕਿਸਥੀਂ ਮਿਲਣ ਤਸੱਲੇ ਵੇ।

ਜੋ ਤੇਰੀਆਂ ਜੂਹਾਂ ਵਿਚ ਗੁਜ਼ਰੇ, ਸੋਈਓ ਵੇਲ ਸੁਵੱਲੇ ਵੇ।
ਪਰ ਕਿਉਂ ਤੇਰੀਆਂ ਅੱਖੀਆਂ ਸਾਹਮੇਂ, ਲੈ ਪਰਾਏ ਚੱਲੇ ਵੇ।

ਭਰੇ ਕਾਲਜੇ ਤੇ ਨਮ ਅੱਖੀਆਂ, ਆਖੇ ਵੱਸ ਨਾ ਚੱਲੇ ਵੇ:
"ਇਹ ਦੁਖ ਰਾਜਨ ਝੱਲੇ ਵੇ, ਇਹ ਦੁੱਖ ਰਾਜਨ ਝੱਲੇ ਵੇ॥"

ਕਣਕਾਂ ਦੇ ਰੰਗ ਸਾਵੇ

ਕਣਕਾਂ ਦੇ ਰੰਗ ਸਾਵੇ ਵੇ ਮਾਹੀਆ,ਸਰ੍ਹੋਆਂ 'ਤੇ ਸੋਨੇ ਦੀ ਝਾਲ।
ਮਿੱਟੀ ਨੇ ਗੀਤ ਮੁਹੱਬਤਾਂ 'ਚ ਗੁੱਧਾ, ਕੰਤ ਰਸੀਲੇ ਦੀ ਭਾਲ।

ਬਿਰਖਾਂ ਦੇ ਚੋਲੇ ਲੰਮ-ਸਲੰਮੇ, ਨੜਿਆਂ ਨੇ ਕੀਤੀ ਏ ਢਾਲ।
ਪੰਛੀ ਨੇ ਪਾਰ ਪ੍ਰੀਤਾਂ ਪਾਈਆਂ, ਦੀਦਾਂ ਨੂੰ ਹੋ ਗਏ ਸਾਲ।

ਅੰਬੀਆਂ ਦੇ ਬੂਰਾਂ ਨੇ ਮਹਿਕ ਖਿਲਾਰੀ, ਕੋਇਲਾਂ ਦੀ ਬਦਲੀ ਏ ਚਾਲ।
ਜੂਹਾਂ ਤੇ ਜੋਗੀ ਰੰਗਿਆ ਕਿ ਸੰਗਿਆ, ਖਾਬਾਂ 'ਚ ਭਉਂਦੇ ਖਿਆਲ।

ਉੱਚੀਆਂ ਖਜੂਰਾਂ ਦੇ ਲੱਸਦੇ ਨੇ ਮੇਵੇ, ਟੁੱਟਦੇ ਨੇ ਫਿਕਰਾਂ ਦੇ ਜਾਲ।
ਚੁਗਣਾ ਪ੍ਰੀਤਾਂ ਦੇ ਪੰਛੀ ਨੇ ਚੋਗਾ, ਮੇਵਾ ਕਿ ਵਕਤਾਂ ਦੀ ਮਾਰ।

ਜੋਬਨ ਦੇ ਵਹਿਣਾਂ ਨੂੰ ਪੱਤਣ 'ਤੇ ਡੱਕਣਾ, ਜਿੰਦੜੀ ਨੂੰ ਕਰਨਾ ਮੁਹਾਲ।
ਪ੍ਰੀਤਾਂ ਜੇ ਪੱਕੀਆਂ ਲੈ ਉੱਡ ਵੇ ਪੰਛੀ, ਸਾਨੂੰ ਵੀ ਅਰਸ਼ਾਂ ਦੇ ਨਾਲ। ❑❑

[ਪਿੰਡ ਝੂੰਦਾਂ, ਡਾ. ਅਮਰਗੜ੍ਹ, ਤਹਿਸੀਲ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ]

ਅਲਮਾਰੀ

ਸਬਿੰਦਰਜੀਤ ਸਿੰਘ ਸਾਗਰ

ਅੰਦਰਲਾ ਕਮਰਾ ਕਾਫੀ ਹਨੇਰਾ ਸੀ। ਬਾਹਰੋਂ ਆਉਣ ਵਾਲੇ ਨੂੰ ਕੁਝ ਚਿਰ ਤਾਂ ਕੁਝ ਵੀ ਨਾ ਸੁਝਦਾ। ਹੌਲੀ ਹੌਲੀ ਕਮਰੇ ਦੀਆਂ ਚੀਜ਼ਾਂ ਆਪਣਾ ਆਕਾਰ ਗ੍ਰਹਿਣ ਕਰਨ ਲਗ ਪੈਂਦੀਆਂ। ਕਮਰੇ ਵਿਚ ਪਲੰਘ, ਪੇਟੀਆਂ, ਕੰਧ ਨਾਲ ਟੰਗਿਆ ਚਰਖਾ ਤੇ ਕਈ ਹੋਰ ਚੀਜ਼ਾਂ ਸਨ। ਇਹਨਾਂ ਤੋਂ ਇਲਾਵਾ ਇਕ ਨੁੱਕਰ ਵਿਚ ਅਲਮਾਰੀ ਪਈ ਸੀ। ਕਾਫੀ ਉੱਚੀ ਤੇ ਚੌੜੀ ਸਾਗਵਾਨ ਦੀ ਅਲਮਾਰੀ। ਪਾਲਿਸ਼ ਹਾਲੀ ਵੀ ਕਾਫੀ ਹੱਦ ਤਕ ਬਰਕਰਾਰ ਸੀ। ਉਸਨੂੰ ਵੇਖਕੇ ਇੰਝ ਨਹੀਂ ਸੀ ਜਾਪਦਾ ਕਿ ਇਹ ਅਲਮਾਰੀ ਪੰਝੀ ਤੀਹ ਸਾਲ ਪੁਰਾਣੀ ਸੀ। ਉਸ ਦੇ ਕਈ ਖਾਨੇ ਬਣੇ ਹੋਏ ਸਨ ਜਿਨ੍ਹਾਂ ਨੂੰ ਵੇਖ ਕੇ ਉਸ ਦੀ ਕਾਰੀਗਰੀ ਦੀ ਤਾਰੀਫ ਕਰਨੋਂ ਰਹਿ ਨਹੀਂ ਸੀ ਹੁੰਦਾ। ਸਾਗਵਾਨ ਦੇ ਮੋਟੇ ਮੋਟੇ ਫੱਟੇ ਵਰਤੇ ਗਏ ਸਨ, ਇਸ ਲਈ ਉਹ ਭਾਰੀ ਵੀ ਕਾਫੀ ਸੀ। ਉਸ ਦੀ ਇਕ ਹੋਰ ਖਾਸੀਅਤ ਜਿਸ ਨੇ ਮੈਨੂੰ ਬੇਹੱਦ ਪ੍ਰਭਾਵਤ ਕੀਤਾ ਸੀ ਉਹ ਸੀ ਉਸ ਦਾ ਉਪਰਲਾ ਖਾਨਾ। ਉਪਰਲੇ ਪਾਸੇ ਇਕ ਖਾਨਾ ਬਣਿਆ ਹੋਇਆ ਸੀ ਜਿਸ ਦਾ ਕਿਸੇ ਨੂੰ ਵੇਖਕੇ ਅਹਿਸਾਸ ਨਹੀਂ ਸੀ ਹੁੰਦਾ। ਅੱਜ ਤਕ ਘਰਵਾਲਿਆਂ ਨੂੰ ਵੀ ਇਸ ਦਾ ਪਤਾ ਨਹੀਂ ਹੈ ਕਿ ਉਹ ਖਾਨਾ ਮੇਰਾ ਲੁਕਵਾਂ ਖਜ਼ਾਨਾ ਸੀ। ਮੇਰੇ ਦਿਲ ਵਾਂਗੂੰ ਉਸ ਵਿਚ ਮੇਰੀਆਂ ਕਈ ਚੀਜ਼ਾਂ ਸਾਂਭੀਆਂ ਰਹਿੰਦੀਆਂ ਸਨ। ਜਿਹੜਾ ਵੀ ਘਰ ਆਉਂਦਾ ਅਲਮਾਰੀ ਵੱਲ ਖਿੱਚਿਆ ਜਾਂਦਾ। ਉਸ ਨੂੰ ਵੇਖ ਕੇ ਹਰ ਕੋਈ ਕਹਿਣੋ ਨਾ ਰਹਿੰਦਾ, "ਜਿੰਨੀ ਇਸ ਵਿਚ ਲੱਕੜ ਲੱਗੀ ਹੈ ਉਸ ਨਾਲ ਤਾਂ ਇਕ ਹੋਰ ਅਲਮਾਰੀ ਬਣ ਸਕਦੀ ਸੀ। ਅੱਜ ਕਲ ਭਲਾ ਕੌਣ ਇੰਨੀ ਲੱਕੜ ਲਾਉਂਦਾ ਹੈ? ਨਾਲੇ ਫਿਰ ਸਾਗਵਾਨ ਦੀ ਲੱਕੜ!"

ਅਲਮਾਰੀ ਦੀ ਆਪਣੀ ਕਹਾਣੀ ਹੈ ਜੋ ਮੈਂ ਤੁਹਾਨੂੰ ਸੁਨਾਉਣੀ ਚਾਹਵਾਂਗਾ। ਸ਼ਾਇਦ ਇਸ ਤਰ੍ਹਾਂ ਮੇਰੇ ਮਨ ਦਾ ਬੋਝ ਕੁਝ ਹਲਕਾ ਹੋ ਸਕੇ। ਜਾਂ ਇਹ ਵੀ ਹੋ ਸਕਦਾ ਹੈ ਕਿ ਅਲਮਾਰੀ ਨੂੰ ਵੀ ਸਦਗਤੀ ਮਿਲ ਸਕੇ। ਤੁਸੀਂ ਸ਼ਾਇਦ ਮੇਰੀ ਇਸ ਗੱਲ 'ਤੇ ਹੈਰਾਨ ਵੀ ਹੋਵੋਗੇ ਕਿ ਅਕਸਰ ਮਨੁੱਖ ਦੀ ਸਦਗਤੀ ਦੀ ਕਾਮਨਾ ਕੀਤੀ ਜਾਂਦੀ ਹੈ। ਪਰ ਮੈਂ ਅਲਮਾਰੀ ਦੀ ਸਦਗਤੀ ਦੀ ਕਾਮਨਾ ਕਿਉਂ ਕਰ ਰਿਹਾ ਹਾਂ? ਐਨੇ ਸਾਲ ਸਾਡੇ ਨਾਲ ਰਹਿਕੇ ਇਹ ਸਾਡੇ ਲਈ ਉਹ ਇਕ ਜਿਉਂਦੇ ਮਨੁੱਖ ਵਾਂਗ ਹੀ ਤਾਂ ਸੀ। ਉਸਦੇ ਅਹਿਸਾਸ ਜਿਵੇਂ ਸਾਡੇ ਚੁਫੇਰੇ ਖਿੰਡਰੇ ਪਏ ਹੋਣ। ਅਕਸਰ ਜਾਪਦਾ ਜਿਵੇਂ ਉਹ ਸਾਡੇ ਨਾਲ ਗੱਲਾਂ ਪਈ ਕਰਦੀ ਹੋਵੇ। ਕਈ ਵੇਰ ਜਾਪਦਾ ਜਿਵੇਂ ਅਸੀਂ ਉਸ ਦੀ ਇੱਛਾ ਵੱਲ ਕਦੀ ਵੀ ਧਿਆਨ ਨਹੀਂ ਸੀ ਦਿੱਤਾ। ਘਰ ਦੀ ਕੁੜੀ ਵਾਂਗ। ਇਹ ਸੋਚ ਕੇ ਅਲਮਾਰੀ ਦੇ ਨਾਲ ਮੈਂ ਵੀ ਉਦਾਸ ਹੋ ਜਾਂਦਾ। ਇਕ ਹੋਰ ਗੱਲ ਕਰਕੇ ਉਹ ਸਾਡੇ ਬਹੁਤ ਨੇੜੇ ਸੀ ਕਿਉਂਕਿ ਕਦੀ ਮੇਰੀਆਂ ਪਿਆਰੀਆਂ ਚੀਜ਼ਾਂ ਨੂੰ ਉਸ ਨੇ ਬੜੇ ਪਿਆਰ ਤੇ ਸਲੀਕੇ ਨਾਲ ਸਾਂਭ ਕੇ ਰੱਖਿਆ ਸੀ। ਜਿਵੇਂ ਉਸਦੇ ਆਪਣੇ ਗੁੱਡੀਆਂ ਤੇ ਪਟੋਲੇ ਹੋਣ।

ਅਲਮਾਰੀ ਭਾਵੇਂ ਸਾਡੀ ਮਲਕੀਅਤ ਨਹੀਂ ਸੀ ਪਰ ਇਹ ਕਦੀ ਵੀ ਅਹਿਸਾਸ ਨਹੀਂ ਹੋਇਆ ਕਿ ਉਸਦੇ ਮਾਲਕ ਕੋਈ ਹੋਰ ਸੀ। ਅਲਮਾਰੀ ਦੇ ਅਸਲੀ ਮਾਲਕ ਦਾ ਨਾਂ ਸਰਦਾਰ ਊਧਮ ਸਿੰਘ ਸੀ। ਇਹ ਉਦੋਂ ਦੀ ਗੱਲ ਹੈ ਜਦੋਂ ਅਸੀਂ ਖੜਗਪੁਰ (ਬੰਗਾਲ) ਰਹਿੰਦੇ ਸਾਂ। ਉਹ ਪਿਤਾ ਨਾਲ ਹੀ ਰੇਲਵੇ ਵਰਕਸ਼ਾਪ ਵਿਚ ਕੰਮ ਕਰਦੇ ਸਨ। ਮੇਰੇ ਨਾਨਕਿਆਂ ਦੇ ਹੋਣ ਕਰਕੇ ਮੇਰੇ ਮਾਮਾ ਲਗਦੇ ਸਨ। ਉਹਨਾਂ ਦੀ ਘਰਵਾਲੀ ਦਾ ਨਾਂ ਮਾਇਆ ਸੀ। ਪਤਾ ਨਹੀਂ ਮਾਇਆ ਕੌਰ ਜਾਂ ਸਿਰਫ਼ ਮਾਇਆ। ਅਸੀਂ ਉਸਨੂੰ ਮਾਮੀ ਕਹਿ ਕੇ ਬੁਲਾਉਂਦੇ। ਮਾਮੀ ਸਾਨੂੰ ਅਜੀਬ ਲਗਦੀ ਸੀ ਕਿਉਂਕਿ ਉਸਦੇ ਸੱਜੇ ਹੱਥ ਦੀਆਂ ਛੇ ਉਂਗਲਾਂ ਸਨ ਯਾਨੀ ਕਿ ਅੰਗੂਠੇ ਦੋ। ਪਤਲੇ ਪਤਲੇ ਦੋ ਅੰਗੂਠੇ ਜਿਵੇਂ ਇਕ ਅੰਗੂਠੇ ਨੂੰ ਚੀਰ ਕੇ ਹੀ ਦੋ ਕਰ ਦਿੱਤਾ ਗਿਆ ਹੋਵੇ। ਉਹ ਨਿੱਕੇ ਬੱਚੇ ਦੀਆਂ ਉਂਗਲਾਂ ਜਾਪਦੇ। ਮਾਮੀ ਬੱਚਿਆਂ ਨਾਲ ਮੋਹ-ਭਿੱਜੇ ਲਹਿਜੇ ਵਿਚ ਗੱਲ ਕਰਦੀ। ਗੱਲ ਕਰਦਿਆਂ ਉਸਦੇ ਭਰਵੱਟੇ ਤੇ ਅੱਖਾਂ ਵਿਪਰੀਤ ਦਿਸ਼ਾ ਵੱਲ ਹਰਕਤ ਕਰਦੇ ਅਜੀਬ ਜਿਹੇ ਜਾਪਦੇ ਤੇ ਹਰ ਗੱਲ 'ਤੇ ਦਿਲ

ਖੋਲ੍ਹ ਕੇ ਹੱਸਦੀ। ਉਸਦੇ ਭਾਵਾਂ ਨੂੰ ਸਮਝ ਸਕਣਾ ਸਾਨੂੰ ਔਖਾ ਜਿਹਾ ਲਗਦਾ, ਭਾਵੇਂ ਗੱਲਾਂ ਉਸ ਦੀਆਂ ਸਿੱਧ-ਪੱਧਰੀਆਂ ਹੀ ਹੁੰਦੀਆਂ ਸਨ।

ਇਕ ਦਿਨ ਸ਼ਾਮ ਢਲੇ ਮਾਮਾ-ਮਾਮੀ ਦੋਵੇਂ ਸਾਡੇ ਘਰ ਆਏ। ਪਤਾ ਲੱਗਾ ਕਿ ਮਾਮੇ ਨੇ ਸਮੇਂ ਤੋਂ ਪਹਿਲਾਂ ਰਿਟਾਇਟਰਮੈਂਟ ਲੈ ਲਈ ਹੈ। ਉਸਦਾ ਇਰਾਦਾ ਆਪਣੇ ਪੁੱਤਰ ਨਾਲ ਬੰਬਈ ਜਾ ਕੇ ਟਰੱਕ ਪਾਉਣ ਦਾ ਸੀ। ਪਰਿਵਾਰ ਨੂੰ ਉਹ ਪਿੰਡ ਭੇਜ ਰਹੇ ਸਨ। ਇਸ ਸਿਲਸਿਲੇ ਵਿਚ ਉਹਨਾਂ ਦੀ ਇਕ ਮੁਸ਼ਕਲ ਸੀ। ਰਿਟਾਇਰਮੈਂਟ ਤੋਂ ਪਹਿਲਾਂ ਨੌਕਰੀ ਛੱਡਿਆਂ ਸਾਰਾ ਸਾਮਾਨ ਲੱਗੇਜ ਵਿਚ ਰੇਲਵੇ ਦੇ ਖਰਚੇ ਉੱਤੇ ਲੈ ਕੇ ਜਾਣ ਦੀ ਸੁਵਿਧਾ ਨਹੀਂ ਸੀ ਮਿਲਦੀ। ਫੇਰ ਕੱਲੀ ਔਰਤ ਆਪਣੀਆਂ ਤਿੰਨ ਕੁੜੀਆਂ ਨਾਲ ਸਾਰਾ ਸਾਮਾਨ ਲੈ ਕੇ ਕਿਵੇਂ ਜਾ ਸਕਦੀ ਸੀ ? ਉਹ ਚਾਹੁੰਦੇ ਸਨ ਕਿ ਅਸੀਂ ਉਹਨਾਂ ਦੀ ਅਲਮਾਰੀ ਆਪਣੇ ਕੋਲ ਰੱਖ ਲਈਏ ਤੇ ਜਦੋਂ ਰਿਟਾਇਰ ਹੋ ਕੇ ਪੰਜਾਬ ਆਈਏ ਤਾਂ ਆਪਣੇ ਸਾਮਾਨ ਨਾਲ ਇਸ ਨੂੰ ਵੀ ਲੈ ਆਈਏ। ਭਾਵੇਂ ਮਾਂ ਨੂੰ ਇਹ ਤਜਵੀਜ਼ ਪਸੰਦ ਨਹੀਂ ਸੀ ਪਰ ਪਿਤਾ ਜੀ ਨੇ ਸੁਭਾਵਕ ਤੌਰ ਉੱਤੇ ਹਾਮੀ ਭਰ ਦਿੱਤੀ। ਅਗਲੇ ਦਿਨ ਅਲਮਾਰੀ ਸਾਡੇ ਘਰ ਪਹੁੰਚ ਗਈ।

ਮਾਮੀ ਨੇ ਦੱਸਿਆ ਕਿ ਅਲਮਾਰੀ ਉਸਨੇ ਆਪਣੀ ਵੱਡੀ ਕੁੜੀ ਦੇ ਵਿਆਹ ਲਈ ਬੜੀ ਰੀਝ ਨਾਲ ਬਣਵਾਈ ਸੀ। ਜਾਣ ਲੱਗਿਆਂ ਉਸਨੇ ਅਲਮਾਰੀ 'ਤੇ ਹੱਥ ਫੇਰਿਆ ਤਾਂ ਉਸਦੀਆਂ ਅੱਖਾਂ ਵਿਚ ਇਕ ਅਜੀਬ ਜਿਹੀ ਤਰਲਤਾ ਸੀ। ਅਲਮਾਰੀ ਦੇ ਨਾਲ ਤਵਿਆਂ ਵਾਲਾ ਵਾਜਾ ਵੀ ਸਾਨੂੰ ਦਿੰਦਿਆਂ ਉਸਨੇ ਕਿਹਾ, "ਇਹ ਵਾਜਾ ਵੀ ਰੱਖ ਲਿਓ! ਬੱਚੇ ਖੇਡਿਆ ਕਰਨਗੇ। ਬਸ ਇਸ ਦੀ ਸਪਰਿੰਗ ਵਿਚੋਂ ਟੁੱਟੀ ਹੈ, ਇਸ ਲਈ ਵਜਾਉਂਦਿਆਂ ਬਾਰ ਬਾਰ ਚਾਬੀ ਦੇਣੀ ਪੈਂਦੀ ਹੈ।" ਇਸ ਦੇ ਨਾਲ ਕੁਝ ਰਿਕਾਰਡ ਤੇ ਕੁਝ ਸੂਈਆਂ ਵੀ ਸਨ। ਅਸੀਂ ਮਨ ਹੀ ਮਨ ਖੁਸ਼ ਹੋ ਰਹੇ ਸਾਂ ਕਿ ਉਸਦੇ ਜਾਣ ਮਗਰੋਂ ਵਜਾਵਾਂਗੇ। ਸਾਡੇ ਲਈ ਮਾਮੀ ਦੇ ਦੋ ਅੰਗੂਠੇ ਜਿਵੇਂ ਰਹਿਮਤ ਦੇ ਦੋ ਖਜ਼ਾਨੇ ਸਾਬਤ ਹੋਏ ਸਨ।

ਮਾਮੀ ਦੇ ਜਾਣ ਮਗਰੋਂ ਮੈਂ ਤੇ ਮੇਰੇ ਵੱਡੇ ਭਰਾ ਨੇ ਚਾਬੀ ਦੇ ਕੇ ਇਕ ਰਿਕਾਰਡ ਲਾ ਦਿੱਤਾ। ਵਾਜੇ ਵਿਚੋਂ ਨਿਕਲਦੀ ਪਤਲੀ ਆਵਾਜ਼ ਹੈਰਾਨ ਕਰ ਰਹੀ ਸੀ। ਭਰਾ ਨੇ ਮੇਰੀ ਡਿਊਟੀ ਚਾਬੀ ਭਰਨ ਉੱਤੇ ਲਾ ਦਿੱਤੀ ਜੋ ਮੇਰੇ ਲਈ ਵਰਦਾਨ ਸੀ ਕਿਉਂਕਿ ਇਸ ਤਰ੍ਹਾਂ ਮੈਂ ਵਾਜੇ ਨੂੰ ਛੂਹ ਸਕਦਾ ਸਾਂ । ਮੇਰਾ ਧਿਆਨ ਗਾਣਿਆਂ ਵੱਲ ਘੱਟ ਸੀ ਤੇ ਇਸ ਵਿਚੋਂ ਨਿਕਲਦੀ ਪਤਲੀ ਤਿੱਖੀ ਆਵਾਜ਼ ਦੇ ਤਲਿਸਮ ਵੱਲ ਜ਼ਿਆਦਾ। ਅਗਲੇ ਦਿਨ ਭਰਾ ਆਪਣੇ ਦੋਸਤਾਂ ਨੂੰ ਘਰ ਲੈ ਆਇਆ । ਦੋਸਤਾਂ ਵਿਚ ਘਿਰਿਆ ਭਰਾ ਵਾਜਾ ਲਾ ਕੇ ਬੜੇ ਸ਼ਾਨ ਨਾਲ ਉਹਨਾਂ ਨੂੰ ਦੱਸਦਾ ਕਿ ਇਹ ਗਾਣਾ ਫਲਾਣੀ ਫਿਲਮ ਦਾ ਸੀ ਤੇ ਇਹ ਫਲਾਣੀ ਦਾ। ਇਸ ਬਹਾਨੇ ਉਹ ਵੇਖੀਆਂ ਫਿਲਮਾਂ ਦਾ ਗਿਆਨ ਦਰਸਾਉਣਾ ਸ਼ੁਰੂ ਕਰ ਦਿੰਦਾ। ਮੈਨੂੰ ਇਹ ਅਹਿਸਾਸ ਹੋਇਆ ਕਿ ਭਰਾ ਚੋਰੀ-ਛਿਪੇ ਫਿਲਮਾਂ ਵੇਖਦਾ ਸੀ, ਤਾਂ ਹੀ ਤਾਂ ਉਸਦਾ ਫਿਲਮਾਂ ਬਾਰੇ ਗਿਆਨ ਅੱਛਾ ਖਾਸਾ ਸੀ। ਦੁਖ ਵੀ ਲੱਗਾ ਕਿ ਮੈਨੂੰ ਨਾਲ ਕਿਉਂ ਨਹੀਂ ਲਿਜਾਂਦਾ ਰਿਹਾ। ਹੀਆ ਕਰਕੇ ਇਕ ਦਿਨ ਮੈਂ ਵੀ ਆਪਣੇ ਦੋਸਤਾਂ ਨੂੰ ਇਸ ਵਾਜੇ ਬਾਰੇ ਦੱਸਣ ਦੀ ਯੋਜਨਾ ਬਣਾ ਲਈ । ਪਰ ਮੈਂ ਉਹਨਾਂ ਨੂੰ ਓਦਣ ਲਿਆਉਣਾ ਚਾਹੁੰਦਾ ਸਾਂ ਜਿਸ ਦਿਨ ਭਰਾ ਘਰ ਨਾ ਹੋਵੇ ਤਾਂ ਜੁ ਮੈਂ ਆਪਣੇ ਆਪ ਨੂੰ ਇਸ ਵਾਜੇ ਦਾ ਮਾਲਕ ਦਰਸਾ ਸਕਾਂ।

ਵਾਜੇ ਦੇ ਚਾਅ ਵਿਚ ਅਲਮਾਰੀ ਦੀ ਗੱਲ ਤਾਂ ਅਸੀਂ ਭੁੱਲ ਹੀ ਗਏ। ਖੈਰ, ਕਈ ਚਿਰ ਤਕ ਅਲਮਾਰੀ ਕਮਰੇ ਦੇ ਇਕ ਕੋਨੇ ਵਿਚ ਪਈ ਰਹੀ । ਫੇਰ ਇਕ ਦਿਨ ਮਾਂ ਨੇ ਸਾਨੂੰ ਇਸ ਵਿਚ ਕੱਪੜੇ ਰੱਖਣ ਲਈ ਕਿਹਾ। 'ਜੇ ਅਲਮਾਰੀ ਘਰ ਆ ਹੀ ਗਈ ਹੈ ਤਾਂ ਇਸ ਨੂੰ ਵਰਤਣਾ ਚਾਹੀਦਾ ਹੈ', ਮਾਂ ਬੋਲੀ । ਅਲਮਾਰੀ ਕਾਫੀ ਵੱਡੀ ਸੀ ਤੇ ਸਾਡੇ ਕੱਪੜੇ ਥੋੜ੍ਹੇ ਜਿਹੇ। ਮਾਂ ਨੇ ਪਿਤਾ ਜੀ ਦੇ ਕੱਪੜੇ ਵੀ ਇਸ ਵਿਚ ਰੱਖ ਦਿੱਤੇ ਤੇ ਜੋ ਜਗ੍ਹਾ ਬਚ ਗਈ ਉਸ ਵਿਚ ਦਰੀਆਂ ਖੇਸ ਵੀ ਰੱਖ ਦਿੱਤੇ। ਹੌਲੀ ਹੌਲੀ ਕਈ ਨਿਕ-ਸੁਕ ਨਾਲ ਅਲਮਾਰੀ ਨੂੰ ਭਰਨ ਦੀ ਕੋਸ਼ਿਸ਼ ਕੀਤੀ ਗਈ। ਪਰ ਅਲਮਾਰੀ ਕਾਫੀ ਵੱਡੀ ਸੀ, ਉਸਨੇ ਕਿੱਥੇ ਭਰਨਾ ਸੀ। ਇਹ ਗੱਲ ਨਹੀਂ ਕਿ ਰੱਖਣ ਲਈ ਹੋਰ ਸਾਮਾਨ ਨਹੀਂ ਸੀ। ਮਾਂ ਨੇ ਆਪਣੇ ਕੱਪੜੇ ਤੇ ਚੀਜ਼ਾਂ ਇਸ ਵਿਚ ਨਹੀਂ ਸੀ ਰੱਖੀਆਂ। ਉਹ ਲੱਕੜ ਦੇ ਸੰਦੂਕ ਵਿਚ

ਸਨ ਜੋ ਮਾਂ ਆਪਣੇ ਪੇਕਿਆਂ ਤੋਂ ਲੈ ਕੇ ਆਈ ਸੀ। ਮਾਂ ਸੰਦੂਕ ਦਾ ਖਾਸ ਧਿਆਨ ਰੱਖਦੀ ਤੇ ਇਹਦੇ ਉੱਤੇ ਕੱਢਿਆ ਕੱਪੜਾ ਵਿਛਾ ਕੇ ਰੱਖਦੀ। ਅਲਮਾਰੀ ਦੇ ਖ਼ਾਨਿਆਂ ਨੂੰ ਭਰਨ ਲਈ ਅਸੀਂ ਆਪਣੀਆਂ ਕਿਤਾਬਾਂ ਤੇ ਕਾਪੀਆਂ ਪੈਨਸਿਲਾਂ ਵੀ ਰੱਖ ਲਈਆਂ ਸਨ।

ਅਲਮਾਰੀ ਦਾ ਉਪਰਲਾ ਚੋਰ ਖਾਨਾ ਮੈਂ ਇਕ ਦਿਨ ਅਚਾਨਕ ਲੱਭ ਲਿਆ ਸੀ। ਮੈਨੂੰ ਬੰਟੇ ਖੇਡਣ ਦਾ ਬੜਾ ਸ਼ੌਕ ਸੀ। ਛੇਤੀ ਹੀ ਕਈ ਕਿਸਮ ਦੇ ਸੌਡੇ ਚੱਲ ਪੈਣ ਨਾਲ ਇਸ ਦੇ ਢੱਕਣ ਵੀ ਖੇਡ ਵਿਚ ਸ਼ਾਮਲ ਹੋ ਗਏ ਸਨ। ਮੇਰਾ ਨਿਸ਼ਾਨਾ ਚੰਗਾ ਹੋਣ ਕਰਕੇ ਮੈਂ ਅਕਸਰ ਜਿੱਤਦਾ ਸੀ। ਇਸ ਖਜ਼ਾਨੇ ਨੂੰ ਮਾਂ ਤੋਂ ਲੁਕਾ ਕੇ ਰੱਖਣ ਲਈ ਮੈਂ ਅਲਮਾਰੀ ਦੇ ਉੱਪਰ ਪਿੱਛੇ ਜਿਹੇ ਇਸ ਨੂੰ ਰੱਖਣ ਲੱਗ ਪਿਆ। ਇਕ ਦਿਨ ਮੈਂ ਬੰਟੇ ਲਾਹੁਣ ਲਈ ਸਟੂਲ 'ਤੇ ਚੜ੍ਹਿਆ ਤਾਂ ਮੈਂ ਮਹਿਸੂਸ ਕੀਤਾ ਕਿ ਇਕ ਥਾਂ ਉੱਤੇ ਬਾਰੀਕ ਛੇਕ ਹੈ। ਮੈਂ ਸੀਖ ਪਾ ਕੇ ਜ਼ੋਰ ਦੀ ਦੱਬਿਆ ਤਾ ਉੱਪਰ ਦਾ ਫੱਟਾ ਖੁਲ੍ਹ ਗਿਆ । ਵੇਖਿਆ ਤਾ ਹੇਠਾਂ ਇਕ ਖਾਨਾ ਬਣਿਆ ਹੋਇਆ ਸੀ ਜਿਸ ਵਿਚ ਸਾਮਾਨ ਰੱਖਣ ਲਈ ਕਾਫ਼ੀ ਥਾਂ ਸੀ । ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ । ਅਲਮਾਰੀ ਦੇ ਉੱਤੇ ਰੱਖੇ ਸਾਮਾਨ ਬਾਰੇ ਹਮੇਸ਼ਾ ਧੁੜਕੂ ਲੱਗਾ ਰਹਿੰਦਾ ਸੀ ਕਿ ਕਿਤੇ ਮਾਂ ਨਾਰਾਜ਼ ਹੋ ਕੇ ਸੁੱਟ ਹੀ ਨਾ ਦੇਵੇ। ਇਸ ਨੇ ਮੇਰੀ ਇਸ ਪਰੇਸ਼ਾਨੀ ਨੂੰ ਹੀ ਖਤਮ ਕਰ ਦਿੱਤਾ ਤੇ ਇਸ ਤਹਿਖਾਨੇ ਵਿਚ ਆਪਣੇ ਖਜ਼ਾਨੇ ਨੂੰ ਲੁਕਾ ਕੇ ਮੈਂ ਸਕੂਨ ਮਹਿਸੂਸ ਕਰਨ ਲੱਗਾ।

ਸਮਾਂ ਲੰਘਦਾ ਗਿਆ ਤੇ ਪਿਤਾ ਜੀ ਦੀ ਰਿਟਾਇਰਮੈਂਟ ਨੇੜੇ ਆਉਂਦੀ ਗਈ। ਮਾਮੀ ਦੇ ਖ਼ਤ ਜੋ ਪਹਿਲਾਂ ਕਦੀ ਕਦਾਈਂ ਆਉਂਦੇ ਸਨ ਹੁਣ ਵਧੇਰੇ ਆਉਣ ਲੱਗ ਪਏ। ਪਿੰਡ ਦੀਆਂ ਗੱਲਾਂ ਤੋਂ ਇਲਾਵਾ ਅਲਮਾਰੀ ਦਾ ਜ਼ਿਕਰ ਜ਼ਰੂਰ ਹੁੰਦਾ। ਮਾਮੀ ਨੇ ਆਪਣੀ ਵੱਡੀ ਕੁੜੀ ਮੰਗ ਦਿੱਤੀ ਸੀ ਤੇ ਉਹ ਚਾਹੁੰਦੀ ਸੀ ਕਿ ਜਦੋਂ ਅਸੀਂ ਪੰਜਾਬ ਆਈਏ ਤਾਂ ਹੀ ਉਹ ਵਿਆਹ ਦੀ ਤਰੀਕ ਪੱਕੀ ਕਰੇਗੀ। ਇਹ ਗੱਲ ਸੁਣ ਕੇ ਮੈਂ ਬੇਚੈਨ ਹੋ ਜਾਂਦਾ । ਮੇਰਾ ਦਿਲ ਬੈਠਣ ਲੱਗ ਪੈਂਦਾ । ਜੇ ਅਲਮਾਰੀ ਚਲੀ ਗਈ ਤਾਂ ਮੇਰੇ ਖਜ਼ਾਨੇ ਦਾ ਕੀ ਬਣੇਗਾ। ਹਾਲਾਂ ਕਿ ਮੈਂ ਹੁਣ ਬੰਟੇ ਖੇਲਣੇ ਛੱਡ ਦਿੱਤੇ ਸਨ ਪਰ ਮੈਨੂੰ ਹਾਲੀ ਵੀ ਆਪਣੇ ਖ਼ਜ਼ਾਨੇ ਨਾਲ ਮੋਹ ਸੀ । ਇਸੇ ਸਮੇਂ ਦੌਰਾਨ ਵੱਡੇ ਭਰਾ ਦੀ ਨੌਕਰੀ ਲੱਗ ਗਈ । ਉਹ ਬਿਹਾਰ ਵਿਚ ਦਾਨਾਪੁਰ ਦੀ ਲੋਕੋ ਸ਼ੈੱਡ ਵਿਚ ਚਾਰਜਮੈਨ ਲੱਗ ਗਿਆ । ਰਿਟਾਇਰ ਹੋ ਕੇ ਉਸਨੇ ਸਾਨੂੰ ਉਥੇ ਹੀ ਬੁਲਾ ਲਿਆ । ਪੰਜਾਬ ਜਾਣ ਦੀ ਗੱਲ ਟਲ ਗਈ ਸੀ। ਸਾਡੇ ਨਾਲ ਅਲਮਾਰੀ ਵੀ ਦਾਨਾਪੁਰ ਆ ਗਈ । ਕਾਫੀ ਚਿਰ ਤਕ ਸਾਨੂੰ ਮਾਮੀ ਦੀ ਕੋਈ ਖ਼ਬਰ ਨਾ ਮਿਲੀ। ਹੋ ਸਕਦਾ ਹੈ ਕਿ ਸਾਡੇ ਇਥੇ ਆ ਜਾਣ ਦਾ ਉਸਨੂੰ ਪਤਾ ਹੀ ਨਾ ਲੱਗਾ ਹੋਵੇ। ਇਹ ਵੀ ਹੋ ਸਕਦਾ ਹੈ ਕਿ ਘਰ ਵਾਲਿਆਂ ਨੇ ਉਸਨੂੰ ਇਸ ਦੀ ਸੂਚਨਾ ਜਾਣ ਬੁੱਝ ਕੇ ਨਾ ਦਿੱਤੀ ਹੋਵੇ। ਕੀ ਪਤਾ ਉਹ ਪਹਿਲੇ ਪਤੇ 'ਤੇ ਹੀ ਖਤ ਲਿਖਦੀ ਰਹੀ ਹੋਵੇ। ਪਿਤਾ ਜੀ ਪੰਜਾਬ ਗਏ ਤਾਂ ਉਹਨਾਂ ਨੇ ਆ ਕੇ ਦੱਸਿਆ ਕਿ ਮਾਮੀ ਦੀ ਵੱਡੀ ਕੁੜੀ ਵਿਆਹੀ ਗਈ ਸੀ। ਸਪਸ਼ਟ ਸੀ ਕਿ ਉਹ ਆਪਣੇ ਸਹੁਰੇ ਨਹੀਂ ਗਏ ਸਨ। ਇਸ ਗੱਲ ਨੇ ਮੈਨੂੰ ਸਕੂਨ ਵੀ ਦਿੱਤਾ ਸੀ ਪਰ ਨਾਲ ਇਕ ਅਜੀਬ ਜਿਹੀ ਅਪਰਾਧ-ਭਾਵਨਾ ਦਾ ਅਹਿਸਾਸ ਵੀ ਹੋਇਆ ਸੀ। ਮਾਮੀ ਸਾਡੇ ਬਾਰੇ ਪਤਾ ਨਹੀਂ ਕੀ ਸੋਚਦੀ ਹੋਵੇ। ਜੇ ਕਿਤੇ ਮਾਮੀ ਆ ਜਾਵੇ ਤਾਂ ਉਹ ਸਾਨੂੰ ਕੀ ਕਹੇ ? ਮੈਨੂੰ ਜਾਪਿਆ ਜਿਵੇਂ ਵਾਜੇ ਨੂੰ ਬਾਰ ਬਾਰ ਚਾਬੀ ਦੇਣ ਵਾਲੀ ਗੱਲ ਦਰਅਸਲ ਅਲਮਾਰੀ ਬਾਰੇ ਆਪਣੀ ਗੱਲ ਨੂੰ ਬਾਰ ਬਾਰ ਯਾਦ ਦਵਾਉਣ ਦਾ ਸੰਕੇਤ ਹੀ ਹੋਵੇ।

ਮੈਨੂੰ ਅੱਜ ਵੀ ਯਾਦ ਹੈ ਕਿ ਦਾਨਾਪੁਰ ਆ ਕੇ ਸਾਡਾ ਪਰਿਵਾਰ ਕਿਸ ਤਰ੍ਹਾਂ ਹਾਲਾਤ ਦੀ ਹਨੇਰੀ ਵਿਚ ਫਸ ਗਿਆ ਸੀ। ਲੰਮੇ ਸਮੇਂ ਤਕ ਅਸੀਂ ਗੁਮਨਾਮੀ ਦੇ ਹਨੇਰੇ ਵਿਚ ਗੁਆਚੇ ਰਹੇ ਸਾਂ। ਅਲਮਾਰੀ ਵੀ ਜਿਵੇਂ ਸਾਡੇ ਧਿਆਨ ਵਿਚੋਂ ਗੁਆਚ ਗਈ ਸੀ। ਦਰਅਸਲ ਕਿਸੇ ਕਾਰਨ ਨਰਾਜ਼ ਹੋ ਕੇ ਵੱਡਾ ਭਰਾ ਇਥੋਂ ਟਰਾਂਸਫਰ ਕਰਾ ਕੇ ਸਾਨੂੰ ਆਪਣੇ ਹਾਲ ਉੱਤੇ ਛੱਡ ਕੇ ਮੁਗਲਸਰਾਏ ਚਲਾ ਗਿਆ । ਰਿਟਾਇਰ ਹੋਣ ਸਮੇਂ ਪਿਤਾ ਜੀ ਨੂੰ ਜੋ ਥੋੜ੍ਹੀ ਬਹੁਤ ਰਕਮ ਮਿਲੀ ਸੀ ਉਹ ਛੇਤੀ ਹੀ

ਖੁਰਦ-ਬੁਰਦ ਹੋ ਗਈ । ਮੇਰੀ ਪੜ੍ਹਾਈ ਵਿਚੇ ਹੀ ਲਟਕ ਗਈ । ਪਰਿਵਾਰ ਦੇ ਖਰਚੇ ਨੂੰ ਚਲਾਉਣ ਲਈ ਪਿਤਾ ਜੀ ਪਟਨਾ ਸਾਹਿਬ ਦੇ ਗੁਰਦੁਆਰੇ ਵਿਚ ਸੇਵਾਦਾਰ ਲੱਗ ਗਏ। ਖਗੌਲ (ਦਾਨਾਪੁਰ) ਦੇ ਗੁਰਦਵਾਰੇ ਵਿਚ ਇਕ ਛੋਟਾ ਜਿਹਾ ਕਮਰਾ ਲੈ ਕੇ ਪਰਿਵਾਰ ਰਹਿਣ ਲੱਗ ਪਿਆ। ਇਹ ਸੌਣ ਦਾ ਕਮਰਾ ਵੀ ਸੀ ਤੇ ਰਸੋਈ ਵੀ। ਇਕ ਦੇ ਉੱਤੇ ਦੂਜੇ ਮੰਜੇ ਨੂੰ ਟਿਕਾ ਲਿਆ ਗਿਆ ਸੀ। ਹੇਠਲੇ ਮੰਜੇ ਉੱਤੇ ਮਾਂ ਮੇਰੀਆਂ ਦੋ ਭੈਣਾਂ ਨਾਲ ਸੌਂਦੀ ਸੀ ਤੇ ਉਪਰਲੇ ਉੱਤੇ ਪਿਤਾ ਤੇ ਮੇਰੀ ਸਭ ਤੋਂ ਛੋਟੀ ਭੈਣ। ਅਲਮਾਰੀ ਤੇ ਪੇਟੀਆਂ ਅਸੀਂ ਕਿਸੇ ਦੇ ਘਰ ਰਖਵਾ ਦਿੱਤੀਆਂ ਸਨ। ਆਪਣੇ ਇਕ ਮਿੱਤਰ ਦੀ ਕੋਠੀ ਦਾ ਆਊਟ ਹਾਊਸ ਮੈਨੂੰ ਰਹਿਣ ਤੇ ਪੜ੍ਹਨ ਲਈ ਮਿਲ ਗਿਆ ਸੀ । ਮੇਰੇ ਇਸ ਦੋਸਤ ਦੇ ਪਿਤਾ ਉੱਤਰੀ ਰੇਲਵੇ ਦੀ ਕੈਟਰਿੰਗ ਦੇ ਇੰਚਾਰਜ ਅਫ਼ਸਰ ਸਨ। ਕਈ ਵੇਰ ਜਾਪਦਾ ਜਿਵੇਂ ਇਹ ਕਮਰਾ ਅਲਮਾਰੀ ਵਰਗਾ ਹੈ । ਫਰਕ ਸਿਰਫ ਇੰਨਾ ਸੀ ਕਿ ਇਸ ਕਮਰੇ ਵਿਚ ਨਾ ਤਾਂ ਅਲਮਾਰੀ ਵਾਂਗ ਵਾਧੂ ਥਾਂ ਸੀ ਤੇ ਨਾ ਹੀ ਮਨ ਦੀਆਂ ਗੱਲਾਂ ਨੂੰ ਲੁਕਾਉਣ ਲਈ ਕੋਈ ਚੋਰ ਖਾਨਾ।

ਘਰ ਦਾ ਖਰਚਾ ਚਲਾਉਣ ਲਈ ਮੈਂ ਵੀ ਹੱਥ ਪੈਰ ਮਾਰਨ ਲੱਗ ਪਿਆ ਕਿਉਂਕਿ ਪਿਤਾ ਜੀ ਨੂੰ ਜੋ ਪੈਸੇ ਮਿਲਦੇ ਸਨ ਉਸ ਨਾਲ ਸਰਦਾ ਨਹੀਂ ਸੀ। ਮੈਂ ਕੱਪੜਾ ਵੇਚਣ ਦਾ ਕੰਮ ਸ਼ੁਰੂ ਕਰ ਦਿੱਤਾ। ਬਿਹਾਰ ਵਿਚ ਪਿੰਡਾਂ ਦੇ ਬਾਜ਼ਾਰ ਹਫਤੇ ਵਿਚ ਦੋ ਵਾਰ ਵੱਖ ਵੱਖ ਕਸਬਿਆਂ ਵਿਚ ਲਗਦੇ ਹਨ। ਸਾਇਕਲ ਪਿੱਛੇ ਗੰਢੜੀ ਰੱਖ ਕੇ ਇਹਨਾਂ ਬਾਜ਼ਾਰਾਂ ਵਿਚ ਸਵੇਰੇ ਕੱਪੜਾ ਵੇਚਣ ਜਾਂਦਾ ਤੇ ਹਨੇਰੇ ਜਿਹੇ ਵਾਪਸ ਪਰਤਦਾ। ਕੱਪੜਾ ਲੈਣ ਵਾਲੇ ਬਹੁਤੇ ਪਿੰਡ ਦੇ ਗਰੀਬ ਲੋਕ ਹੁੰਦੇ। ਉਹ ਓਨਾ ਹੀ ਕੱਪੜਾ ਲੈਂਦੇ ਜਿੰਨੇ ਦੀ ਘੱਟ ਤੋਂ ਘੱਟ ਲੋੜ ਹੁੰਦੀ। ਆਮ ਤੌਰ ਉੱਤੇ ਮਾਰਕੀਨ (ਕੋਰਾ ਲੱਠਾ) ਤੇ ਸਾੜ੍ਹੀ ਥੱਲ੍ਹੇ ਬੰਨ੍ਹਣ ਲਈ ਸਾਏ ਦਾ ਸਸਤਾ ਕੱਪੜਾ ਵਿਕਦਾ।

ਜਦੋਂ ਦਿਨ ਮਾੜੇ ਹੋਣ ਤਾਂ ਦੁੱਖ ਬਰਸਾਤ ਦੇ ਬੱਦਲਾਂ ਵਾਂਗ ਘਿਰ ਘਿਰ ਕੇ ਆਉਂਦੇ ਹਨ। ਸਖਤ ਮਿਹਨਤ ਕਰਕੇ ਮੈਂ ਬਿਮਾਰ ਹੋ ਗਿਆ। ਬੁਖ਼ਾਰ ਲਗਪਗ ਰੋਜ਼ ਚੜ੍ਹ ਜਾਂਦਾ। ਖੰਘ ਵੀ ਲਗਾਤਾਰ ਆਉਂਦੀ ਰਹਿੰਦੀ। ਮੂੰਹ ਵਿਚ ਪਾਣੀ ਭਰ ਜਾਂਦਾ ਤੇ ਥੁੱਕਣ ਉੱਤੇ ਉਸ ਵਿਚ ਬਲਗਮ ਦੇ ਨਿੱਕੇ ਨਿੱਕੇ ਟੁਕੜੇ ਨਜ਼ਰ ਆਉਂਦੇ। ਡਾਕਟਰ ਨੂੰ ਦਿਖਾਇਆ ਤਾਂ ਉਸਨੇ ਐਕਸਰੇ ਕਰਾਉਣ ਦੀ ਸਲਾਹ ਦਿੱਤੀ। ਬਾਅਦ ਵਿਚ ਪਤਾ ਚੱਲਿਆ ਕਿ ਮੈਨੂੰ ਟੀਬੀ ਹੋ ਗਈ ਸੀ। ਸ਼ਾਇਦ ਇਸਦਾ ਕਾਰਣ ਬਹੁਤਾ ਸਾਇਕਲ ਚਲਾਉਣਾ ਸੀ। ਟੀਬੀ ਸੈਂਟਰ ਤੋਂ ਸਟੈਪਟੋਮਾਇਸੀਨ ਦੇ ਟੀਕੇ ਲਵਾਣ ਲਈ ਮਿਲਦੇ ਸਨ ਤੇ ਨਾਲ ਖਾਣ ਲਈ ਗੋਲੀਆਂ। ਇਕ ਦਿਨ ਪਟਨੇ ਤੋਂ ਪਿਤਾ ਜੀ ਖ਼ਬਰ ਲੈ ਕੇ ਆਏ ਊਧਮ ਸਿੰਘ ਦੀ ਮੌਤ ਹੋ ਗਈ ਸੀ ਤੇ ਉਸਦੇ ਮੁੰਡੇ ਨੇ ਦੂਸਰੀ ਕੁੜੀ ਦਾ ਵਿਆਹ ਵੀ ਕਰ ਦਿੱਤਾ ਸੀ। ਉਸਨੇ ਆਪ ਵੀ ਬੰਬਈ ਵਿਚ ਵਿਆਹ ਕਰਵਾ ਲਿਆ ਸੀ। ਹੁਣ ਪਿੰਡ ਵਿਚ ਸਭ ਤੋਂ ਛੋਟੀ ਕੁੜੀ ਮਾਮੀ ਨਾਲ ਰਹਿੰਦੀ ਸੀ। ਇਹ ਖ਼ਬਰ ਸੁਣ ਕੇ ਬੜਾ ਦੁੱਖ ਹੋਇਆ। ਲੱਗਾ ਕਿ ਮਾਮੀ ਸਾਡੇ ਨਾਲੋਂ ਵੀ ਵੱਧ ਦੁਖੀ ਹੋਵੇਗੀ। ਜੇ ਉਸਨੂੰ ਸਾਡੀ ਹਾਲਤ ਦਾ ਪਤਾ ਲੱਗੇ ਤਾਂ ਉਹ ਕੀ ਸੋਚੇਗੀ? ਮਾਮੀ ਬਾਰੇ ਸੋਚਦਾ ਤਾਂ ਅਜੀਬ ਜਿਹਾ ਅਹਿਸਾਸ ਹੁੰਦਾ ਕਿ ਜਿਹੜੀ ਅਲਮਾਰੀ ਉਸਨੇ ਬੜੀ ਸੱਧਰ ਨਾਲ ਵੱਡੀ ਕੁੜੀ ਲਈ ਬਣਵਾਈ ਸੀ ਕੀ ਉਸ ਦੀ ਆਸ ਹੁਣ ਛੋਟੀ ਕੁੜੀ ਦੀ ਆਸ ਨਾਲ ਜੁੜ ਗਈ ਹੈ। ਮੈਂ ਅਕਸਰ ਸੋਚਦਾ ਕਿ ਇਹ ਆਸ ਪੂਰੀ ਵੀ ਹੋਵੇਗੀ ਜਾਂ ਨਹੀਂ। ਆਸ ਵੀ ਕੀ ਸ਼ੈਅ ਹੈ? ਬੰਦੇ ਨੂੰ ਜੀਣ ਦਾ ਬਹਾਨਾ ਮੁਹੱਈਆ ਕਰਾ ਦਿੰਦੀ ਹੈ। ਕਈ ਵੇਰ ਲਗਦਾ ਕਿ ਕੀ ਹੁਣ ਪੰਜਾਬ ਵਾਪਸ ਜਾਣਾ ਸੰਭਵ ਨਹੀਂ ਹੋਵੇਗਾ। ਪਤਾ ਨਹੀਂ ਜਦੋਂ ਅਸੀਂ ਪੰਜਾਬ ਪਰਤੀਏ ਤਦ ਤਕ ਉਸਦਾ ਵੀ ਵਿਆਹ ਹੋ ਚੁੱਕਾ ਹੋਵੇ। ਮੇਰੀਆਂ ਅੱਖਾਂ ਅੱਗੇ ਇਕ ਸੋਹਣੀ ਜਿਹੀ ਭੋਲੀ ਕੁੜੀ ਦਾ ਚਿਹਰਾ ਫਿਰ ਜਾਂਦਾ ਜਿਸ ਨੂੰ ਮੈਂ ਬਹੁਤ ਨਿੱਕੀ ਜਿਹੀ ਨੂੰ ਵੇਖਿਆ ਸੀ। ਮੈਨੂੰ ਜਾਪਦਾ ਕਿ ਭਾਵੇਂ ਉਸ ਦੀਆਂ ਅੱਖਾਂ ਵਿਚ ਆਸ ਦੀ ਚਮਕ ਸੀ ਜਦ ਕਿ ਅਲਮਾਰੀ ਦੂਜਿਆਂ ਦੇ ਘਰ ਰੁਲ ਰਹੀ ਹੈ। ਹਾਲਾਤ ਨੇ ਅਲਮਾਰੀ ਵਿਚ ਸਾਂਭੇ ਪਏ ਮੇਰੇ ਖਜ਼ਾਨੇ ਪ੍ਰਤਿ ਮੋਹ ਨੂੰ ਜਿਵੇਂ ਖਤਮ ਕਰ ਦਿੱਤਾ ਸੀ। ਇਕ ਦਿਨ ਮੈਂ ਪੁਰਾਣਾ ਤਵਿਆਂ ਵਾਲਾ ਵਾਜਾ ਕੱਢ ਕੇ ਝਾੜਿਆ

ਪੂੰਝਿਆ ਤੇ ਫਿਰ ਚਾਬੀ ਭਰਕੇ ਉਸ ਨੂੰ ਚਲਾ ਦਿੱਤਾ। ਉਸ ਵਿਚੋਂ ਜਿਵੇਂ ਰੋਣ ਦੀ ਆਵਾਜ਼ ਚੁਫੇਰੇ ਖਿੱਲਰ ਗਈ। ਲੱਗਾ ਜਿਵੇਂ ਮਾਮੀ ਦੀ ਛੋਟੀ ਕੁੜੀ ਰੋਂਦੀ ਪਈ ਹੋਵੇ। ਅਲਮਾਰੀ ਵਿਚ ਪਿਆ ਮੇਰਾ ਖਜ਼ਾਨਾ, ਜੋ ਮੈਂ ਕਈ ਸਾਲਾਂ ਤੋਂ ਵੇਖਿਆ ਨਹੀਂ ਸੀ, ਵੀ ਮੈਨੂੰ ਉਸਦੇ ਨਾਲ ਰੋਂਦਾ ਪਿਆ ਜਾਪਿਆ। ਫੇਰ ਅਚਾਨਕ ਮੈਨੂੰ ਜਾਪਿਆ ਕਿ ਮੇਰੀਆਂ ਗਲ੍ਹਾਂ ਤਰਲ ਹੋ ਗਈਆਂ ਹੋਣ। ਕੀ ਮਾਮੀ ਦੀ ਛੋਟੀ ਕੁੜੀ ਰੋ ਰਹੀ ਸੀ ਜਾਂ ਮੈਂ, ਕੀ ਪਤਾ ਅਸੀਂ ਦੋਵੇਂ ਹੀ ਰੋ ਰਹੇ ਹੋਈਏ; ਉਹ ਆਸ ਵਿਚ ਤੇ ਮੈਂ ਨਿਰਾਸਤਾ ਵਿਚ?

ਬਿਮਾਰੀ ਕਰਕੇ ਮੇਰਾ ਕੱਪੜੇ ਦਾ ਕੰਮ ਠੱਪ ਹੋ ਗਿਆ ਸੀ। ਘਰ ਦਾ ਖਰਚਾ ਚਲਾਉਣ ਲਈ ਪਿਤਾ ਜੀ ਵੱਲੋਂ ਕਮਾਏ ਪੈਸੇ ਕਾਫੀ ਨਹੀਂ ਸਨ। ਨਤੀਜੇ ਵਜੋਂ ਮੈਨੂੰ ਆਪਣਾ ਇਲਾਜ ਵਿਚੇ ਛੱਡਣਾ ਪਿਆ ਸੀ। ਘਰ ਦੀਆਂ ਔਕੜਾਂ ਨੂੰ ਕੁਝ ਹੱਦ ਤਕ ਦੂਰ ਕਰਨ ਲਈ ਮੈਂ ਨੌਕਰੀ ਲੱਭਣ ਲੱਗਾ। ਇਸੇ ਵੇਲੇ ਹਰਿਮੰਦਰ ਸਾਹਿਬ ਪਟਨੇ ਦੀ ਹੋਮੀਓ ਡਿਸਪੈਂਸਰੀ ਦੇ ਡਾਕਟਰ ਦੇ ਯਤਨ ਨਾਲ ਮੈਨੂੰ ਗੁਰੂ ਗੋਬਿੰਦ ਸਿੰਘ ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੀ ਨੌਕਰੀ ਮਿਲ ਗਈ। ਇੰਟਰਵਿਊ 'ਤੇ ਜਾਣ ਤੋਂ ਦੋ ਤਿੰਨ ਦਿਨ ਪਹਿਲਾਂ ਮੈਂ ਪੰਜਾਬੀ ਲਿਖਣ ਤੇ ਪੜ੍ਹਨ ਦੀ ਖ਼ੂਬ ਮਸ਼ਕ ਕੀਤੀ ਤਾਂ ਜੁ ਮੈਨੂੰ ਇੰਟਰਵਿਊ ਵਿਚ ਸ਼ਰਮ ਦਾ ਸਾਹਮਣਾ ਨਾ ਕਰਨਾ ਪਵੇ। ਸਕੂਲ ਦੀ ਨੌਕਰੀ ਮਿਲ ਗਈ ਪਰ ਤਨਖਾਹ ਬਹੁਤ ਥੋੜ੍ਹੀ ਸੀ, ਮਹੀਨੇ ਦੇ ਕੇਵਲ 59 ਰੁਪੈ।

ਪਟਨਾ ਸਿਟੀ ਜਾਣ ਲਈ ਮੈਨੂੰ ਸਵੇਰੇ ਚਾਰ ਵੀਹ ਦੀ ਪਸਿੰਜਰ ਫੜਨੀ ਪੈਂਦੀ ਸੀ। ਸਕੂਲ ਵਿਚ ਸਿੱਖ ਬੱਚੇ ਬਹੁਤ ਥੋੜ੍ਹੇ ਸਨ ਕਿਉਂਕਿ ਬਹੁਤੇ ਸਿੱਖ ਰੱਜੇ-ਪੁੱਜੇ ਘਰੋਂ ਸਨ ਤੇ ਉਹ ਆਪਣੇ ਬੱਚਿਆਂ ਨੂੰ ਕਾਨਵੈਂਟ ਜਾਂ ਕਿਸੇ ਚੰਗੇ ਸਕੂਲ ਭੇਜਦੇ ਸਨ। ਸਕੂਲ ਦੇ ਬਹੁਤੇ ਬੱਚੇ ਗਰੀਬ ਘਰਾਂ ਦੇ ਦਲਿਤ ਹਿੰਦੂ ਸਨ। ਬਹੁਤਿਆਂ ਦੇ ਕੱਪੜੇ ਮੈਲੇ ਤੇ ਪਾਟੇ ਪੁਰਾਣੇ ਹੁੰਦੇ। ਉਹਨਾਂ ਦੇ ਪਾਟੇ ਬਸਤਿਆਂ ਵਿਚ ਸਲੇਟ ਤੇ ਪਾਟੀ ਹੋਈ ਇਕ ਅੱਧ ਕਿਤਾਬ ਹੁੰਦੀ। ਭਾਵੇਂ ਮੇਰੀ ਨੌਕਰੀ ਪੰਜਾਬੀ ਵਰਣਮਾਲਾ ਸਿਖਾ ਕੇ ਸਿੱਖ ਧਰਮ-ਪੋਥੀਆਂ ਪੜ੍ਹਾਉਣਾ ਸੀ, ਪਰ ਮੈਂ ਉਹਨਾਂ ਨੂੰ ਪੰਜਾਬੀ ਲਿਖਣੀ ਪੜ੍ਹਨੀ ਸਿਖਾਉਣ 'ਤੇ ਜ਼ੋਰ ਦਿੰਦਾ ਤਾ ਕਿ ਉਹਨਾਂ ਨੂੰ ਇਕ ਹੋਰ ਭਾਸ਼ਾ ਦਾ ਗਿਆਨ ਮਿਲ ਜਾਵੇ। ਪ੍ਰਾਇਮਰੀ ਦਾ ਇੰਚਾਰਜ ਬਿਹਾਰੀ ਹਿੰਦੂ ਸੀ ਜੋ ਮੈਨੂੰ ਦਬੀ ਜ਼ਬਾਨ ਵਿਚ ਸਮਝਾਉਂਦਾ ਕਿ ਮੈਂ ਇਦਾਂ ਨਾ ਕਰਾਂ ਤੇ ਧਰਮ ਪੋਥੀਆਂ ਹੀ ਪੜ੍ਹਾਵਾਂ।

ਮੇਰੀਆਂ ਭੈਣਾਂ ਵੱਡੀਆਂ ਹੋ ਰਹੀਆਂ ਸਨ ਪਰ ਉਹਨਾਂ ਨੂੰ ਕਿਸੇ ਸਕੂਲ ਵਿਚ ਨਹੀਂ ਭੇਜਿਆ ਜਾ ਰਿਹਾ ਸੀ। ਸਕੂਲ ਦੇ ਬੱਚਿਆਂ ਨੂੰ ਵੇਖ ਕੇ ਮੈਨੂੰ ਅਕਸਰ ਉਹਨਾਂ ਦੀ ਯਾਦ ਆਉਂਦੀ। ਇਕ ਦਿਨ ਮੈਂ ਆਪਣਾ ਖਜ਼ਾਨਾ ਵੇਖਣ ਉਸ ਘਰ ਗਿਆ ਜਿੱਥੇ ਅਲਮਾਰੀ ਰੱਖੀ ਹੋਈ ਸੀ। ਮੈਨੂੰ ਇਹ ਵੇਖ ਕੇ ਹੈਰਾਨੀ ਹੋਈ ਕਿ ਖਜ਼ਾਨੇ ਵਾਲਾ ਖਾਨਾ ਸੱਖਣਾ ਸੀ। ਅਲਮਾਰੀ ਵਿਚ ਘਰਵਾਲਿਆਂ ਨੇ ਆਪਣਾ ਕਬਾੜ ਵਾੜਿਆ ਹੋਇਆ ਸੀ। ਮੇਰਾ ਜੀਅ ਕੀਤਾ ਕਿ ਪੁੱਛਾਂ ਕਿ ਤੁਸੀਂ ਕੌਣ ਹੁੰਦੇ ਜੋ ਮੇਰੇ ਖਜ਼ਾਨੇ ਨੂੰ ਸੁੱਟਣ ਵਾਲੇ ਤੇ ਮੇਰੀ ਅਲਮਾਰੀ ਉੱਤੇ ਕਬਜ਼ਾ ਕਰਨ ਵਾਲੇ? ਫਿਰ ਮੈਂ ਸੋਚਿਆ ਕਿ ਮੈਂ ਵੀ ਕੌਣ ਹੁੰਦਾ ਹਾਂ ਇਸ ਅਲਮਾਰੀ ਉੱਤੇ ਹੱਕ ਜਤਾਣ ਵਾਲਾ? ਜਿਹਨਾਂ ਦੀ ਅਲਮਾਰੀ ਹੈ ਉਹਨਾਂ ਬਾਰੇ ਕੀ ਅਸੀਂ ਕਦੀ ਸੋਚਿਆ?

ਬਿਮਾਰੀ ਤੇ ਮੰਦਹਾਲੀ ਨੇ ਮੇਰੇ ਸੁਭਾਅ ਨੂੰ ਚਿੜਚਿੜਾ ਤੇ ਅੱਖੜ ਬਣਾ ਦਿੱਤਾ ਸੀ। ਨੌਕਰੀ ਕਰਦਿਆਂ ਮੈਂ ਨਾ ਕੇਵਲ ਮਨਮਰਜ਼ੀ ਕਰਦਾ ਸਗੋਂ ਕਈ ਮਸਲਿਆਂ ਉੱਤੇ ਆਕੜ ਵੀ ਜਾਂਦਾ। ਇਹ ਗੱਲ ਬੜੀ ਘਾਤਕ ਸੀ ਕਿਉਂਕਿ ਇਸ ਤਰ੍ਹਾਂ ਮੈਂ ਨੌਕਰੀ ਤੋਂ ਹੱਥ ਧੋ ਸਕਦਾ ਸਾਂ। ਇਸ ਅੱਖੜਪਣੇ ਨੇ ਮੈਨੂੰ ਜਿਵੇਂ ਬਦਹਵਾਸ ਕਰ ਦਿੱਤਾ ਸੀ। ਪਰ ਕੁਝ ਸੀ ਜੋ ਮੈਨੂੰ ਹੌਸਲਾ ਵੀ ਦੇ ਰਿਹਾ ਸੀ। ਇਹ ਸੀ ਸੁਪਨੇ ਲੈਣਾ। ਇਹਨਾਂ ਸੁਪਨਿਆਂ ਵਿਚ ਮੈਂ ਜਿਵੇਂ ਵਿਕਾਸ ਦੇ ਕਈ ਕਈ ਪੰਧ ਤੈਅ ਕਰਦਾ। ਮਨ ਦੇ ਅੰਦਰ ਲੁਕੀ ਸੁਪਨੇ ਲੈਣ ਦੀ ਇਸ ਚਾਹ ਨੇ ਹੀ ਜਿਵੇਂ ਮੈਨੂੰ ਜਿਉਂਦਿਆਂ ਰੱਖਿਆ ਹੋਇਆ ਸੀ। ਦੁੱਖਾਂ ਤਕਲੀਫਾਂ ਨਾਲ ਲੜਨ ਦੀ ਤਾਕਤ ਵੀ ਸ਼ਾਇਦ ਇਸਨੇ ਹੀ ਦਿੱਤੀ

ਸੀ। ਪਰ ਕਈ ਵੇਰ ਜਾਪਦਾ ਕਿ ਜਿਸ ਚਾਹ ਉੱਤੇ ਮੈਂ ਐਨਾ ਮਾਣ ਕਰ ਰਿਹਾ ਹਾਂ ਕੀ ਉਹ ਅਲਮਾਰੀ ਦੇ ਖਾਲੀ ਖਾਨੇ ਵਰਗੀ ਨਹੀਂ ਸੀ। ਉਸ ਖਾਨੇ ਵਰਗੀ ਜਿਸ ਵਿਚ ਹੁਣ ਮੇਰਾ ਖਜ਼ਾਨਾ ਨਹੀਂ ਸੀ। ਕੀ ਸੁਪਨੇ ਲੈਣਾ ਮੱਧ ਵਰਗ ਦਾ ਸ੍ਵੈ-ਛਲਾਵਾ ਨਹੀਂ ਸੀ? ਅਕਸਰ ਪਿਤਾ ਜੀ ਵੀ ਤਾਂ ਇਸੇ ਆਸ ਵਿਚ ਲਾਟਰੀ ਦੀ ਟਿਕਟ ਖਰੀਦਦੇ ਕਿ ਕਦੀ ਸਾਡੇ ਵੀ ਦਿਨ ਫਿਰਨਗੇ? ਦਿਨ ਤਾਂ ਕੀ ਫਿਰਨੇ ਸਨ ਸਗੋਂ ਸਾਡੀ ਹਾਲਤ ਲਗਾਤਾਰ ਮਾੜੀ ਹੁੰਦੀ ਜਾ ਰਹੀ ਸੀ। ਕਈ ਵਾਰ ਜਾਪਦਾ ਕਿ ਲਾਟਰੀਆਂ ਇਸੇ ਵਰਗ ਦੇ ਸਿਰ ਉੱਤੇ ਚੱਲ ਰਹੀਆਂ ਸਨ।

ਇਸ ਘੁੱਪ ਹਨੇਰੇ ਵਿਚ ਇਕ ਦਿਨ ਇਕ ਚਮਕਦਾ ਸਿਤਾਰਾ ਨਜ਼ਰ ਆਇਆ ਪਰ ਉਹ ਜਿੰਨੀ ਤੇਜ਼ੀ ਨਾਲ ਚਮਕਿਆ ਸੀ ਉਨੀ ਹੀ ਤੇਜ਼ੀ ਨਾਲ ਅਲੋਪ ਵੀ ਹੋ ਗਿਆ। ਇਸ ਨਾਲ ਜਿਵੇਂ ਹਨੇਰੇ ਦਾ ਅਹਿਸਾਸ ਹੋਰ ਵਧ ਗਿਆ ਸੀ। ਪਟਨਾ ਵਿਚ ਪਾਇਲਟ ਦੇ ਟੈੱਸਟ ਵਿਚ ਚੁਣੇ ਜਾਣ ਮਗਰੋਂ ਮੈਨੂੰ ਦੇਹਰਾਦੂਨ ਫਾਇਨਲ ਸਲੈਕਸ਼ਨ ਲਈ ਜਾਣ ਦਾ ਸੱਦਾ ਮਿਲਿਆ। ਛੁੱਟੀ ਪਰਵਾਨ ਨਾ ਹੋਣ ਦੇ ਬਾਵਜੂਦ ਮੈਂ ਨੌਕਰੀ ਦੀ ਪਰਵਾਹ ਕੀਤੇ ਬਗ਼ੈਰ ਦੇਹਰਾਦੂਨ ਲਈ ਰਵਾਨਾ ਹੋ ਗਿਆ। ਮੈਨੂੰ ਜਾਪ ਰਿਹਾ ਸੀ ਜਿਵੇਂ ਸਾਡੇ ਦਿਨ ਫਿਰਨ ਦਾ ਸਮਾਂ ਆ ਗਿਆ ਹੋਵੇ। ਸਲੈਕਸ਼ਨ ਹੋ ਜਾਣ ਮਗਰੋਂ ਮੈਡੀਕਲ ਲਈ ਦਿੱਲੀ ਭੇਜਿਆ ਗਿਆ, ਪਰ ਮੈਂ ਸਫਲ ਨਾ ਹੋ ਸਕਿਆ! ਜਾਪਿਆ ਜਿਵੇਂ ਮੇਰੀ ਹਾਲਤ ਵੀ ਅਲਮਾਰੀ ਵਾਂਗ ਸੀ ਜੋ ਅੱਧਾ ਪੈਂਡਾ ਤੈਅ ਕਰਕੇ ਰਹਿ ਗਈ ਸੀ। ਛੁੱਟੀ ਮਨਜ਼ੂਰ ਨਾ ਕਰਵਾ ਕੇ ਜਾਣ ਕਰਕੇ ਮੈਨੂੰ ਨੌਕਰੀ ਤੋਂ ਵੀ ਕੱਢ ਦਿੱਤਾ ਗਿਆ ਸੀ।

ਨੌਕਰੀ ਜਾਣ ਨਾਲ ਘਰ ਦੇ ਹਾਲਾਤ ਹੋਰ ਖ਼ਰਾਬ ਹੋ ਗਏ। ਹੋਰ ਕਈ ਪਾਸੇ ਹੱਥ ਪੈਰ ਮਾਰੇ ਪਰ ਬਹੁਤੀ ਸਫਲਤਾ ਨਾ ਮਿਲੀ। ਘਰ ਵਾਲੇ ਇਸ ਗੱਲ ਉੱਤੇ ਜ਼ੋਰ ਦੇ ਰਹੇ ਸਨ ਕਿ ਸਾਰਿਆਂ ਨੂੰ ਪੰਜਾਬ ਚਲੇ ਜਾਣਾ ਚਾਹੀਦਾ ਹੈ। ਪੱਟੀ (ਅੰਮ੍ਰਿਤਸਰ) ਆਪਣਾ ਮਕਾਨ ਸੀ, ਇਸ ਲਈ ਘੱਟੋ ਘੱਟ ਕਿਰਾਏ ਤੋਂ ਤਾਂ ਬਚਿਆ ਜਾ ਸਕਦਾ ਸੀ। ਉੱਥੇ ਜਾ ਕੇ ਕੰਮ ਬਾਰੇ ਸੋਚਿਆ ਜਾਵੇਗਾ। ਅਪਣਿਆਂ ਵਿਚ ਜਾ ਕੇ ਕੋਈ ਨਾ ਕੋਈ ਬਿਧ ਬਣ ਹੀ ਜਾਵੇਗੀ। ਹਾਰ ਕੇ ਮੈਂ ਉਹਨਾਂ ਦੀ ਗੱਲ ਮੰਨ ਲਈ ਤੇ ਸਾਰੇ ਪਰਿਵਾਰ ਨੂੰ ਪੰਜਾਬ ਭੇਜ ਦਿੱਤਾ। ਨਾਲ ਹੀ ਅਲਮਾਰੀ ਵੀ ਬੁੱਕ ਕਰਾਕੇ ਭੇਜ ਦਿੱਤੀ। ਜਿਹਨਾਂ ਵੱਲ ਅਲਮਾਰੀ ਰੱਖੀ ਹੋਈ ਸੀ ਉਹ ਦੇਣਾ ਨਹੀਂ ਸਨ ਚਾਹੁੰਦੇ। ਕਹਿੰਦੇ ਸਨ ਕਿ ਤੁਸੀਂ ਐਵੇਂ ਪੈਸੇ ਖਰਚੋਗੇ। ਕੁਝ ਮਹੀਨਿਆਂ ਤਕ ਅਸੀਂ ਪੰਜਾਬ ਆਉਣਾ ਹੈ ਅਸੀਂ ਲੈਂਦੇ ਆਵਾਂਗੇ। ਸਾਡੇ ਬਹੁਤਾ ਅੜਨ 'ਤੇ ਆਖ਼ਰ ਉਹਨਾਂ ਨੂੰ ਅਲਮਾਰੀ ਦੇਣੀ ਹੀ ਪਈ।

ਘਰਦਿਆਂ ਦੇ ਜਾਣ ਬਾਅਦ ਮੈਂ ਕੋਸ਼ਿਸ਼ ਕਰਦਾ ਰਿਹਾ ਕਿ ਮੇਰੇ ਪੈਰ ਕਿਸੇ ਨਾ ਕਿਸੇ ਤਰ੍ਹਾਂ ਇਥੇ ਜੰਮ ਜਾਣ, ਕਿਉਂਕਿ ਮੇਰੇ ਬਹੁਤ ਸਾਰੇ ਬਿਹਾਰੀ ਮਿੱਤਰ ਬਣ ਗਏ ਸਨ। ਉਹਨਾਂ ਤੋਂ ਵਿਛੜਨਾ ਚੰਗਾ ਨਹੀਂ ਸੀ ਲੱਗ ਰਿਹਾ। ਕਈ ਕੰਮ ਕਰਨ ਦੀ ਕੋਸ਼ਿਸ਼ ਕੀਤੀ ਪਰ ਜਿਵੇਂ ਇਥੇ ਮੇਰੇ ਪੈਰ ਨਹੀਂ ਸਨ ਜੰਮਣੇ, ਸੋ ਨਾ ਜੰਮੇ। ਅੰਤ ਵਿਚ ਮੈਨੂੰ ਵੀ ਪੰਜਾਬ ਆਉਣਾ ਪਿਆ। ਆਉਣ ਸਮੇਂ ਮੇਰੇ ਕੋਲ ਇੰਨੇ ਪੈਸੇ ਵੀ ਨਹੀਂ ਸਨ ਕਿ ਮੈਂ ਰੇਲ ਦੀ ਟਿਕਟ ਖਰੀਦ ਸਕਾਂ, ਇਸ ਲਈ ਬਿਨਾਂ ਟਿਕਟ ਹੀ ਸਫਰ ਕਰਨਾ ਪਿਆ। ਮੈਂ ਹਰ ਸਟੇਸ਼ਨ 'ਤੇ ਉੱਤਰ ਕੇ ਡੱਬਾ ਬਦਲਦਾ। ਨਵੇਂ ਡੱਬੇ ਵਿਚ ਉਦੋਂ ਚੜ੍ਹਦਾ ਜਦੋਂ ਮੈਨੂੰ ਯਕੀਨ ਹੋ ਜਾਂਦਾ ਕਿ ਉਸ ਵਿਚ ਕੋਈ ਟੀ ਟੀ ਨਹੀਂ ਚੜ੍ਹਿਆ। ਇਸ ਤਰ੍ਹਾਂ ਮੈਂ ਬਗੈਰ ਟਿਕਟ ਸਫਰ ਕਰ ਰਿਹਾ ਸੀ ਪਰ ਮੇਰੇ ਨਾਲ ਡਰ ਦਾ ਅਹਿਸਾਸ ਵੀ ਸਫਰ ਕਰ ਰਿਹਾ ਸੀ।

ਪੰਜਾਬ ਆ ਕੇ ਵੇਖਿਆ ਕਿ ਘਰਵਾਲੇ ਬੜੀ ਮਾੜੀ ਹਾਲਤ ਵਿਚ ਹਨ। ਉਹਨਾਂ ਨੂੰ ਲਗਦਾ ਸੀ ਕਿ ਆਪਣਿਆਂ ਵਿਚ ਆ ਕੇ ਕੁਝ ਰਾਹਤ ਤੇ ਸਹਿਯੋਗ ਮਿਲੇਗਾ, ਪਰ ਹੋਇਆ ਇਸ ਤੋਂ ਉਲਟ। ਉਹਨਾਂ ਨੂੰ ਸਗੋਂ ਆਪਣਿਆਂ ਦੀਆਂ ਗੱਲਾਂ ਸੁਣਨੀਆਂ ਪਈਆਂ। ਉਹ ਸਮਝ ਰਹੇ ਸਨ ਕਿ ਆਰਥਿਕ ਤੰਗਹਾਲੀ ਦਾ ਰੋਣਾ ਅਸੀਂ ਸ਼ਾਇਦ ਇਸ ਲਈ ਰੋ ਰਹੇ ਸਾਂ ਕਿ ਸਾਡੇ ਤੋਂ ਉਹ ਕੁਝ ਮੰਗ ਨਾ ਲੈਣ। ਪੰਜਾਬ ਆ ਕੇ ਮੈਨੂੰ ਪਤਾ ਲੱਗਿਆ ਕਿ ਮਾਮੀ ਨੇ ਛੋਟੀ ਕੁੜੀ ਵੀ ਵਿਆਹ ਦਿੱਤੀ ਸੀ। ਮੇਰੇ ਘਰ ਆਉਣ 'ਤੇ ਰੋਟੀ ਦੀ ਸਮੱਸਿਆ ਮੂੰਹ ਟੱਡੀ ਖੜ੍ਹੀ ਸੀ। ਫਿਰ ਰੋਟੀ ਲਈ ਸੰਘਰਸ਼ ਦਾ

ਦੌਰ ਨਵੇਂ ਸਿਰਿਓਂ ਸ਼ੁਰੂ ਹੋ ਗਿਆ। ਕਰਨ ਲਈ ਕੋਈ ਕੰਮ ਨਹੀਂ ਸੁੱਝ ਰਿਹਾ ਸੀ। ਆਖ਼ਰ ਮੈਂ ਸਾਇਕਲ ਦੀਆਂ ਟੋਕਰੀਆਂ ਬਣਾ ਕੇ ਵੇਚਣ ਦਾ ਮਨ ਬਣਾਇਆ। ਪੱਟੀ ਤੋਂ ਅੰਮ੍ਰਿਤਸਰ ਸਾਇਕਲ 'ਤੇ ਜਾ ਕੇ ਬਾਂਸ ਤੇ ਪਲਾਸਟਿਕ ਦੀ ਕੇਨ ਲਿਆ ਕੇ ਮੈਂ ਸਾਇਕਲ ਦੀਆਂ ਟੋਕਰੀਆਂ ਬਣਾ ਕੇ ਵੇਚਦਾ। ਪਰ ਇਸ ਵਿਚ ਮਿਹਨਤ ਜ਼ਿਆਦਾ ਸੀ ਤੇ ਆਮਦਨੀ ਘੱਟ। ਫੇਰ ਮੈਨੂੰ ਸਬੱਬੀਂ ਹਿੰਦੀ ਟੀਚਰ ਦੀ ਆਰਜ਼ੀ ਨੌਕਰੀ ਮਿਲ ਗਈ; ਜਿਸਦੀ ਤਨਖਾਹ ਸੀ ਇਕ ਸੌ ਪੰਦਰਾਂ ਰੁਪਏ। ਕਿਸੇ ਤਰ੍ਹਾਂ ਘਰ ਦਾ ਖਰਚਾ ਚੱਲਣ ਲੱਗ ਪਿਆ। ਇਸੇ ਸਮੇਂ ਇਨਕਮ ਟੈਕਸ ਦੇ ਦਫਤਰ ਵਿਚ ਬਤੌਰ ਐੱਲ. ਡੀ. ਸੀ. ਦੀ ਨੌਕਰੀ ਮਿਲ ਗਈ। ਮੈਂ ਅੰਮ੍ਰਿਤਸਰ ਰਹਿਣ ਲੱਗ ਪਿਆ। ਮਹੀਨੇ ਦੇ ਮਹੀਨੇ ਘਰ ਜਾ ਕੇ ਖਰਚਾ ਦੇ ਆਉਂਦਾ।

ਇਨਕਮ ਟੈਕਸ ਵਿਚ ਕੰਮ ਕਰਦਿਆਂ ਮੈਂ ਐੱਮ. ਏ. ਕਰ ਲਈ। ਫੇਰ ਨਵੀਂ ਬਣੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਮੈਨੂੰ ਖੋਜ ਸਹਾਇਕ ਦੀ ਨੌਕਰੀ ਮਿਲ ਗਈ, ਜਿਸ ਦੀ ਤਨਖ਼ਾਹ ਇਨਕਮ ਟੈਕਸ ਦੀ ਨੌਕਰੀ ਤੋਂ ਵੀ ਜ਼ਿਆਦਾ ਸੀ। ਪਰਿਵਾਰ ਨੂੰ ਵੀ ਆਪਣੇ ਕੋਲ ਲੈ ਆਂਦਾ। ਜਾਪਿਆ ਜਿਵੇਂ ਹਾਲਾਤ ਅੱਗੇ ਨਾਲੋਂ ਬਿਹਤਰ ਹੋ ਰਹੇ ਹੋਣ। ਕਈ ਵੇਰ ਸੋਚਿਆ ਕਿ ਮੈਂ ਮਾਮੀ ਕੋਲ ਜਾਵਾਂ ਪਰ ਇਸ ਗੱਲ ਦੀ ਹਮੇਸ਼ਾਂ ਸ਼ਰਮ ਆਉਂਦੀ ਕਿ ਉਹਨਾਂ ਦੇ ਸਵਾਲਾਂ ਦਾ ਮੈਂ ਕੀ ਜਵਾਬ ਦੇਵਾਂਗਾ। ਜੇ ਉਸਨੇ ਕਹਿ ਦਿੱਤਾ ਕਿ ਜਿਹਨਾਂ ਕੁੜੀਆਂ ਲਈ ਮੈਂ ਅਲਮਾਰੀ ਬਣਵਾਈ ਸੀ ਉਹ ਤਾਂ ਵਿਆਹੀਆਂ ਗਈਆਂ, ਹੁਣ ਮੈਂ ਅਲਮਾਰੀ ਦਾ ਕੀ ਕਰਨਾ ਏ, ਤਾਂ ਮੈਂ ਕੀ ਜਵਾਬ ਦੇਵਾਂਗਾ।

ਸਾਡੀਆਂ ਪਰੇਸ਼ਾਨੀਆਂ ਦਾ ਦੌਰ ਹਾਲੀ ਵੀ ਪੂਰੀ ਤਰ੍ਹਾਂ ਨਹੀਂ ਸੀ ਮੁੱਕਿਆ। ਪਰੇਸ਼ਾਨੀਆਂ ਬੱਚਿਆਂ ਦੀ ਖੇਡ ਵਾਂਗ ਹੁੰਦੀਆਂ ਹਨ ਜਿਸ ਵਿਚ ਇਕ ਮੁੱਠੀ ਚੁੱਕੋ ਦੂਜੀ ਤਿਆਰ। ਭੈਣਾਂ ਜਵਾਨ ਹੋ ਗਈਆਂ ਸਨ। ਭਾਵੇਂ ਮੈਂ ਉਹਨਾਂ ਤੋਂ ਕਾਫੀ ਵੱਡਾ ਸਾਂ ਪਰ ਮਾਪਿਆਂ ਨੂੰ ਮੇਰੇ ਨਾਲੋਂ ਜ਼ਿਆਦਾ ਫਿਕਰ ਉਹਨਾਂ ਦੀ ਸੀ। ਘਰ ਦੀ ਹਾਲਤ ਨੂੰ ਵੇਖਦਿਆਂ ਹੋਇਆਂ ਮੈਂ ਨੌਕਰੀ ਕਰਦੀ ਕੁੜੀ ਨਾਲ ਵਿਆਹ ਕਰਨ ਦਾ ਫੈਸਲਾ ਲਿਆ। ਉਹ ਚੰਗੇ ਸੁਭਾਅ ਦੀ ਸੀ। ਹੁਣ ਸਾਡੇ ਸਾਹਮਣੇ ਭੈਣਾਂ ਦੇ ਵਿਆਹ ਦੀ ਸਮੱਸਿਆ ਸੀ। ਪੜ੍ਹੀਆਂ ਨਾ ਹੋਣ ਕਰਕੇ ਉਹਨਾਂ ਲਈ ਵਰ ਲੱਭਣ ਦਾ ਵੀ ਮਸਲਾ ਸੀ। ਸੋਚਿਆ ਕਿ ਕੰਮ ਕਰਦੇ ਮੁੰਡੇ ਲੱਭੇ ਜਾਣ। ਇਸ ਸਿਲਸਿਲੇ ਵਿਚ ਪਹਿਲ ਵਿਚਲੀ ਭੈਣ ਤੋਂ ਹੋਈ। ਉਸ ਲਈ ਜਿਹੜਾ ਰਿਸ਼ਤਾ ਆਇਆ ਉਹਨਾਂ ਨੂੰ ਮੁੰਡੇ ਦੇ ਕੱਦ ਮੁਤਾਬਕ ਉਹ ਹੀ ਪਸੰਦ ਆਈ। ਘਰ ਵਾਲੇ ਤੇ ਹੋਰ ਰਿਸ਼ਤੇਦਾਰ ਇਸ ਪੱਖ ਵਿਚ ਨਹੀਂ ਸਨ ਕਿ ਵੱਡੀ ਕੁੜੀ ਦੇ ਹੁੰਦਿਆਂ ਵਿਚਕਾਰਲੀ ਨੂੰ ਵਿਆਹ ਦਿੱਤਾ ਜਾਵੇ। ਸ਼ੰਕਾ ਇਹ ਸੀ ਕਿ ਇਸ ਨਾਲ ਉਸਦੇ ਰਿਸ਼ਤੇ ਵਿਚ ਇਹ ਨਾ ਵਿਚਾਰ ਆਵੇ ਕਿ ਇਸਦਾ ਵਿਆਹ ਪਹਿਲਾਂ ਕਿਉਂ ਨਹੀਂ ਹੋਇਆ। ਪਰ ਮੈਂ ਚਾਹੁੰਦਾ ਸਾਂ ਕਿ ਜਿਸਦਾ ਰਿਸ਼ਤਾ ਹੋ ਗਿਆ ਹੈ ਉਸ ਦਾ ਵਿਆਹ ਵੀ ਕਰ ਦਿੱਤਾ ਜਾਵੇ। ਘਰ ਵਾਲਿਆਂ ਤੇ ਰਿਸ਼ਤੇਦਾਰਾਂ ਦੀ ਪਰਵਾਹ ਕੀਤਿਆਂ ਬਗ਼ੈਰ ਮੈਂ ਉਸਦਾ ਵਿਆਹ ਕਰ ਦਿੱਤਾ। ਸ਼ੰਕੇ ਤੋਂ ਉਲਟ ਛੇਤੀ ਹੀ ਵੱਡੀ ਭੈਣ ਦਾ ਰਿਸ਼ਤਾ ਆ ਗਿਆ। ਉਸਦਾ ਵਿਆਹ ਹੋ ਜਾਣ ਨਾਲ ਘਰਵਾਲਿਆਂ ਦੇ ਸਾਹ ਵਿਚ ਸਾਹ ਆਇਆ। ਉਹਨਾਂ ਨੂੰ ਲੱਗਾ ਕਿ ਮੇਰਾ ਫੈਸਲਾ ਸਹੀ ਸੀ। ਮੈਨੂੰ ਲੱਗਾ ਕਿ ਮੇਰੀ ਜ਼ਿੱਦ ਗ਼ਲਤ ਸਾਬਤ ਨਹੀਂ ਸੀ ਹੋਈ। ਛੇਤੀ ਹੀ ਤੀਜੀ ਭੈਣ ਵੀ ਵਿਆਹੀ ਗਈ।

ਪੱਟੀ ਵਾਲਾ ਮਕਾਨ ਘਰਦਿਆਂ ਨੇ ਵੇਚ ਦਿੱਤਾ। ਪੇਟੀਆਂ, ਪਲੰਘ ਤੇ ਹੋਰ ਕਈ ਚੀਜ਼ਾਂ ਉੱਥੋਂ ਲੈ ਆਂਦੀਆਂ ਸਨ। ਅਲਮਾਰੀ ਹਾਲੇ ਉੱਥੇ ਹੀ ਸੀ। ਮੈਂ ਕਈ ਵੇਰ ਘਰਵਾਲਿਆਂ ਨੂੰ ਕਹਿੰਦਾ ਕਿ ਅਲਮਾਰੀ ਉੱਥੋਂ ਲੈ ਆਈਏ ਤੇ ਮਾਮੀ ਦੇ ਘਰ ਪੁਚਾ ਦਈਏ ਪਰ ਜਿਵੇਂ ਮੇਰੇ ਕਹਿਣ ਦਾ ਉਹਨਾਂ 'ਤੇ ਬਹੁਤਾ ਅਸਰ ਨਹੀਂ ਸੀ ਹੋਇਆ। ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਘਰ ਵਾਲੇ ਟਾਲ ਮਟੋਲ ਕਿਉਂ ਕਰ ਰਹੇ ਹਨ।

ਭੈਣਾਂ ਦਾ ਵਿਆਹ ਕਰ ਦੇਣ ਮਗਰੋਂ ਮੈਂ ਜਿਵੇਂ ਹਲਕਾ ਹਲਕਾ ਮਹਿਸੂਸ ਕਰ ਰਿਹਾ ਸਾਂ। ਪਰ ਨਾਲ ਹੀ ਇਕ ਅਜੀਬ ਜਿਹਾ ਖਾਲੀਪਨ ਵੀ ਮਹਿਸੂਸ ਹੋਣ ਲੱਗ ਪਿਆ ਸੀ। ਇਕ ਦਿਨ ਮੈਨੂੰ ਮਾਮੀ ਦੀ ਬੜੀ ਯਾਦ ਆਈ। ਜਾਪ ਰਿਹਾ ਸੀ ਜਿਵੇਂ ਮਾਮੀ ਮੇਰੇ ਨਾਲ ਇਸ ਗੱਲ ਦਾ ਗਿਲਾ ਕਰ ਰਹੀ ਸੀ ਕਿ ਤੇਰੇ ਘਰਦਿਆਂ ਨੇ ਮੇਰੀ ਅਲਮਾਰੀ ਨਹੀਂ ਪੁਚਾਈ। ਮੇਰੀਆਂ ਧੀਆਂ ਵੀ

ਵਿਆਹੀਆਂ ਗਈਆਂ, ਮੇਰਾ ਮਾਮਾ ਵੀ ਪੂਰਾ ਹੋ ਗਿਆ ਤੇ ਮੁੰਡਾ ਵੀ ਵਹੁਟੀ ਮਗਰ ਲੱਗ ਕੇ ਮੇਰੀ ਬਾਤ ਪੁੱਛਣੀ ਛੱਡ ਗਿਆ। ਹੁਣ ਮੈਂ ਰੋਟੀ ਲਈ ਵੀ ਮੁਹਤਾਜ ਹੋ ਗਈ ਹਾਂ। ਫਿਰ ਉਸਨੇ ਜਿਵੇਂ ਲੰਮਾ ਹਉਕਾ ਭਰਕੇ ਕਿਹਾ ਹੋਵੇ, 'ਪੁੱਤ ਤੇਰੇ ਨਾਲ ਵੀ ਕੀ ਗਿਲਾ ਹੋਇਆ। ਜਦੋਂ ਆਪਣੇ ਹੀ ਜਿਗਰ ਦਾ ਟੁਕੜਾ ਆਪਣਾ ਨਾ ਬਣੇ ਤਾਂ ਹੋਰਨਾਂ ਨੂੰ ਕੀ ਕਹਿਣਾ ਹੋਇਆ।' ਜਾਪਦਾ ਜਿਵੇਂ ਉਸਦੀ ਆਵਾਜ਼ ਅਲਮਾਰੀ ਦੇ ਲੁਕਵੇਂ ਖਾਨੇ ਵਿਚੋਂ ਆ ਰਹੀ ਹੋਵੇ। ਪਰ ਲੁਕਵਾਂ ਖਾਨਾ ਤਾਂ ਹੁਣ ਖਾਲੀ ਸੀ, ਤਾਂ ਫਿਰ ਇਹ ਕਿਸ ਤਰ੍ਹਾਂ ਦੀ ਆਵਾਜ਼ ਸੀ? ਮਾਮੀ ਤਾਂ ਕਦੀ ਵੀ ਇਸ ਲਹਿਜੇ ਵਿਚ ਨਹੀਂ ਸੀ ਬੋਲਦੀ। ਉਹ ਤਾਂ ਹਮੇਸ਼ਾਂ ਹਸੂੰ ਹਸੂੰ ਕਰਦੀ ਰਹਿੰਦੀ ਸੀ। ਪਰ ਇਸ ਆਵਾਜ਼ ਵਿਚ ਰੋਣ ਦੀ ਵੀ ਸੁਰ ਸੀ।

"ਰੋ ਕਿਉਂ ਰਹੇ ਹੋ?" ਪਤਨੀ ਦੀ ਆਵਾਜ਼ ਨੇ ਜਿਵੇਂ ਮੈਨੂੰ ਚੌਂਕਾ ਦਿੱਤਾ। ਮੈਂ ਮਹਿਸੂਸ ਕੀਤਾ ਜਿਵੇਂ ਮੇਰੀਆਂ ਗਲ੍ਹਾਂ ਤਰਲ ਹਨ। ਮੈਂ ਪਤਨੀ ਨੂੰ ਐਲਾਨ ਕੀਤਾ ਕਿ ਮੈਂ ਕਲ੍ਹ ਪੱਟੀ ਜਾਵਾਂਗਾ ਤੇ ਮਾਮੀ ਦੀ ਅਲਮਾਰੀ ਚੁਕਾ ਕੇ ਉਸ ਕੋਲ ਭਿਜਵਾ ਦੇਵਾਂਗਾ। ਪਤਨੀ ਚੁੱਪ ਰਹੀ, ਉਸਨੂੰ ਅਲਮਾਰੀ ਦੀ ਇਸ ਕਹਾਣੀ ਦਾ ਪਤਾ ਨਹੀਂ ਸੀ। ਉਹ ਚੁੱਪ ਰਹੀ। ਸ਼ਾਇਦ ਮੇਰੀ ਮਾਨਸਿਕ ਸਥਿਤੀ ਵੇਖ ਕੇ ਜਾਂ ਪਤਾ ਨਹੀਂ ਕੀ ਸੋਚ ਕੇ ਉਸ ਨੇ ਅਲਮਾਰੀ ਬਾਰੇ ਕੁਝ ਨਾ ਪੁੱਛਿਆ।

ਅਗਲੇ ਦਿਨ ਦਫਤਰ ਛੁੱਟੀ ਦੇ ਕੇ ਮੈਂ ਪੱਟੀ ਚਲਾ ਗਿਆ। ਮੈਨੂੰ ਵੇਖਕੇ ਘਰ ਦੇ ਨਵੇਂ ਮਾਲਕ ਬੜੇ ਖੁਸ਼ ਹੋਏ। ਦਰਅਸਲ ਮਕਾਨ ਲੈਣ ਤੋਂ ਪਹਿਲਾਂ ਉਹ ਸਾਡੀ ਗਲੀ ਵਿਚ ਹੀ ਰਹਿੰਦੇ ਸਨ ਤੇ ਉਹਨਾਂ ਨਾਲ ਸਾਡੇ ਚੰਗੇ ਸੰਬੰਧ ਸਨ। ਭੈਣਾਂ ਦੇ ਵਿਆਹ ਵਿਚ ਵੀ ਉਹ ਆਏ ਸਨ। ਚਾਹ ਪਾਣੀ ਪੀਣ ਤੋਂ ਮਗਰੋਂ ਮੈਂ ਕਿਹਾ ਕਿ ਮੈਂ ਤਾਂ ਅਲਮਾਰੀ ਲੈਣ ਆਇਆ ਹਾਂ। ਸਾਰਾ ਪਰਿਵਾਰ ਹੈਰਾਨੀ ਨਾਲ ਮੈਨੂੰ ਵੇਖਣ ਲੱਗ ਪਿਆ। ਉਹਨਾਂ ਝਿਜਕਦਿਆਂ ਹੋਇਆ ਕਿਹਾ, "ਅਲਮਾਰੀ ਤਾਂ ਮਾਤਾ ਜੀ ਨੇ ਵੇਚ ਦਿੱਤੀ ਹੈ। ਛੋਟੀ ਦੇ ਵਿਆਹ ਉੱਤੇ ਅਸੀਂ ਪੈਸੇ ਦੇ ਦਿੱਤੇ ਸੀ।" ਸੁਣਕੇ ਮੇਰੇ ਪੈਰਾਂ ਹੇਠੋਂ ਜਿਵੇਂ ਜ਼ਮੀਨ ਹੀ ਨਿਕਲ ਗਈ ਹੋਵੇ। ਸ਼ਰਮ ਦੇ ਮਾਰੇ ਮੈਂ ਨੀਵੀਂ ਪਾ ਲਈ। ਮੇਰੀ ਹਿੰਮਤ ਨਾ ਪਈ ਉਹਨਾਂ ਨਾਲ ਅੱਖਾਂ ਮਿਲਾਉਣ ਦੀ। ਮੈਨੂੰ ਸਮਝ ਨਹੀਂ ਸੀ ਪੈ ਰਹੀ ਕਿ ਉਹਨਾਂ ਨੂੰ ਮੈਂ ਕੀ ਆਖਾਂ? ਫਿਰ ਮੈਂ ਕਾਹਲ ਵਿਚ ਫਿੱਕਾ ਜਿਹਾ ਹਾਸਾ ਹੱਸਦਿਆਂ ਕਿਹਾ, "ਮੈਂ ਤਾਂ ਹੱਸ ਰਿਹਾ ਸਾਂ। ਮੈਂ ਤਾਂ ਕਾਲਿਜ ਕਿਸੇ ਕੰਮ ਆਇਆ ਸਾਂ। ਸੋਚਿਆ ਕਿ ਤੁਹਾਨੂੰ ਵੀ ਮਿਲ ਜਾਵਾਂ। ਮਾਤਾ ਕਹਿੰਦੀ ਸੀ ਕਿ ਮਿਲਕੇ ਜ਼ਰੂਰ ਆਵੀਂ। ਨਾਲ ਮੈਂ ਸੋਚਿਆ ਕਿ ਅਲਮਾਰੀ ਨੂੰ ਵੇਖ ਆਵਾਂ।" ਭਾਵੇਂ ਮੈਂ ਆਪਣੀ ਅਸਲੀਅਤ ਨੂੰ ਲੁਕਾਉਣ ਦਾ ਭਰਪੂਰ ਜਤਨ ਕਰ ਰਿਹਾ ਸਾਂ ਪਰ ਮੈਨੂੰ ਜਾਪ ਰਿਹਾ ਸੀ ਜਿਵੇਂ ਮੇਰੇ ਲਫ਼ਜ਼ਾਂ ਵਿਚੋਂ ਮੇਰੀ ਅਸਲੀਅਤ ਝਾਕਦੀ ਪਈ ਸੀ। ਸ਼ਾਇਦ ਉਹਨਾਂ ਨੂੰ ਮੇਰੀ ਗੱਲ ਉੱਤੇ ਯਕੀਨ ਆ ਗਿਆ ਸੀ। ਉਹ ਮੈਨੂੰ ਅੰਦਰਲੇ ਕਮਰੇ ਵਿਚ ਲੈ ਗਏ ਜਿੱਥੇ ਅਲਮਾਰੀ ਪਈ ਸੀ। ਹਨੇਰਾ ਹੋਣ ਕਰਕੇ ਦਿਨੇ ਵੀ ਉੱਥੇ ਬੱਤੀ ਜਗਾਉਣ ਦੀ ਲੋੜ ਪੈਂਦੀ ਸੀ। ਅਲਮਾਰੀ ਉਸੇ ਹਾਲਤ ਵਿਚ ਪਈ ਸੀ ਪਰ ਮੈਨੂੰ ਜਾਪਿਆ ਜਿਵੇਂ ਉਹ ਹੁਣ ਪੁਰਾਣੀ ਹੋ ਗਈ ਹੋਵੇ। ਮੈਨੂੰ ਅੰਦਰ ਹੀ ਅੰਦਰ ਇਸ ਗੱਲ ਦਾ ਗੁੱਸਾ ਆ ਰਿਹਾ ਸੀ ਕਿ ਮਾਤਾ ਨੂੰ ਕੀ ਲੋੜ ਸੀ ਇਸ ਨੂੰ ਵੇਚਣ ਦੀ?

ਕਈ ਦਿਨਾਂ ਤਕ ਮਨ ਉਦਾਸ ਰਿਹਾ। ਕਈ ਵਾਰ ਜਾਪਦਾ ਜਿਵੇਂ ਮੇਰੇ ਅੰਦਰ ਇਕ ਖਾਲੀਪਨ ਹੈ। ਖਜ਼ਾਨੇ ਤੋਂ ਸੱਖਣੇ ਖਾਨੇ ਵਾਂਗ। ਇਸ ਖਾਲੀਪਨ ਵਿਚ ਵੀ ਜਿਵੇਂ ਕੁਝ ਸੀ? ਮੈਨੂੰ ਕਦੀ ਕਦੀ ਲਗਦਾ ਕਿ ਘੁਣ ਵਾਂਗ ਕੁਝ ਹੈ ਜੋ ਮੈਨੂੰ ਅੰਦਰੋਂ ਹੀ ਅੰਦਰ ਖਾਈ ਜਾ ਰਿਹਾ ਸੀ। ਮਾਤਾ ਨੂੰ ਵੇਖਦਾ ਤਾਂ ਮਨ ਵਿਚ ਕਈ ਗੱਲਾਂ ਉਭਰ ਆਉਂਦੀਆਂ। ਮਾਤਾ ਨੇ ਇਹ ਕਿਉਂ ਕੀਤਾ? ਹੌਲੀ ਹੌਲੀ ਮੈਂ ਆਪਣੇ ਮਨ ਨੂੰ ਸਮਝਾਇਆ ਕਿ ਹੋ ਸਕਦਾ ਹੈ ਕਿ ਉਹ ਮੈਨੂੰ ਪੈਸੇ ਲਈ ਹੋਰ ਨਾ ਤੰਗ ਕਰਨਾ ਚਾਹੁੰਦੀ ਹੋਵੇ। ਪਰ ਮਾਮੀ ਦਾ ਸਾਹਮਣਾ ਮੈਂ ਕਿਵੇਂ ਕਰਾਂਗਾ? ਮੈਨੂੰ ਲਗਦਾ ਸੀ ਕਿ ਹੁਣ ਮੇਰੇ ਲਈ ਨਾਨਕਾ ਪਿੰਡ ਜਿਵੇਂ ਸਦਾ ਲਈ ਛੁੱਟ ਗਿਆ ਹੋਵੇ।

ਜਦ ਵੀ ਪਿੰਡ ਵਿਚ ਕਿਤੇ ਜਾਣ ਦੀ ਗੱਲ ਹੁੰਦੀ ਤਾਂ ਮੈਂ ਟਲ ਜਾਂਦਾ। ਇਕ ਦਿਨ ਮੈਨੂੰ ਆਪਣੇ ਨਾਨਕੇ ਪਿੰਡ ਜਾਣਾ ਪਿਆ। ਦਰਅਸਲ ਕੰਮ ਹੀ ਅਜਿਹਾ ਸੀ ਜਿਸ ਲਈ ਮੈਨੂੰ ਜਾਣਾ

ਹੀ ਪੈਣਾ ਸੀ। ਇਹ ਵੀ ਰਾਹਤ ਦੀ ਗੱਲ ਸੀ ਕਿ ਪਿੰਡ ਵਿਚ ਜਿਸ ਨੂੰ ਮਿਲਣ ਜਾਣਾ ਸੀ ਉਸ ਦਾ ਘਰ ਪਿੰਡ ਦੇ ਦੂਜੇ ਪਾਸੇ ਸੀ। ਪਰ ਇਹ ਗੱਲ ਸਹੀ ਜਾਪਦੀ ਸੀ ਕਿ ਜਿਸ ਤੋਂ ਤੁਸੀਂ ਡਰਦੇ ਭਜਦੇ ਹੋ ਉਹ ਗੱਲ ਹੋ ਕੇ ਹੀ ਰਹਿੰਦੀ ਹੈ। ਪਿੰਡ ਦੇ ਟਾਂਗਿਆਂ ਦੇ ਅੱਡੇ 'ਤੇ ਉਤਰਿਆ ਹੀ ਸਾਂ ਕਿ ਮਾਮੀ ਨਾਲ ਮੇਰੀ ਮੁਲਾਕਾਤ ਹੋ ਗਈ। ਉਹ ਭਾਵੇਂ ਬਜ਼ੁਰਗ ਹੋ ਗਈ ਸੀ ਪਰ ਦੁੱਖ ਸਹਿੰਦੀ ਦਾ ਵੀ ਹਸਮੁਖੀ ਸੁਭਾਅ ਹਾਲੀ ਗਿਆ ਨਹੀਂ ਸੀ। ਇਧਰ ਉਧਰ ਦੀਆਂ ਗੱਲਾਂ ਤੋਂ ਬਾਅਦ ਉਹ ਹੱਸਦੀ ਹੋਈ ਕਹਿਣ ਲੱਗੀ, "ਵੇ ਦਾਦੇ ਮਘੌਣਿਆ ਦੋਹਤਰਿਆ! ਤੂੰ ਕਈ ਥਾਵਾਂ 'ਤੇ ਆਉਂਦਾ ਜਾਂਦਾ ਰਹਿੰਦਾ ਏਂ, ਕਿਤੇ ਲੁਧਿਆਣੇ ਜਾਵੇਂ ਤਾਂ ਮੇਰਾ ਇਕ ਕੰਮ ਕਰੀਂ। ਸੁੱਖ ਨਾਲ ਤੇਰੀ ਨਿੱਕੀ ਭੈਣ ਦੇ ਸਹੁਰੇ ਨੇ ਉੱਥੇ। ਜਾ ਕੇ ਉਸ ਦਾ ਹਾਲ ਚਾਲ ਤਾਂ ਪਤਾ ਕਰ ਆਵੀਂ। ਗੋਡਿਆਂ ਖੁਣੋਂ ਤਾਂ ਮੈਥੋਂ ਕਿਤੇ ਆ ਜਾ ਨਹੀਂ ਹੁੰਦਾ। ਪਿੱਛੇ ਜਿਹੇ ਪਰਾਹੁਣੇ ਦੀ ਨੌਕਰੀ ਚਲੀ ਗਈ ਸੀ। ਔਖੇ ਦਿਨ ਲੰਘੇ ਸਨ।" ਮੈਂ ਮਾਮੀ ਤੋਂ ਉਸਦਾ ਪਤਾ ਲੈ ਲਿਆ ਤੇ ਭਰੋਸਾ ਦਵਾਇਆ ਕਿ ਜਦੋਂ ਮੌਕਾ ਮਿਲਿਆ ਮੈਂ ਜ਼ਰੂਰ ਜਾਵਾਂਗਾ ਉਸ ਦਾ ਪਤਾ ਲੈਣ। ਮਨ ਹੀ ਮਨ ਇਸ ਗੱਲ ਦੀ ਰਾਹਤ ਵੀ ਮਹਿਸੂਸ ਕਰ ਰਿਹਾ ਸਾਂ ਕਿ ਮਾਮੀ ਨੇ ਅਲਮਾਰੀ ਦੀ ਕੋਈ ਗੱਲ ਨਹੀਂ ਕੀਤੀ। ਇਸ ਦੇ ਨਾਲ ਹੀ ਇਸ ਗੱਲ ਦਾ ਡਰ ਵੀ ਮਹਿਸੂਸ ਹੋ ਰਿਹਾ ਸੀ ਕਿ ਮਾਮੀ ਦੇ ਇਸ ਕੰਮ ਦਾ ਹਸ਼ਰ ਵੀ ਅਲਮਾਰੀ ਵਾਲਾ ਹੀ ਨਾ ਹੋਵੇ।

ਕੁਝ ਦਿਨਾਂ ਬਾਅਦ ਮੈਨੂੰ ਲੁਧਿਆਣੇ ਜਾਣ ਦਾ ਮੌਕਾ ਬਣਿਆ। ਟਾਇਮ ਕੱਢ ਕੇ ਮੈਂ ਨਿੱਕੀ ਭੈਣ ਦੇ ਘਰ ਗਿਆ। ਉਸਦਾ ਇਕ ਕਮਰੇ ਦਾ ਛੋਟਾ ਜਿਹਾ ਕਿਰਾਏ ਦਾ ਘਰ ਸੀ ਜਿਸ ਵਿਚ ਇਕ ਨਿੱਕੀ ਜਿਹੀ ਬਾਰੀ ਸੀ। ਨਾਲ ਹੀ ਇਕ ਛੋਟੀ ਜਿਹੀ ਰਸੋਈ ਸੀ। ਨਿੱਕੀ ਭੈਣ ਚਾਈਂ ਚਾਈਂ ਮੇਰੇ ਨਾਲ ਲੱਗ ਕੇ ਰੋਣ ਲੱਗ ਪਈ। ਮੈਂ ਉਸਨੂੰ ਚੁੱਪ ਕਰਾਇਆ ਤਾਂ ਉਸਨੇ ਚਾਹ ਬਣਾਉਣ ਲਈ ਚੁੱਲ੍ਹੇ ਉੱਤੇ ਪਤੀਲਾ ਧਰ ਦਿੱਤਾ। ਗੁਆਂਢੀਆਂ ਦੇ ਮੁੰਡੇ ਨੂੰ ਸੱਦ ਕੇ ਉਹ ਬਾਜ਼ਾਰੋਂ ਕੁਝ ਮੰਗਵਾਉਣਾ ਚਾਹੁੰਦੀ ਸੀ ਪਰ ਮੈਂ ਉਸ ਨੂੰ ਰੋਕ ਦਿੱਤਾ। ਚਾਹ ਪੀਂਦਿਆਂ ਉਹ ਸਾਡੇ ਪਰਿਵਾਰ ਬਾਰੇ ਪੁੱਛਦੀ ਰਹੀ। ਮੈਂ ਉਸਦੀਆਂ ਗੱਲਾਂ ਦਾ ਜਵਾਬ ਘੱਟ ਤੋਂ ਘੱਟ ਸ਼ਬਦਾਂ ਵਿਚ ਦਿੰਦਾ ਰਿਹਾ। ਮੇਰਾ ਧਿਆਨ ਆਂਢ ਗੁਆਂਢ ਦੇ ਚੋਰੀ ਚੋਰੀ ਝਾਕਦੇ ਚਿਹਰਿਆਂ ਵੱਲ ਵਧੇਰੇ ਸੀ। ਛੇਤੀ ਹੀ ਮੈਂ ਉਠਕੇ ਜਾਣ ਦਾ ਸੰਕੇਤ ਦਿੱਤਾ। ਉਹ ਬਾਰ ਬਾਰ ਮੈਨੂੰ ਠਹਿਰਣ ਲਈ ਕਹਿੰਦੀ ਰਹੀ। ਉਹ ਇਹ ਵੀ ਕਹਿੰਦੀ ਰਹੀ ਕਿ ਕਿਸੇ ਬੱਚੇ ਨੂੰ ਭੇਜ ਕੇ ਉਹ ਆਪਣੇ ਘਰ ਵਾਲੇ ਨੂੰ ਛੇਤੀ ਬੁਲਾ ਲਵੇਗੀ। ਪਰ ਮੈਂ ਮਜਬੂਰੀ ਦਾ ਝੂਠਾ ਬਹਾਨਾ ਬਣਾ ਕੇ ਛੇਤੀ ਉੱਥੋਂ ਜਾਣਾ ਚਾਹੁੰਦਾ ਸਾਂ। ਮੈਨੂੰ ਲਗਦਾ ਸੀ ਕਿ ਮੈਂ ਬਹੁਤਾ ਚਿਰ ਉਸ ਦੇ ਸਾਹਮਣੇ ਖਲੋ ਨਹੀਂ ਸਕਾਂਗਾ। ਮਨ ਵਿਚ ਇਹ ਧੁੜਕੂ ਲੱਗਾ ਹੋਇਆ ਸੀ ਕਿ ਕਿਤੇ ਉਸਨੇ ਅਲਮਾਰੀ ਬਾਰੇ ਪੁੱਛ ਲਿਆ ਤਾਂ ਕੀ ਜਵਾਬ ਦੇਵਾਂਗਾ। ਆਉਣ ਲੱਗੇ ਮੈਂ ਹਜ਼ਾਰ ਰੁਪਏ ਕੱਢ ਕੇ ਉਸ ਨੂੰ ਦਿੰਦਿਆਂ ਕਿਹਾ, "ਲੈ ਰੱਖ ਲੈ। ਮੈਨੂੰ ਮਾਮੀ ਨੇ ਦੱਸਿਆ ਸੀ ਕਿ ਤੁਹਾਡੀ ਹਾਲਤ ਇਧਰ ਠੀਕ ਨਹੀਂ ਰਹੀ।" ਉਹ ਪੈਸੇ ਲੈਣ ਤੋਂ ਨਾਂਹ ਕਰਦਿਆ ਬੋਲੀ, "ਇਹ ਠੀਕ ਹੈ ਕਿ ਪਿੱਛੇ ਜਿਹੇ ਉਹਨਾਂ ਦੀ ਨੌਕਰੀ ਛੁੱਟ ਗਈ ਸੀ। ਪਰ ਹੁਣ ਉਹਨਾਂ ਨੂੰ ਦੂਸਰੀ ਫੈਕਟਰੀ ਵਿਚ ਕੰਮ ਮਿਲ ਗਿਆ ਹੈ। ਨਾਲੇ ਤੁਸੀਂ ਤਾਂ ਪਹਿਲਾਂ ਹੀ ਅਲਮਾਰੀ ਦੇ ਪੈਸੇ ਭਿਜਵਾ ਦਿੱਤੇ ਸੀ। ਉਸ ਵੇਲੇ ਉਹਨਾਂ ਪੈਸਿਆਂ ਨਾਲ ਸਾਨੂੰ ਬੜੀ ਮਦਦ ਮਿਲੀ। ਔਖੇ ਸਮੇਂ ਮਿਲੇ ਤਿਲ ਦਾ ਵੀ ਆਪਣਾ ਮੁੱਲ ਹੁੰਦਾ ਹੈ।" ਮੈਂ ਪੈਸੇ ਦੇਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਸਨੇ ਨਾ ਲਏ। ਮੈਂ ਬੜੇ ਪਿਆਰ ਨਾਲ ਉਸਨੂੰ ਗਲ਼ ਨਾਲ ਲਾਇਆ। ਮੇਰੇ ਅੰਦਰ ਕੁਝ ਸੀ ਜੋ ਤਰਲ ਹੋ ਕੇ ਬਹਿ ਤੁਰਿਆ ਸੀ। ਮੈਨੂੰ ਜਾਪ ਰਿਹਾ ਸੀ ਕਿ ਉਹ ਮੇਰੀ ਨਿੱਕੀ ਭੈਣ ਨਹੀਂ ਸੀ, ਬੀਜੀ ਸੀ। ਫਿਰ ਮੈਨੂੰ ਜਾਪਿਆ ਜਿਵੇਂ ਮੇਰਾ ਖਜ਼ਾਨਾ ਹਾਲੀ ਵੀ ਕਿਸੇ ਨੇ ਸਾਂਭ ਕੇ ਰੱਖਿਆ ਹੋਇਆ ਸੀ, ਅਲਮਾਰੀ ਦੇ ਲੁਕਵੇਂ ਖਾਨੇ ਵਾਂਗ। ❑ ❑

[ਸਾਗਰ ਵਿਲਾ, 24, ਗੁਰੂ ਹਰਿ ਰਾਇ ਅਵੈਨਿਊ, ਖਾਲਸਾ ਕਾਲਿਜ ਦੇ ਸਾਹਮਣੇ, ਅੰਮ੍ਰਿਤਸਰ]

ਪਛਾਣ

ਪ੍ਰੇਮ ਗੋਰਖੀ

ਘਰੋਂ ਆਏ ਨੂੰ ਅਜੇ ਡੇਢ ਕੁ ਘੰਟਾ ਹੀ ਹੋਇਆ ਸੀ ਕਿ ਮੰਮੀ ਦਾ ਫੋਨ ਆ ਗਿਆ ਫੋਨ ਵੱਲ ਦੇਖ ਕੇ ਮੈਨੂੰ ਪਲ ਭਰ ਲਈ ਘਬਰਾਹਟ ਹੋਈ। ਅਜਿਹੇ ਸਮੇਂ ਮੰਮੀ ਦੀ ਖਰਾਬ ਰਹਿ ਰਹ ਸਿਹਤ ਬਾਰੇ ਫਿਕਰ ਹੋਣ ਲਗਦਾ ਹੈ ਤੇ ਘਬਰਾਹਟ ਹੋਣ ਦਾ ਕਾਰਨ ਵੀ ਇਹੋ ਸੀ। ਇਸ ਸਮੇ ਮੇਰੇ ਬੋਲ ਥਰ-ਥਰਾ ਜਾਂਦੇ ਨੇ, "ਹਾਂ ਮੀਮੀ ਜੀ, ਸਿਹਤ ਤਾਂ ਠੀਕ ਹੈ ਨਾ?"

"ਬੇਟਾ, ਇਕ ਦਮ ਘਬਰਾਇਆ ਨਾ ਕਰ, ਦੋ ਘੰਟਿਆਂ ਵਿਚ ਕੁਝ ਨੀ ਹੁੰਦਾ ਮੈਨੂੰ। ਫੋ ਮੈਂ ਇਸ ਕਰਕੇ ਕੀਤਾ ਕਿ ਤੈਨੂੰ ਮਿਲਣ ਲਈ ਇਕ ਆਦਮੀ ਆਇਆ ਬੈਠਾ...ਕੈਪਟਨ ਅਨੰਤ ਉਹਦਾ ਇਹ ਵੀ ਕਹਿਣਾ ਕਿ ਮੈਂ ਮੋਦਗਿੱਲ ਨੂੰ ਪਹਿਲਾਂ ਕਦੀ ਮਿਲਿਆ ਨਹੀਂ ਪਰ ਉਹਨੇ ਮੇ ਬਾਰੇ ਸ਼ਾਇਦ ਸੁਣਿਆ ਜ਼ਰੂਰ ਹੋਵੇ...ਮੈਂ ਹੈਰਾਨ ਆਂ ਉਹ ਤੇਰੇ ਕੋਲ ਆਫਿਸ ਵੀ ਨਹੀਂ ਆਉਣ ਚਾਹੁੰਦਾ। ਮੈਂ ਦੱਸ ਦਿੱਤਾ ਕਿ ਉਹ ਤਾਂ ਲੇਟ ਆਵੇਗਾ, ਨੌਂ-ਦਸ ਦੇ ਨੇੜੇ...ਉਹ ਹੁਣ ਅੰਦ ਡਰਾਇੰਗ ਰੂਮ ਵਿਚ ਬੈਠਾ।"

"ਮੰਮੀ ਅੱਜ ਤਾਂ ਜ਼ਰੂਰ ਲੇਟ ਹੋ ਜਾਵਾਂਗਾ...ਬੜੀਆਂ ਇੰਪੋਰਟੈਂਟ ਨਿਊਜ਼ ਆ ਗਈਆਂ. ਦਸੰਬਰ ਚੱਲ ਰਿਹਾ ਨਾ, ਇਸ ਲਈ ਬੰਦੇ ਕਈ ਛੁੱਟੀ 'ਤੇ ਨੇ...ਉਹ ਸੀ ਨਾ ਮਾਡਲ ਜੈਸਿਕਾ ਲਾ ਦਾ ਮਰਡਰ ਕੇਸ, ਜਿਹਨੂੰ ਪੁਲੀਸ ਨੇ ਪੈਸਾ ਖਾ ਕੇ ਖੁਰਦ-ਬੁਰਦ ਕਰ ਦਿੱਤਾ ਸੀ, ਅੱਜ ਉਸ ਦ ਫੈਸਲਾ ਹੋ ਗਿਆ। ਦੂਜੀ ਖਬਰ ਲਾਲੂ ਯਾਦਵ ਤੇ ਰਾਬੜੀ ਦੇਵੀ ਦੀ ਹੈ, ਫਿਰ ਬੁਸ਼ ਦੀ ਖ ਆ ਰਹੀ ਆ...ਉਹਨੇ ਸਿਗਨੇਚਰ ਕਰਨੇ ਆ ਇੰਡੀਆ ਨਾਲ ਕੀਤੇ ਡਸੀਜ਼ਨ ਉੱਤੇ...।"

"ਉੱਲੂ ਬਾਟੇ, ਸਵੇਰ ਦਾ ਪੇਪਰ ਪੜ੍ਹਨ ਲਈ ਵੀ ਛੱਡ ਦਿਆ ਕਰ ਮੇਰੇ ਲਈ...ਮੈਂ ਤ ਕੈਪਟਨ ਬਾਰੇ ਤੈਨੂੰ ਦੱਸਣ ਲਈ ਫੋਨ ਕੀਤਾ। ਤੂੰ ਐਵੇਂ ਨਾ ਚਿੰਤਾ ਕਰ। ਮੈਂ ਹਾਂ ਨਾ ਬੱਚੇ, ਘ ਵਿਚ...ਫਿਕਰ ਕਿਉਂ ਕਰਦਾਂ? ਹਾਂ ਇਹ ਤਾਂ ਦੱਸ ਜੈਸਿਕਾ ਦੇ ਕੇਸ ਦਾ ਫੈਸਲਾ ਹੋਇਆ ਕੀ?

"ਮਨੂ ਸ਼ਰਮਾ ਨੂੰ ਕਤਲ ਲਈ ਉਮਰ ਕੈਦ ਤੇ ਉਸ ਦੇ ਦੋ ਸਾਥੀਆਂ ਨੂੰ ਚਾਰ ਚਾਰ ਸਾ ਕੈਦ..."

"ਸ਼ੁਕਰ ਐ ਜੁਡੀਸ਼ਰੀ ਵੀ ਨੀਂਦ 'ਚੋਂ ਜਾਗੀ ਹੈ। ਉਸ ਨੂੰ ਅਜੇ ਹੋਰ ਜਾਗਣ ਦੀ ਲੋ ਆ...ਜਿਸ ਤਰ੍ਹਾਂ ਹੁਣ ਮੀਡੀਆ ਜਾਗ ਪਿਆ...।"

ਅਜਿਹੀਆਂ ਖ਼ਬਰਾਂ ਆਉਣ ਸਮੇਂ ਪੂਰਾ ਨਿਊਜ਼ ਰੂਮ ਹੀ ਬੜਾ ਬਿਜ਼ੀ ਹੁੰਦਾ ਹੈ। ਇ ਜੂਨੀਅਰ ਨੂੰ ਤਾਂ ਅਜਿਹੇ ਮੌਕੇ ਸਿਰਫ ਫੋਨ ਅਟੈਂਡ ਕਰਨ ਲਈ ਲਾਉਣਾ ਪੈਂਦਾ। ਖਬਰਾਂ ਦ ਸੈਟਿੰਗ, ਟਾਈਮ ਦੀ ਪਾਬੰਦੀ ਤੇ ਉਪਰੋਂ ਹੈੱਡ ਦਾ ਨਵੇਂ ਤੋਂ ਨਵਾਂ ਆਦੇਸ਼। ਅਜਿਹੇ ਮੌ ਘਰ-ਪਰਿਵਾਰ ਤਾਂ ਯਾਦ ਹੀ ਨਹੀਂ ਰਹਿੰਦਾ। ਘਰ ਆ ਕੇ ਬੈਠੇ ਨਾਵਾਕਫ ਗੈੱਸਟ ਨੂੰ ਵੀ ਭੁੱਲਿਆ ਰਿਹਾ, ਘਰ ਦੇ ਨੇੜੇ ਆ ਕੇ ਯਾਦ ਆਈ। ਮੈਂ ਦੂਸਰੇ ਕਮਰੇ ਵੱਲ ਜਾਂਦਿਆਂ ਡਰਾਇੰ ਰੂਮ ਵਿਚ ਬੈਠੇ ਬੰਦੇ ਵੱਲ ਗਹੁ ਨਾਲ ਦੇਖਿਆ...ਪੰਜਾਹ ਦੇ ਆਸ-ਪਾਸ ਪਰ ਫੁਰਤੀਲਾ। ਕੋ ਉਤਾਰ ਕੇ ਮੈਂ ਡਰਾਇੰਗ ਰੂਮ ਵਿਚ ਗਿਆ। ਹੈਲੋ ਹੈਲੋ ਹੋਈ। ਉਹ ਈਵਨਿੰਗ ਨਿਊਜ਼ ਦਾ ਤਾ ਅੰਕ ਪੜ੍ਹ ਰਿਹਾ ਸੀ। ਜ਼ਰੂਰ ਮਾਰਕੀਟ ਤੋਂ ਆਉਂਦਾ ਹੋਇਆ ਲੈ ਆਇਆ ਹੋਵੇਗਾ। ਮੰਮੀ ਨੇ ਦੱ ਦਿੱਤਾ ਸੀ ਕਿ ਉਹ ਕਿਸੇ ਨੂੰ ਮਿਲਣ ਚਲਾ ਗਿਆ, ਕਹਿੰਦਾ ਸੀ ਖਾਣਾ ਮੈਂ ਖਾ ਕੇ ਆਵਾਂਗ

"ਮਿਸਟਰ ਮੋਦਗਿੱਲ ਆਈ ਐਮ ਅਨੰਤ...ਕੈਪਟਨ ਅਨੰਤ ਮਾਹਰਾ...ਬਿਲੌਂਗ ਟੂ ਨੈਨੀਤਾ ਏਰੀਆ...ਗੜ੍ਹਵਾਲ ਬੈਲਟ, ਹੁਣ ਤਾਂ ਤੁਹਾਨੂੰ ਸ਼ਾਇਦ ਯਾਦ ਆਇਆ ਹੋਵੇ...।"

ਮਹਿਮਾਨ ਦੀਆਂ ਕਾਹਲ਼ੀ ਕਾਹਲ਼ੀ ਕਹੀਆਂ ਗੱਲਾਂ ਸੁਣ ਕੇ ਮੈਂ ਤ੍ਰਭਕਿਆ ਤੇ ਉਹ ਚਿਹਰੇ ਵੱਲ ਗਹੁ ਨਾਲ ਵੇਖਿਆ। ਬਿਲਕੁਲ ਉਹੀ ਸੂਰਤ, ਉਹੀ ਅੱਖਾਂ ਦੀ ਬਣਤਰ, ਪਤਲ

ਜਿਹਾ ਨੱਕ ਤੇ ਛੋਟੀਆਂ-ਛੋਟੀਆਂ ਮੁੱਛਾਂ। ਚਾਂਦਨੀ ਨੇ ਜਿਹੜੀ ਤਸਵੀਰ ਮੈਨੂੰ ਦਿਖਾਈ ਸੀ, ਉਸ ਵਿਚ ਇਹੋ ਹੀ ਚਿਹਰਾ ਸੀ।

"ਅੰਕਲ ਦੇਖੋ ਤੁਹਾਨੂੰ ਆਪਣੀ ਐਲਬਮ ਦਿਖਾਵਾਂ...ਦੇਖੋ ਇਹ ਮੇਰੇ ਪਾਪਾ ਦਾ ਪਿੰਡ ਆ। ਆਹ ਮੇਰੇ ਦਾਦਾ ਜੀ, ਇਹ ਦਾਦੀ ਜੀ, ਇਹ ਮੇਰੀ ਭੂਆ ਜੀ। ਹੱਸੋ ਨਾ ਅੰਕਲ, ਉਥੇ ਏਸੇ ਤਰ੍ਹਾਂ ਦੇ ਕੱਪੜੇ ਪਹਿਨਦੇ ਆ। ਇਹ ਦੇਖੋ ਮੇਰੀ ਫੋਟੋ। ਮੰਮੀ ਕਹਿੰਦੀ ਆ ਉਦੋਂ ਮੈਂ ਫਸਟ ਵਿਚ ਪੜ੍ਹਦੀ ਸੀ। ਐਹ ਅਸੀਂ ਨਦੀ ਵਿਚ ਨਹਾ ਰਹੇ ਹਾਂ। ਇਹ ਨਦੀ ਪਾਪਾ ਦੇ ਪਿੰਡ ਦੇ ਨਾਲ ਹੀ ਵਹਿੰਦੀ ਆ...ਇਥੇ ਮੈਂ ਰੋਜ਼ ਹੀ ਭੂਆ ਜੀ ਨਾਲ ਜਾ ਕੇ ਨਹਾ ਕੇ ਆਉਂਦੀ ਸੀ...ਇਥੇ ਮੱਛੀਆਂ ਵੀ ਹੁੰਦੀਆਂ ਸੀ...ਇਹ ਦੇਖੋ ਮੇਰੀ ਮੰਮੀ ਤੇ ਪਾਪਾ ਦੀ ਫੋਟੋ...ਮੰਮੀ ਦੱਸਦੀ ਹੁੰਦੀ ਆ ਉਹਨਾਂ ਨੇ ਇਹ ਫੋਟੋ ਮੈਰਿਜ ਕਰਾਉਣ ਤੋਂ ਬਾਅਦ ਨੈਨੀਤਾਲ ਆ ਕੇ ਖਿਚਵਾਈ ਸੀ। ਅੰਕਲ ਦੇਖੋ ਮੇਰੇ ਪਾਪਾ ਕਿੰਨੇ ਸਮਾਰਟ ਆ...ਤੁਹਾਨੂੰ ਪਾਪਾ ਦੀ ਇਕ ਹੋਰ ਸਨੈਪ ਵੀ ਦਿਖਾਉਂਦੀ ਆਂ...ਇਹ ਮੰਮੀ ਨੇ ਛੁਪਾ ਕੇ ਰੱਖੀ ਤੇ ਮੈਂ ਚੁੱਕ ਕੇ ਆਪਣੇ ਕੋਲ ਲੁਕਾ ਲਈ...ਮੰਮੀ ਬੜੀਆਂ ਗਾਲ੍ਹਾਂ ਕੱਢਦੇ ਆ ਪਾਪਾ ਨੂੰ...ਤੁਹਾਨੂੰ ਪਤਾ ਤਾਂ ਹੈ ਅੰਕਲ।" ਬੋਲਦੀ ਹੋਈ ਚਾਂਦਨੀ ਕਾਹਲ਼ੀ ਕਾਹਲ਼ੀ ਦੂਸਰੇ ਕਮਰੇ ਵਿਚ ਗਈ ਸੀ ਤੇ ਦੋ ਕੁ ਮਿੰਟ ਬਾਅਦ ਇਕ ਲਿਫਾਫੇ ਵਿਚ ਰੱਖੀ ਫੋਟੋ ਲੈ ਕੇ ਆਈ ਸੀ। "ਛੇਤੀ ਛੇਤੀ ਦੇਖ ਲਓ ਅੰਕਲ, ਮੰਮੀ ਨਾ ਕਿਤੇ ਆ ਜਾਣ...ਦੇਖੋ ਪਾਪਾ ਕਿੰਨੇ ਸੋਹਣੇ ਆ...ਬੜੀ ਦੇਰ ਤੋਂ ਮੈਂ ਤਾਂ ਦੇਖੇ ਈ ਨਹੀਂ। ਮੰਮੀ ਕਹਿੰਦੇ ਆ ਪਾਪਾ ਦੀ ਡੈੱਥ ਹੋ ਚੁੱਕੀ ਆ, ਜਿਸ ਦਾ ਕੋਈ ਸਬੂਤ ਨਈਂ...ਅੰਕਲ ਮੈਨੂੰ ਵਿਸ਼ਵਾਸ ਆ ਮੇਰੇ ਪਾਪਾ ਹੈਗੇ ਆ...ਮੇਰੇ ਪਾਪਾ ਮਰ ਨਈਂ ਸਕਦੇ...ਮੈਨੂੰ ਉਹਨਾਂ ਦੇ ਬਹੁਤ ਸੁਪਨੇ ਆਉਂਦੇ ਆ...ਪਾਪਾ ਨਹੀਂ ਮਰੇ..." ਚਾਂਦਨੀ ਨੇ ਬੜੇ ਭਰੋਸੇ ਨਾਲ ਕਿਹਾ ਸੀ।

ਉਸੇ ਫੋਟੋ ਉੱਤੇ ਵੇਖੇ ਸਾਰੇ ਨਕਸ਼ ਅਜੇ ਵੀ ਉਵੇਂ ਹੀ ਇਸ ਆਦਮੀ ਦੇ ਚਿਹਰੇ ਉੱਤੇ ਨਜ਼ਰ ਆ ਰਹੇ ਸਨ। ਪਰ ਨੀਲੂ ਤਾਂ ਦੱਸਦੀ ਸੀ ਉਸ ਦਾ ਪਤੀ ਆਰਮੀ ਵਿਚ ਹੁੰਦਿਆਂ ਕਸ਼ਮੀਰ ਵਿਚ ਹੋਏ ਐਕਸ਼ਨ ਦੌਰਾਨ ਲਾਪਤਾ ਹੋ ਗਿਆ ਸੀ ਜਿਸ ਦੀ ਲਾਸ਼ ਵੀ ਨਹੀਂ ਸੀ ਮਿਲੀ।

0 0 0 0

ਆਪਣੇ ਬਾਰੇ ਨੀਲੂ ਨੇ ਜੋ ਮੰਮੀ ਨੂੰ ਦੱਸਿਆ ਸੀ ਮੰਮੀ ਉਹੋ ਜਾਣਦੀ ਸੀ। ਹੋ ਸਕਦਾ ਹੈ ਹੋਰ ਵੀ ਬਹੁਤ ਕੁਝ ਪਤਾ ਹੋਵੇ ਤੇ ਮੰਮੀ ਨੇ ਉਹ ਮੇਰੇ ਨਾਲ ਸਾਂਝਾ ਨਾ ਕੀਤਾ ਹੋਵੇ। ਨੀਲੂ ਨਾਲ ਮੇਰੀ ਪਹਿਲੀ ਮੁਲਾਕਾਤ ਵੀ ਮੰਮੀ ਦੇ ਰਾਹੀਂ ਹੀ ਹੋਈ ਸੀ, ਮੰਮੀ ਦੇ ਸਕੂਲ ਵਿਚ। ਨੀਲੂ ਮੰਮੀ ਦੇ ਸਕੂਲ ਵਿਚ ਹੀ ਟੀਚਰ ਸੀ।

ਨੀਲੂ ਕਵਿਤਾ ਲਿਖਦੀ ਸੀ, ਐਵੇਂ ਹਲਕੀ-ਫੁਲਕੀ। ਮੈਨੂੰ ਕਵਿਤਾ ਨਾਲ ਕੋਈ ਲਗਾਓ ਨਹੀਂ ਸੀ। ਮੈਂ ਅਖਬਾਰ ਵਿਚ ਜੌਬ ਕਰਦਾ ਸੀ ਤੇ ਨੀਲੂ ਨੂੰ ਕਵਿਤਾ ਛਪਵਾਉਣ ਦਾ ਲਾਲਚ ਸੀ ਜਿਹੜਾ ਮੇਰੇ ਰਸੂਖ ਰਾਹੀਂ ਪੂਰਾ ਹੋ ਸਕਦਾ ਸੀ। ਬਹੁਤ ਸਾਰੇ ਅਜਿਹੇ ਲੇਖਕ ਹਨ ਜੋ ਇਸੇ ਕਾਰਨ ਮੇਰੇ ਨੇੜੇ ਆ ਜਾਂਦੇ ਸਨ। ਇਕ ਪੇਪਰ ਵਿਚ ਇੰਨਾ ਕੁ ਤਾਂ ਚੱਲ ਹੀ ਜਾਂਦਾ ਹੈ। ਪੇਪਰ ਵਿਚ ਇਕ ਮੁਲਾਜ਼ਮ ਦੂਜੇ ਨੂੰ ਕੰਮ ਤੋਂ ਕਦੇ ਨਾਂਹ ਨਹੀਂ ਕਰਦਾ। ਸਹੀ ਅਰਥਾਂ ਵਿਚ ਨੀਲੂ ਦੀ ਇੱਛਾ ਮੇਰੇ ਪ੍ਰਤੀ ਹੈ ਕੀ ਸੀ ਇਸ ਬਾਰੇ ਮੈਨੂੰ ਹੌਲ਼ੀ ਹੌਲ਼ੀ ਪਤਾ ਲੱਗਾ। ਕਵਿਤਾ ਛਪਵਾਉਣ ਦੇ ਲੋਭ ਵਿਚ ਉਸ ਨੇ ਮੰਮੀ ਰਾਹੀਂ ਮੇਰੇ ਨਾਲ ਸਾਂਝ ਵਧਾ ਲਈ। ਮੰਮੀ ਤੇ ਮੈਂ ਕਈ ਵਾਰ ਨੀਲੂ ਦੀਆਂ ਗੱਲਾਂ ਕਰਦੇ। ਨੀਲੂ ਦੁਆਰਾ ਪ੍ਰਗਟਾਏ ਮੋਹ ਪਿਆਰ ਸਦਕਾ ਮੰਮੀ ਉਸ ਪ੍ਰਤੀ ਸ਼ੁਰੂ ਵਿਚ ਬਹੁਤ ਉਲਾਰ ਹੋ ਗਈ। ਮੰਮੀ ਉਹਦੇ ਦੋਹਾਂ ਬੱਚਿਆਂ ਨੂੰ ਵੀ ਬੜਾ ਪਿਆਰ ਕਰਦੇ। ਨੀਲੂ ਦੋਹਾਂ ਬੱਚਿਆਂ ਨੂੰ ਵੀ ਕਦੇ ਕਦੇ ਸਾਡੇ ਘਰ ਲੈ ਕੇ ਆਉਂਦੀ। ਸ਼ੁਰੂ ਵਿਚ ਮੰਮੀ ਨੇ ਨੀਲੂ ਦੀ ਬੇਟੀ ਨੂੰ ਕਿੰਨੇ ਮਹਿੰਗੇ ਕੱਪੜੇ ਖਰੀਦ ਕੇ ਦਿੱਤੇ ਸਨ, ਉਹਦੇ ਜਨਮ ਦਿਨ 'ਤੇ।

ਨੀਲੂ ਦਾ ਘਰ ਵੀ ਨੇੜੇ ਹੀ ਸੀ। ਸ਼ੁਰੂ ਵਿਚ ਮੰਮੀ ਮੈਨੂੰ ਵੀ ਨਾਲ ਲੈ ਗਏ। ਘਰ ਵਿਚ ਦੋਨਾਂ ਬੱਚਿਆਂ ਨੂੰ ਮੈਂ ਮਿਲਿਆ ਜਿਹਨਾਂ ਦਾ ਰੰਗ-ਰੂਪ ਵੱਖਰਾ-ਵੱਖਰਾ ਸੀ। ਬੇਟੀ ਚਾਂਦਨੀ ਬੜੀ

ਕੈਪਟਨ ਅਨੰਤ ਦੇ ਜਾਣ ਤੋਂ ਬਾਅਦ ਮੰਮੀ ਨੇ ਪੁੱਛਿਆ, "ਬੇਟਾ, ਇਹ ਕੌਣ ਆ ਕੈਪਟਨ, ਇਹ ਕੀ ਗੱਲਾਂ ਕਰਦਾ ਸੀ।"

"ਮੰਮੀ, ਤੁਸੀਂ ਅਜੇ ਤਕ ਸੁੱਤੇ ਨਈਂ ? ਇਹ ਵਿਚਾਰਾ ਨੀਲੂ ਦੀਆਂ ਕਹਾਣੀਆਂ ਸੁਣਾ ਰਿਹਾ ਸੀ...ਇਹ ਉਸੇ ਨੀਲੂ ਦਾ ਪਤੀ ਆ, ਨੀਲੂ ਉਰਫ ਨੀਲੋਫਰ ਦਾ।"

"ਓ! ਇਹ ਉਸ ਨੀਲੋਫਰ ਦਾ ਪਤੀ ਆ!...ਰੀਅਲੀ ? ਉਫ...ਉਹ ਕਿੰਨੀ ਧੋਖੇਬਾਜ਼ ਔਰਤ ਆ!" ਮੰਮੀ ਨੂੰ ਜਿਵੇਂ ਝਟਕਾ ਲੱਗਾ ਤੇ ਉਹ ਕੁਰਸੀ ਉੱਤੇ ਬੈਠ ਗਈ..." ਧੀ ਦਾ ਨਾਂ ਵੀ ਉਹਨੇ ਤੇਰੇ ਕਰ ਕੇ ਬਦਲਿਆ ਸੀ, ਤੇਰਾ ਨਾਂ ਜੁ ਜੰਗਪ੍ਰੀਤ ਸਿੰਘ ਸੀ, ਉਹਨੇ ਧੀ ਦਾ ਬਦਲ ਕੇ ਚਰਨਪ੍ਰੀਤ ਕੌਰ ਰੱਖ ਦਿੱਤਾ। ਫਿਰ ਤੇਰੇ ਕੋਲੋਂ ਹੀ ਤੇਰੇ ਪੇਪਰ ਵਿਚ ਛਪਵਾਇਆ ਸੀ...ਕਿਉਂਕਿ ਉਸ ਨੂੰ ਆਸ ਸੀ ਕਿ ਤੂੰ ਛੇਤੀ ਹੀ ਉਹਦੇ ਨਾਲ ਮੈਰਿਜ ਕਰਾ ਲਏਂਗਾ...ਭੁੱਖੀ ਸਾਰੇ ਜਹਾਨ ਦੀ...ਮੱਕਾਰ ਲੂੰਬੜੀ..." ਕਹਿੰਦੀ ਹੋਈ ਮੰਮੀ ਉੱਠ ਪਈ, "ਬੇਟਾ ਸੌਂ ਜਾ ਹੁਣ, ਗਿਆਰਾਂ ਵੱਜਣ ਲੱਗੇ ਆ...ਕੀ ਕਹਿੰਦਾ ਇਹ ਮਾੜੀ ਕਿਸਮਤ ਵਾਲਾ ? ਓਸ ਨੇ ਤਾਂ ਇਹਨੂੰ ਪਤਾ ਨਹੀਂ ਕਦੋਂ ਦਾ ਮਾਰਿਆ ਹੋਇਆ...ਉਹਨੇ ਮਤਲਬੀ ਨੇ ਤਾਂ ਹੁਣ ਹਲਵਾਰੇ ਟਰਾਂਸਫਰ ਕਰਾ ਲਈ, ਕੁੜੀ ਵਿਚਾਰੀ ਇਥੇ ਹੋਸਟਲਾਂ ਵਿਚ ਧੱਕੇ ਖਾਂਦੀ ਆ...ਮੈਨੂੰ ਤਾਂ ਕੁੜੀ 'ਤੇ ਬਹੁਤ ਤਰਸ ਆਉਂਦਾ... ਵਿਚਾਰੀ ਦੀ ਜ਼ਿੰਦਗੀ ਨਾ ਬਰਬਾਦ ਹੋ ਜਾਵੇ..."

"ਮੰਮੀ, ਇਸੇ ਫਿਕਰ ਦਾ ਮਾਰਿਆ ਤਾਂ ਇਹ ਧੀ ਨੂੰ ਲੱਭਦਾ ਫਿਰਦਾ...ਨੀਲੂ ਦੀਆਂ ਆਦਤਾਂ ਨੂੰ ਜਾਣਦਾ ਹੋਣ ਕਰਕੇ ਤਾਂ ਘਬਰਾਇਆ ਫਿਰਦਾ...ਇਹ ਬੰਦਾ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਜ਼ਿੰਦਗੀ ਬਰਬਾਦ ਕਰਕੇ ਮੁੜਿਆ...ਸਰਕਾਰ ਕਹਿੰਦੀ ਆ ਤੂੰ ਤਾਂ ਬਾਰਾਂ ਤੇਰਾਂ ਸਾਲ ਪਹਿਲਾਂ ਈ..."

-ਜਿਹਨਾਂ ਦਿਨਾਂ ਵਿਚ ਨੀਲੂ ਮਿਲੀ, ਮੈਂ ਕਿਰਨਜੀਤ ਦੇ ਅਮਰੀਕਾ ਤੁਰ ਜਾਣ ਕਾਰਨ ਥੋੜ੍ਹਾ ਡਿਸਟਰਬ ਸੀ। ਨੀਲੂ ਨੂੰ ਪਤਾ ਨਹੀਂ ਕਿੱਥੋਂ ਮੇਰੇ ਜ਼ਹਿਨ 'ਤੇ ਛਾਏ ਵਿਯੋਗ ਬਾਰੇ ਪਤਾ ਲੱਗ ਗਿਆ, ਉਹ ਵਾਰ-ਵਾਰ ਮੈਨੂੰ ਮਿਲਣ ਲੱਗੀ। ਅਸੀਂ ਦੋਵੇਂ ਜਲੰਧਰ ਦੇ ਰਹਿਣ ਵਾਲੇ ਸੀ ਪਰ ਜੇ ਸਾਂਝ ਪੈਦਾ ਹੀ ਕਰਨੀ ਹੋਵੇ ਤਾਂ ਇਕ ਸ਼ਹਿਰ ਦੇ ਨਾਂ ਦੀ ਸਾਂਝ ਹੀ ਬਹੁਤ ਹੁੰਦੀ ਹੈ। ਸੋ ਨੇੜਤਾ ਦੋਸਤੀ ਵਿਚ ਬਦਲ ਗਈ। ਮੇਰੀ ਇਹ ਗ਼ਲਤਫਹਿਮੀ ਹੀ ਸੀ। ਅਸੀਂ ਚਾਰ ਸਾਲ ਇਸੇ ਸਾਂਝ ਦੁਆਲੇ ਹੀ ਘੁੰਮਦੇ ਰਹੇ। -ਇਕ ਦਿਨ ਮੈਨੂੰ ਕਹਿਣ ਲੱਗੀ ਹੁਣ ਆਪਾਂ ਮੈਰਿਜ ਕਰਾ ਲਈਏ। ਮੇਰੀ ਕਿਸੇ ਗੱਲ ਵਿਚ ਮੰਮੀ ਦਖਲ ਨਹੀਂ ਸੀ ਦਿੰਦੇ। ਨੀਲੂ ਦੀ ਮੰਗ ਮੈਂ ਮੰਮੀ ਅੱਗੇ ਰੱਖ ਦਿੱਤੀ। "ਬੇਟਾ ਕਾਹਲੀ ਨਾ ਕਰ...ਬਾਕੀ ਤੂੰ ਸੋਚ ਵਿਚਾਰ ਲੈ...ਵਿਆਹ ਸ਼ਾਦੀ ਕੋਈ ਬੱਚਿਆਂ ਦੀ ਖੇਡ ਨਈਂ..." ਮੰਮੀ ਨੇ ਰਾਏ ਦਿੱਤੀ। ਫਿਰ ਕਹਿੰਦੇ, "ਬੇਟਾ ਤੂੰ ਸਿਰਫ ਇਹ ਜਾਣਦਾ ਏਂ ਕਿ ਉਹ ਆਪਣੇ ਸ਼ਹਿਰ ਦੀ ਆ...ਮਾਂ ਬਾਪ, ਜਾਤ, ਪਾਤ, ਫੈਮਿਲੀ ਬੈਕ ਗਰਾਊਂਡ ਕੀ ਆ...ਪਤੀ ਬਾਰੇ ਵੀ ਪਤਾ ਕਰੋ ਕਿ ਵਾਕਿਆ ਹੀ ਮਰ ਚੁੱਕਾ ਹੈ ? ਜੋ ਅਸੀਂ ਸੁਣਦੇ ਜਾਂ ਦੇਖਦੇ ਹਾਂ ਉਹ ਅੱਧਾ ਸੱਚ ਹੁੰਦਾ ਹੈ। ...ਮੈਨੂੰ ਇਕ ਜਵਾਬ ਦੇਹ...ਕੀ ਤੂੰ ਲੂਲ੍ਹਾ ਲੰਗੜਾ ਹੈਂ ? ਕੀ ਤੇਰੀ ਉਮਰ ਬਹੁਤ ਹੋ ਗਈ ? ਕੀ ਖੋਟ ਹੈ ਤੇਰੇ ਵਿਚ ?...ਬੇਟਾ ਜੇ ਮੇਰੀ ਗੱਲ ਤੈਨੂੰ ਬੁਰੀ ਲੱਗੀ ਹੋਵੇ ਤਾਂ ਉਸ ਨੂੰ ਭੁੱਲ ਜਾ...ਤੂੰ ਉਸ ਨਾਲ ਜਦੋਂ ਚਾਹੇਂ ਮੈਰਿਜ ਕਰ ਸਕਦੈਂ...ਪਰ ਮੇਰੀਆਂ ਗੱਲਾਂ 'ਤੇ ਵਿਚਾਰ ਜ਼ਰੂਰ ਕਰੀਂ।" ਇਹੀ ਤਾਂ ਮੰਮੀ ਦਾ ਵਿਅਕਤੀਤਵ ਹੈ, ਸਭ ਤੋਂ ਅਲੱਗ। ਕਿਸੇ ਦੇ ਮਸਲੇ ਵਿਚ ਉਹ ਬਹੁਤ ਘੱਟ ਦਖਲਅੰਦਾਜ਼ੀ ਕਰਦੀ ਹੈ ਤੇ ਜਦੋਂ ਗੱਲ ਕਰਦੀ ਹੈ ਤਾਂ ਬੜੀ ਸਪਸ਼ਟ, ਤਿੱਖੀ ਤੇ ਬੇਝਿਜਕ। ਖਾਸ ਤੌਰ 'ਤੇ ਉਦੋਂ ਜਦੋਂ ਜ਼ਿੰਦਗੀ ਜਿਊਣ ਨਾਲ ਕੋਈ ਮਸਲਾ ਜੁੜਿਆ ਹੋਵੇ। ਮੈਨੂੰ ਯਾਦ ਹੈ ਉਦੋਂ ਮੈਂ ਪਲੱਸ ਟੂ ਵਿਚ ਸੀ ਜਦੋਂ ਲੋਪੋਕੀ ਦੇ ਸਰਕਾਰੀ ਸਕੂਲ ਤੋਂ ਛੁੱਟੀ ਕਰਕੇ ਆਉਂਦਿਆਂ ਪਿਤਾ ਜੀ ਨੂੰ ਅਤਿਵਾਦੀਆਂ ਨੇ ਮਾਰ ਦਿੱਤਾ ਸੀ। ਮੰਮੀ ਅੰਮ੍ਰਿਤਸਰ ਵਿਚ ਹੀ ਕਾਨਵੈਂਟ ਸਕੂਲ ਵਿਚ ਪੜਾਉਂਦੇ ਸਨ। ਪਿਤਾ ਜੀ ਦੀ ਮੌਤ ਤੋਂ ਸਾਲ ਕੁ ਬਾਅਦ ਤਿੰਨੋਂ ਮਾਮਾ ਜੀ ਬੈਠ ਕੇ ਮੰਮੀ ਨੂੰ ਬੜੀ ਅਪਣੱਤ ਨਾਲ ਕਹਿਣ

ਲੱਗੇ, "ਭੈਣ, ਸਾਡੀ ਇੱਛਾ ਹੈ ਕਿ ਤੇਰੀ ਸੈਕਿੰਡ ਮੈਰਿਜ ਕਰ ਦਈਏ...ਉਹ ਬੰਦਾ ਜਲੰਧਰ ਪ੍ਰਿੰਸੀਪਲ ਆ...ਬੜੀ ਚੰਗੀ ਫੈਮਿਲੀ ਆ।"

ਮੰਮੀ ਕਹਿਣ ਲੱਗੀ, "ਦੇਖੋ ਮੈਂ ਆਪਣੇ ਘਰ ਰਹਿ ਰਹੀ ਆਂ, ਆਪਣੀ ਨੌਕਰੀ ਕਰਦੀ ਆਂ...ਤੁਹਾਨੂੰ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਹੀਂ ਦਿੱਤੀ...ਜੋ ਤੁਹਾਡੀ ਇੱਛਾ ਹੈ, ਜ਼ਰੂਰੀ ਨਹੀਂ ਮੇਰੀ ਵੀ ਉਹੋ ਇੱਛਾ ਹੋਵੇ...ਮੇਰਾ ਬੇਟਾ ਵੱਡਾ ਹੋ ਰਿਹਾ ਹੈ...ਮੈਨੂੰ ਕੋਈ ਪਰਿਵਾਰ ਜਾਂ ਆਪਣਾ ਨਵਾਂ ਘਰ ਬਣਾਉਣ ਦੀ ਭੁੱਖ ਨਹੀਂ ਤੇ ਨਾ ਮੈਂ ਲੋੜ ਮਹਿਸੂਸ ਕਰਦੀ ਆਂ...ਮੇਰੀ ਜ਼ਿੰਦਗੀ ਵਾਹਵਾ ਠੀਕ ਰੁੜ੍ਹ ਰਹੀ ਹੈ...ਮੈਂ ਆਪਣੇ ਭਰਾਵਾਂ 'ਤੇ ਜਾਂ ਕਿਸੇ ਹੋਰ 'ਤੇ ਬੋਝ ਨਹੀਂ ਬਣਨਾ ਚਾਹੁੰਦੀ।" ਮੇਰੀ ਮੰਮੀ ਦੀ ਕੋਈ ਰੀਸ ਨਹੀਂ।

ਨੀਲੂ ਨਾਲ ਮੈਂ ਸਪਸ਼ਟ ਗੱਲ ਨਹੀਂ ਕਰ ਸਕਿਆ, ਇਸੇ ਲਈ ਤਾਂ ਉਹ ਰੋਅਬ ਨਾਲ ਬੋਲੀ, "ਮੋਦਗਿੱਲ ਤੁਸੀਂ ਕੇਸ ਨੂੰ ਡੀਲੇਅ ਕਰ ਰਹੇ ਆਂ...ਲਗਦਾ ਮੰਮੀ ਤੋਂ ਡਰ ਗਏ ਓ..."

"ਮੈਂ ਕਈ ਗੱਲਾਂ 'ਤੇ ਤੁਹਾਡੇ ਨਾਲ ਸਹਿਮਤ ਨਈਂ ਆਂ, ਹਰ ਬੰਦੇ ਨਾਲ ਦੋਸਤੀ, ਘੁੰਮਣਾ ਫਿਰਨਾ, ਮੈਂ ਪਸੰਦ ਨਹੀਂ ਕਰਦਾ"

"ਮੈਂ ਕੋਈ ਕਰੈਕਟਰ ਲੈੱਸ ਆਂ... ? ਹੱਦ ਆ ਤੁਹਾਡੀ ਵੀ...ਮੈਂ ਕਿਸੇ ਨੂੰ ਮਿਲ ਵੀ ਨਈਂ ਸਕਦੀ ?"

"ਕਿਸ ਕਿਸ ਨੂੰ ਮਿਲਣਾ ਹੈ...ਕਦੀ ਉਹ ਕਾਲੀਆ, ਕਦੇ ਉਹ ਪ੍ਰਮਾਤਮਾ ਪ੍ਰਸ਼ਾਦ, ਕਦੇ ਨਾਟਕ ਲੇਖਕ..ਵਟ ਇਜ਼ ਦਿਸ ?

ਇਸੇ ਸਮੇਂ ਉਸ ਦਾ ਫੋਨ ਵੱਜ ਪਿਆ ਜਿਹਨੂੰ ਸੁਣਦੀ ਸੁਣਦੀ ਹੋਈ ਉਹ ਚਲੇ ਗਈ।

0 0 0 0

ਸਕੂਲ ਦਾ ਪ੍ਰਿੰਸੀਪਲ ਮੇਰਾ ਜਾਣੂ ਹੀ ਸੀ। ਮੈਂ ਉਸ ਨੂੰ ਚਾਂਦਨੀ ਦੀ ਕਲਾਸ ਤੋਂ ਉਹਨੂੰ ਬੁਲਾਉਣ ਲਈ ਬੇਨਤੀ ਕੀਤੀ। ਪ੍ਰਿੰਸੀਪਲ ਨੇ ਪੀਅਨ ਨੂੰ ਪਲੱਸ ਟੂ 'ਚੋਂ ਚਾਂਦਨੀ ਨੂੰ ਬੁਲਾ ਕੇ ਲਿਆਉਣ ਲਈ ਕਿਹਾ।

"ਮਿਸਟਰ ਮੋਦਗਿੱਲ ਤੁਸੀਂ ਬੇਟੀ ਨੂੰ ਮਿਲੋ, ਮੈਂ ਸਕੂਲ ਦਾ ਰਾਊਂਡ ਲਾ ਆਵਾਂ..."-ਪ੍ਰਿੰਸੀਪਲ ਦੇ ਜਾਣ ਬਾਅਦ ਕੁਝ ਦੇਰ ਦਫਤਰ ਵਿਚ ਚੁੱਪ ਛਾਈ ਰਹੀ। ਕੁਝ ਵਕਫੇ ਤੋਂ ਬਾਅਦ ਮੈਂ ਕੈਪਟਨ ਅਨੰਤ ਨੂੰ ਕਿਹਾ, "ਨੀਲੂ ਮੇਰੇ ਨਾਲ ਤਾਂ ਕਲਾਮ ਨੀਂ ਕਰਦੀ, ਪਰ ਇਹ ਕੁੜੀ ਮੇਰਾ ਮੋਹ ਬਹੁਤ ਕਰਦੀ ਆ...ਮੈਨੂੰ ਵੀ ਇਹਦੇ ਨਾਲ ਬਹੁਤ ਪਿਆਰ ਆ...ਏਸ ਸਕੂਲ ਵਿਚ ਮੈਂ ਹੀ ਇਹਨੂੰ ਦਾਖਲਾ ਦੁਆਇਆ ਸੀ, ਉਦੋਂ ਦਾ ਗਾਰਡੀਅਨ ਵੀ ਮੈਂ ਹੀ ਆਂ..."

ਚਾਂਦਨੀ ਨੂੰ ਕਮਰੇ ਅੰਦਰ ਆਉਂਦਿਆਂ ਦੇਖ ਕੇ ਮੈਂ ਕੈਪਟਨ ਅਨੰਤ ਨੂੰ ਕਿਹਾ, "ਲਓ ਤੁਹਾਡੀ ਬੇਟੀ ਆ ਗਈ।"

"ਹਾਏ ਅੰਕਲ..." ਖੁਸ਼ੀ ਭਰੇ ਰੌਂਅ ਵਿਚ ਚਾਂਦਨੀ ਬੜੇ ਮੋਹ ਨਾਲ ਆ ਕੇ ਮੈਨੂੰ ਮਿਲੀ।

"ਚਾਂਦਨੀ ਇਹਨਾਂ ਨੂੰ ਨਮਸਤੇ ਬੁਲਾ ਤੇ ਗਹੁ ਨਾਲ ਦੇਖਕੇ ਪਛਾਣ ਤਾਂ ਭਲਾ...।" ਮੇਰੇ ਕਹਿਣ 'ਤੇ ਚਾਂਦਨੀ ਨੇ ਦੋ ਪਲ ਗਹੁ ਨਾਲ ਕੈਪਟਨ ਅਨੰਤ ਵੱਲ ਦੇਖਿਆ। ਕੈਪਟਨ ਅਨੰਤ ਵੀ ਨੀਝ ਨਾਲ ਚਾਂਦਨੀ ਵੱਲ ਵੇਖ ਰਿਹਾ ਸੀ।

"ਪਾਪਾ... ? ਤੁਸੀਂ ਤਾਂ ਮੇਰੇ ਪਾਪਾ ਓ...ਮੇਰੇ ਪਾਪਾ ਓ ਨਾ ? ਕੈਪਟਨ ਅਨੰਤ ਮਾਹਰਾ...ਮੇਰੇ ਪਾਪਾ...ਹੈ ਨਾ ?" ਬੋਲਦੀ ਬੋਲਦੀ ਚਾਂਦਨੀ ਰੋਣ ਲੱਗ ਪਈ ਤੇ ਰੋਂਦੀ ਹੋਈ ਨੇ ਪਸੀਜ ਗਏ ਕੈਪਟਨ ਮਾਹਰਾ ਨੂੰ ਜੱਫੀ ਪਾ ਲਈ। ❑❑

[3005, 29-ਡੀ, ਚੰਡੀਗੜ੍ਹ]

ਕਣੀਆਂ ਦੇ ਨਿਸ਼ਾਨ

ਮੁਖਤਿਆਰ ਸਿੰਘ

'ਪੱਲੇ 'ਤੇ ਨਿੱਕੀਆਂ ਨਿੱਕੀਆਂ ਬੂਟੀਆਂ, ਬੂਟੀਆਂ 'ਚ ਮਸ਼ੀਨੀ ਸੂਈ ਦੇ ਨਿਸ਼ਾਨ, ਕੁੜੀਆਂ ਚਿੜੀਆਂ ਦੇ।

ਹੈਂ ? ਬੂਹਾ ਬੰਦ ? ਘੁੱਪ ਹਨੇਰਾ ? ਅੱਖਾਂ ਤਾਂ ਖੁੱਲ੍ਹੀਆਂ ਨੇ ? ਇਹੋ ਚੰਦਰੀਆਂ ਆਈਆਂ ਹੋਣੀਐਂ...ਚੱਲ ਹੋਊ। ਖੌਰੇ ਮੇਰੀਆ ਈ ਅੱਖਾਂ ਮੂਹਰੇ ਪਰਦਾ ਆ ਗਿਆ ਹੋਣੈ ?

...ਮੇਰੇ ਪੱਲੇ ਦੇ ਵੱਡੇ ਵੱਡੇ ਫੁੱਲ ਤੇ ਵਿਚਕਾਰ ਇਕ ਨਿੱਕਾ ਜਿਹਾ। ਛੋਟੀਆਂ ਛੋਟੀਆਂ ਪੱਤੀਆਂ ਵਾਲੀ ਵੇਲ, ਕਿੰਨੀ ਸੋਹਣੀ ਜੱਚਦੀ। ਪੀਲੇ, ਹਰੇ, ਗੁਲਾਬੀ, ਗੁਲਾਬੰਸੀ, ਕਾਲੇ, ਚਿੱਟੇ ਫੁੱਲ-ਪੱਤੀਆਂ ਦਾ ਲਹਿਰਾ ਉਡਦਾ। ਦੇਖਣ ਵਾਲੇ ਦੀ ਨਿਗਾਹ ਵੇਲ 'ਤੇ ਪੈਂਦੀ, ਉਹ ਖ਼ੁਆਬਾਂ 'ਚ ਉਛਲ ਪੈਂਦਾ। ਚਿਹਰੇ ਉੱਤੇ ਮੁਸਕਰਾਹਟ ਆ ਜਾਂਦੀ। ਅੱਖਾਂ ਦੀਆਂ ਪੁਤਲੀਆਂ ਨੱਚਣ ਲੱਗ ਪੈਂਦੀਆਂ। ਮੂੰਹ 'ਤੇ ਲਾਲੀ ਆ ਜਾਂਦੀ। ਖ਼ਮੀਰ ਨਾਲ ਭਰੀ ਨਿਗਾਹ ਹੌਲੀ ਹੌਲੀ ਸਰਕਦੀ। ਸੀਨੇ ਭਰ ਕੇ ਤਣ ਜਾਂਦੇ।

...ਹਾਂਅ ਨੀ! ਪੌਂਚਿਆਂ 'ਤੇ ਹੀਰੇ ਮੋਤੀ ? ਕਿੰਨੇ ਚਮਕਦੇ ? ਅੱਖਾਂ ਨੀ ਟਿਕਦੀਆਂ।

ਨੀ ਮੈਂ ਗਰਕ ਜਾਵਾਂ! ਕੰਨ ਵਿੰਨ੍ਹਿਆਂ ਝਾਟੇ ਵਾਲਾ ? ਗਰਦਨ ਕੋਲ ਨੂੰ ਹੋ ਹੋ, ਬਿੰਗਾ ਟੇਢਾ ਮੂੰਹ ਕਰਕੇ ਫੁਸ ਫੁਸ ਗੱਲਾਂ ? ਏਹਨੂੰ ਪਰੇ ਮਾਰ ਧੱਫਾ, ਕਰਦੇ ਮੂੰਹ ਲਾਲ, ਭੰਨਦੇ ਜਾਬ੍ਹਾਂ। ਬਹੁਤਾ ਚੁਮਲਦੈ। ਏਧਰ ਝਾਕਦੇ ਏ ਨੀ। ਹਾਏ ਮੇਰੇ ਦਿਲ ਨੂੰ ਕੁਝ ਹੋਈ ਜਾਂਦੈ।

...ਆਪਣੇ ਪੌਂਚਿਆਂ 'ਤੇ ਕੁਝ ਨਹੀਂ। ਮੋਟੀਆਂ ਮੋਟੀਆਂ ਚਿੱਟੀਆਂ ਸੀਣਾਂ ਕਿੰਨੀਆਂ ਫਬਦੀਆਂ। ਮੜਕ ਨਾਲ ਪੈਰ ਰੱਖਣਾ। ਉਈਂ ਜਾਨ ਨਿਕਲ ਜਾਂਦੀ ਅਗਲੇ ਦੀ। ਦੂਰੋਂ ਹੀ ਪਤਾ ਲੱਗ ਜਾਂਦਾ ਤੋਰ ਦਾ...।

ਘੁੱਟ ਚਾਹ ਬਣਾਵਾਂ। ਨਿਆਣਿਆਂ ਸਿਆਣਿਆਂ ਨੇ ਕਿੱਥੇ ਉਠਣੈ ? ਗੋਡੇ ਗੋਡੇ ਸੂਰਜ ਚੜ੍ਹ ਆਇਐ। ਬੋਲ ਚਾਲ ਹੋਵੇ ਤਾਂ ਉੱਠਣ। ਬਿਸਤਰਿਆਂ ਉੱਤੇ ਹੀ ਚਾਹ। ਨਾ ਕੁਰਲੀ ਨਾ ਹੱਥ ਮੂੰਹ 'ਤੇ ਪਾਣੀ। ਦਾਤਣ ਤਾਂ ਕੀ ਕਰਨੀ ਐ।

...ਵਿਹੜੇ ਵਿਚਲੀ ਕਿੱਕਰ ਨਾਲੋਂ ਦਾਤਣ ਤੋੜ ਕੇ ਕਰਦੀ ਹੋਈ ਸੁੰਬਰਦੀ। ਇਕ ਪਲ ਸਿੱਧੀ ਹੋ ਕੇ ਮੂੰਹ 'ਚੋਂ ਥੂ ਕਰਦੀ ਤਾਂ ਸੂਰਜ ਕਿੱਕਰ ਵਿਚੀਂ ਅਜੇ ਚੜ੍ਹ ਰਿਹਾ, ਛਣ ਕੇ ਦਿਸਦਾ। ਅਸਮਾਨ ਲਾਲ ਹੁੰਦਾ ਜਾਂਦਾ ਤੇ ਧੁੱਪ ਚੜ੍ਹਨ ਲਗਦੀ। ਸੂਰਜ ਜਿਹਾ ਹੀ ਉਸ ਦਾ ਚਿਹਰਾ ਦਿਸਦਾ। ਪਤਾ ਹੀ ਨਾ ਲਗਦਾ ਕਿਹੜੇ ਵੇਲੇ ਵਿਹੜਾ ਸੁੰਬਰਿਆ ਜਾਂਦਾ। ਸੂਹਣ ਧਰਤੀ 'ਤੇ ਨੱਚਦੀ ਫਿਰਦੀ...।

ਕੁੜੇ! ਸੂਰਜ ਕਿੱਧਰ ਛੁਪ ਗਿਆ। ਕੋਈ ਵੀ ਕਿਰਨ ਕਿਧਰੋਂ ਛਣ ਕੇ ਨਹੀਂ ਆ ਰਹੀ। ਨੀਲੇ, ਚਿੱਟੇ, ਲਾਲ ਟਿਮਕਣੇ ਹੀ ਦਿਸਦੇ ਨੇ। ਇਹ ਟਿਮਕਣੇ ਕਦੇ ਜਾਗਦੇ ਕਦੇ ਬੁਝਦੇ ਨੇ। ਛੋਟੇ ਤੋਂ ਵੱਡੇ ਹੋ ਕੇ ਖਤਮ ਹੋ ਜਾਂਦੇ ਨੇ। ਇਹ ਤਾਂ ਕਦੇ ਦਿਸੇ ਹੀ ਨਹੀਂ ਸੀ। ਹੁਣ ਕਿਉਂ ਦਿਸਣ ਲੱਗ ਪਏ। ਦਿਨ ਐ ਕਿ ਰਾਤ ? ਚੱਲ ਹੋਊ, ਆਪਾਂ ਨੂੰ ਕੀ ?

ਹੌਲੀ ਹੌਲੀ ਰਸੋਈ 'ਚ ਜਾਨੀ ਆਂ। ਹਾਇ ਅੰਮੜੀਏ! ਇਹ ਗੋਡੇ! ਟੱਬਰ ਨੂੰ ਕੀ ? ਥੱਬਾ ਗੋਲੀਆਂ ਦਾ। ਆਦੀ ਹੋ ਗਈ ਆਂ। ਫਲ਼-ਫਰੂਟ ਪਿਐ। ਉਠਦਿਆਂ ਖੜਾਕ ਨੀ ਕਰਨਾ, ਥੱਕ-ਟੁੱਟ ਕੇ ਆਰਾਮ ਕਰ ਰਹੇ ਨੇ।

...ਕੌਣ ਕਰਦਾ ਸੀ ਇਹ ਕੋਠੀਆਂ ਦੇ ਫਕਵੰਝ ਤੇ ਅੱਡ ਅੱਡ ਕਮਰਿਆਂ 'ਚ ਪੈਣ ਦਾ। ਖੁੱਲ੍ਹੇ ਬੂਹੇ, ਖੁੱਲ੍ਹੇ ਦਲਾਣ 'ਚ ਮੰਜਿਆਂ ਉੱਤੇ ਸਾਰਾ ਟੱਬਰ ਪਿਆ ਹੁੰਦਾ। ਦੋ ਦੋ ਤਿੰਨ ਤਿੰਨ ਨਿਆਣੇ

ਇਕੋ ਮੰਜੇ ਉੱਤੇ ਜੁੱਲੀਆਂ 'ਚ ਘੁਸੜ ਜਾਂਦੇ। ਇਹੋ ਹਾਲ ਕੋਠਿਆਂ 'ਤੇ ਪੈਣ ਦਾ। ਚੰਨ ਢਲੇ ਤਕ ਬਾਤਾਂ ਪਾਉਂਦੇ। ਬਨੇਰਿਆਂ ਨਾਲ ਬਨੇਰੇ ਜੁੜੇ ਹੋਣ ਕਰਕੇ ਇਕ ਦੂਜੇ ਦੇ ਮੰਜਿਆਂ ਉੱਤੇ ਜਾ ਛਾਲਾਂ ਮਾਰਦੇ। ਕਈ ਵਾਰ ਬੁੱਝਣ ਵਾਲੀ ਬਾਤ ਬਹੁਤ ਸਿਰ ਖਪਾਈ ਕਰਾਉਂਦੀ। ਆਖਰ ਹਾਰ ਮੰਨਣੀ ਪੈਂਦੀ। ਬਾਤ ਪਾਉਣ ਵਾਲੇ ਨੂੰ ਐਨੀ ਖੁਸ਼ੀ ਹੁੰਦੀ, ਉਹ ਫੁੱਲਿਆ ਨਾ ਸਮਾਉਂਦਾ। ਛੋਟੀ ਤੋਂ ਛੋਟੀ ਬਾਤ ਵੀ ਪਾਉਂਦੇ, "ਔਹ ਗਈ ਔਹ ਗਈ, ਆਹ ਆਗੀ।" 'ਬੁੱਝੋ ਕੀ ?' ਮੈਂ ਮੰਜੇ ਤੋਂ ਉਭੜ ਕੇ ਕਹਿੰਦੀ, 'ਨਿਗਾਹ।'

ਚਿੜੀ ਤੇ ਕਾਂ ਦੀ ਬਾਤ ਹਰੇਕ ਨੂੰ ਆਉਂਦੀ। ਜੇ ਕੋਈ ਹੋਰ ਯਾਦ ਨਾ ਆਉਂਦੀ ਤਾਂ ਇਸ ਨਾਲ ਹੀ ਝੱਸ ਪੂਰਾ ਕਰ ਲੈਂਦੇ। ਕਾਂ ਚਿੜੀ ਦੇ ਕਹੇ ਤੋਂ ਕੰਮ ਨਾ ਕਰਦਾ ਤਾਂ ਹਉਕਾ ਲੈਂਦੇ, 'ਹਾਇ! ਚਿੜੀ ਵਿਚਾਰੀ ਕੀ ਕਰੇ, ਠੰਢਾ ਪਾਣੀ ਪੀ ਮਰੇ ?'

ਨੀ ਉਹ ਚੰਨ-ਚਾਨਣੀਆਂ ਰਾਤਾਂ, ਟਿਮਟਿਮਾਉਂਦੇ ਤਾਰੇ ? ਅਸਮਾਨ ਹੈ ਈ ਨਹੀਂ ? ਖਲਾਅ ਈ ਖਲਾਅ ਦਿਸਦੈ।

ਦਰਵਾਜ਼ਾ ਠਕੋਰ ਕੇ ਦੇਖਾਂ ਤਾਂ ਸਹੀ। ਕਿਤੇ ਮਚਲੇ ਹੋ ਕੇ ਤਾਂ ਨਹੀਂ ਪਏ ਹੋਣੇ ? ਸੋਚਦੇ ਹੋਣਗੇ ਆਪੇ ਉਠੂ ਤੇ ਚਾਹ ਬਣਾ ਕੇ ਪੀ ਲਊ। ਬਾਕੀਆਂ ਦੀ ਢਕ ਦਊ। ਐਨਾ ਕੁ ਕੰਮ, ਚੱਲ ਮੇਰੇ ਭਾਈ। ਕਿਹੜਾ ਜ਼ੋਰ ਲਗਦੈ। ਇਹੋ ਸੁਖ ਪੈ ਗਿਆ। ਹੁਣ ਕਿੱਥੇ ? ਗਿੱਟਿਆਂ 'ਤੇ ਭਾਰ ? ਐਂ ਤਾਂ ਕੰਧ ਦਾ ਆਸਰਾ ਲਾ ਕੇ ਜਾ ਹੀ ਸਕਦੀ ਆਂ। ਜਾਂਦੀ ਹੀ ਰਹੀ ਹਾਂ।

ਇਹ ਕੀ ਪਾ ਲਿਆ ? ਪੈਂਟ ਕਮੀਜ਼ ? ਅੱਗੋਂ ਪਿੱਛੋਂ ਨਾ ਮੁੰਡਾ ਨਾ...। ਕੀ ਕਹੇ। ਨਾ ਕਮੀਜ਼ ਨਾ ਤਮੀਜ਼...ਅਖੇ ਸਮੇਂ ਸਮੇਂ ਦੇ ਰਾਗ।

ਨੀ ਇਹ ਕੀ ਰਾਗ ਹੋਇਆ...ਇਹ ਕੋਈ ਹੋਰ ਆਇਐ ? ਦੇਖਣ ਵਾਲੇ ਕਹਿਣਗੇ, 'ਦੋਵੇਂ ਭੈਣਾਂ ਭੈਣਾਂ ਕਿ ਭਰਾ ਭਰਾ ?' ਅਗਲਾ ਸੋਚਾਂ 'ਚ ਪਿਆ ਰਹੂ। ਮੂੰਹੋਂ ਧੂਏਂ ਦੇ ਛੱਲੇ ? ਉਤਾਂਹ ਨੂੰ ਚੜ੍ਹੀਆਂ ਚਿੱਟੀਆਂ ਚਿੱਟੀਆਂ ਅੱਖਾਂ ? ਕਦੇ ਠਾਂਅ ਨੂੰ ? ਕੰਬਦੀਆਂ ਉਂਗਲਾਂ ਨਾਲ ਜੀਨ ਦੀ ਪਿਛਲੀ ਜੇਬ 'ਚੋਂ ਸ਼ੀਸ਼ੀ ਕੱਢੀ ? ਚੁਲਬੁਲੀ ਦੇ ਮੂੰਹ 'ਚ, ਫਿਰ ਬਾਂਦਰ-ਮੂੰਹੇਂ ਨੇ ਆਪਣੇ ਮੂੰਹ 'ਚ ਉਲੱਦ ਲਈ। ਮਾਰੀ ਚਲਾ ਕੇ। ਇਕ ਬਾਂਹ ਮਰ ਜਾਣੀ ਦੇ ਮੋਢਿਆਂ ਉੱਤੋਂ ਦੀ ਪਾ ਲਈ। ਕਿਸੇ ਦੀ ਪਰਵਾਹ ਹੀ ਨਹੀਂ। ਉਹਨਾਂ ਦੀਆਂ ਪਿੱਠਾਂ ਚਿੜਾਉਂਦੀਆਂ ਬਾਹਰ ਨਿਕਲ ਗਈਆਂ।

...ਨੀ ਬਾਡਰ ਵਾਲਾ ਕਮੀਜ਼ ਕਿੰਨਾ ਜਚਦਾ। ਖੜ੍ਹ ਖੜ੍ਹ ਕੇ ਦੇਖਦੇ। ਕਿਸੇ ਪੱਲੇ ਉੱਤੇ ਤਿੰਨ ਪੱਟੀਆਂ, ਕਿਸੇ 'ਤੇ ਦੋ, ਕਿਸੇ 'ਤੇ ਇਕ ਹੀ। ਕਾਲੀ ਕਮੀਜ਼ ਉੱਤੇ ਚਿੱਟੀ ਪੱਟੀ। ਚਿੱਟੇ ਉੱਤੇ ਕਾਲੀ। ਕਈ ਲਾਲ ਪੀਲੀਆਂ ਵੀ ਪਾ ਲੈਂਦੀਆਂ। ਕਿਸੇ ਕਿਸੇ ਦੇ ਬਰੀਕ ਪੱਟੀ ਵੀ ਪਾਈ ਹੁੰਦੀ। ਕਿਆ ਲੁਤਫ਼ ਆਉਂਦਾ ਇਕ ਦੂਜੀ ਦੇ ਚੂੰਢੀ ਵੱਢ ਕੇ ਤੇ ਉੱਧਰ ਦੇਖ ਕੇ। ਰੱਜ ਜਾਈਦਾ ਤੀ। ਕਿਸੇ ਹੋਰ ਵੱਲ ਧਿਆਨ ਹੀ ਨਹੀਂ ਗਿਆ। ਲੁੱਟ ਲਿਆ ਮਰ ਜਾਣੇ ਨੇ ਸਭ ਕੁਝ।

ਪੀਂਘ ਚੜ੍ਹਦੀ। ਬਾਡਰ ਵਾਲੇ ਪੱਲੂ ਹਵਾ 'ਚ ਝੂਲਦੇ, ਫੜਫੜਾਉਂਦੇ। ਕਾਲੀਆਂ, ਪੀਲੀਆਂ, ਗੁਲਾਬੀ, ਨੀਲੀਆਂ ਚੁੰਨੀਆਂ ਲਹਿਰਾਂ ਬਣ ਉਡਦੀਆਂ। ਗਲੋਂ ਨਾ ਲਹਿੰਦੀਆਂ। ਕਾਲੀ ਘਟਾਅ ਚੜ੍ਹ ਆਉਂਦੀ। ਕੁੜੀਆਂ ਚਿੜੀਆਂ ਵੱਡੇ ਵੱਡੇ ਝੂਟੇ ਲੈਂਦੀਆਂ। ਭੂਰ ਉੱਤਰਦੀ। ਚਿਹਰਿਆਂ 'ਤੇ ਪੈਂਦੀ। ਮਸਤੀ 'ਚ ਕੁਝ ਵੀ ਪਤਾ ਨਾ ਲਗਦਾ। ਮੋਟੀਆਂ ਮੋਟੀਆਂ ਕਣੀਆਂ ਪੈਂਦੀਆਂ। ਮਿੱਟੀ ਦੀ ਮਹਿਕ ਆਉਂਦੀ, ਨਸ਼ਾ ਜਿਹਾ ਹੋ ਜਾਂਦਾ। ਕਣੀਆਂ ਹਟ ਜਾਂਦੀਆਂ ਤੇ ਉਹਨਾਂ ਉੱਤੇ ਪੈੜਾਂ ਪਾਉਂਦਾ ਉਹ ਲੰਘ ਜਾਂਦਾ। ...ਚੰਦਰਾ ਨੇੜੇ ਨੇੜੇ ਹੀ ਰਹਿੰਦੈ। ਮਨੋਂ ਨੀ ਵਿਸਰਦਾ।

'ਡੋਰੀਆ ਭਿੱਜ ਗਿਆ ਵੇ।'...ਹੈਂ ? ਇਹ ਆਵਾਜ਼ ਤਾਂ ਮਰ ਜਾਣੀ ਦੇ ਕਮਰੇ 'ਚੋਂ ਆ ਰਹੀ ਐ। ਇਤਬਾਰ ਨੀ ਆਉਂਦਾ। ਹੋਰ ਵੀ ਰੌਲਾ ਵਧ ਗਿਆ। ਆਵਾਜ਼ ਉੱਚੀ ਹੋ ਗਈ। ਇਹ ਢੋਲ ਜਿਹਾ ਕੀ ਐ, 'ਡਊਂ ਡਊਂ ਡਾਅ।'

ਕਲੇਜੇ 'ਚ ਬੱਜਦੈ? ਦਿਲ ਬੈਠਦਾ ਜਾਂਦੈ। ਪੈਰਾਂ ਹੇਠ ਧਮਕ ਪੈਂਦੀ ਐ। ਕੰਨਾਂ ਦੇ ਪਰ ਪਾਟਦੇ ਨੇ। ਝਰਨਾਹਟ ਜਿਹੀ ਵੀ ਛਿੜਦੀ ਐ।

ਕਹਾਂ ਕਿਵੇਂ?...ਉਠਿਆ ਕਿਹੜਾ ਜਾਂਦੈ ਛੇਤੀ...ਕੰਨਾਂ 'ਚ ਰੂੰ ਦੇ ਲੈਂਦੀ ਹਾਂ...ਬੂਹ ਖੁੱਲ੍ਹਵਾਉਣ ਦੀ ਹਿੰਮਤ ਨੀ ਰਹੀ। ਉਸ ਦੀ ਝਾਕਣੀ ਦੇਖ ਕੇ ਹੀ ਅੱਖਾਂ ਨੀਵੀਆਂ ਹੋ ਜਾਂਦੀਐ ਕਿਆ ਡੋਲੇ ਇਧਰ ਉੱਧਰ ਘੁੰਮਾਊ, ਗਰਦਨ ਟੇਢੀ ਮੇਢੀ ਕਰੂ। ਮੂੰਹ 'ਚ ਬੁੜ ਬੁੜ ਕਰੂ। ਉੱਠਦ ਹੀ ਗਾਉਣ ਵਜਾਉਣ। ਸਰੀਰ ਚੁਸਤ। ਝੱਟ ਮਸਤੀ ਆ ਜਾਂਦੀ ਐ। ਲੱਕ ਵਲ਼ ਖਾਣ ਲੱਗ ਪੈਂਦਾ ਸੁਸਤੀ ਕਿਤੇ ਦੀ ਕਿਤੇ ਉੱਡ ਜਾਂਦੀ ਐ।

...ਲੈਅ! ਅੰਦਰੋਂ ਈ ਸਟਾਰਟ ਕਰ ਲਿਆ ਮਰ ਜਾਣੀ ਨੇ। ਤੁਰਨ ਦਾ ਮੌਕਾ ਈ ਨ ਮਿਲਿਆ। ਉਪਰੋਂ ਕਾਲੀਆਂ ਐਨਕਾਂ ਲਾ ਲਈਆਂ। ਦੇਖਣ ਵਾਲੇ ਨੂੰ ਤਾਂ ਭੁਲੇਖਾ ਪੈ ਗਿਆ ਸ਼ੀਸ਼ਿਆਂ ਹੇਠੋਂ ਅੱਖਾਂ ਭਾਵੇਂ ਨੱਚਦੀਆਂ ਹੋਣ। ਨੀ ਅੱਜ ਕਿਹੜਾ ਕਲ-ਮੂੰਹਾਂ...?

ਰੋਟੀ ਬਣਾਵਾਂ! ਕਿਆ ਪਤਾ ਕਦੋਂ ਮੁੱਕਣੈਂ ਕੰਨ ਪਾੜਵਾਂ ਰੌਲਾ-ਰੱਪਾ? ਬਰੈੱਡ ਲੈ ਆਉਣਗੇ ਨੂਡਲ, ਡੋਸਾ, ਪੀਜ਼ਾ ਸੁਆਹ ਖੇਹ। ਕਿਤੇ ਘੋਲ ਕਰਨੀ ਐ। ਸਕੂਟਰ ਚੁੱਕਿਆ, ਗਏ ਤੇ ਆਏ ਮੈਂ ਨੀ ਖਾ ਸਕਦੀ। ਦੇਖਿਆ ਕਈ ਵਾਰ, ਅੰਦਰ ਨੀ ਲੰਘਦੇ ਲੂਣ ਮਿਰਚ ਮਸਾਲੇ...ਚਲੋ ਆਪ ਕਿਹੜੀ ਕੁਸ਼ਤੀ ਕਰਨੀ ਐਂ?...ਇਹਨਾਂ ਨੇ ਕਿੱਥੇ ਦੇਖਣੈ ਮੱਕੀ ਦੀ ਰੋਟੀ ਤੇ ਸਾਗ, ਵਿਚ ਮੱਖਣ ਦਾ ਪੇੜਾ?

...ਦੋ ਵੇਲੇ ਨਰਮ ਨਰਮ ਲੁਗ ਲੁਗ ਕਰਦੀਆਂ ਪਿਆਜ਼ ਨਾਲ ਮਿੱਸੀਆਂ ਰੋਟੀਆਂ ਖਾਣੀਆਂ। ਸਵੇਰੇ ਰਿੜਕੀ ਹੋਈ ਲੱਸੀ ਤੇ ਆਥਣ ਨੂੰ ਕੱਚੇ ਦੁੱਧ ਦੀ, ਲੂਣ ਪਾ ਕੇ। ਕਿੰਨਾ ਸੁਆਦ ਆਉਂਦਾ? ਪਿਆਜ਼ ਦਾ ਇਕ ਇਕ ਪੱਤ ਲਾਹ ਕੇ ਖਾਂਦੇ। ਜਦੋਂ 'ਉਹ' ਦਿਸ ਪੈਂਦਾ ਕਿੰਨੇ ਹ ਖਿਆਲ ਮਨ 'ਚ ਘੁੰਮ ਜਾਂਦੇ। ਚਿਹਰਾ ਸ਼ਰਮਾ ਕੇ ਲਾਲ ਹੋ ਜਾਂਦਾ।

ਖੁੱਲ੍ਹੇ ਡੁੱਲ੍ਹੇ ਘਰ 'ਚ ਨਿਆਣੇ ਸਿਆਣੇ ਆਮੋ ਸਾਹਮਣੇ। ਚੁੱਲ੍ਹੇ-ਚੌਂਕੇ ਤੋਂ ਦਿਸਦੇ। ਆਵਾਜ਼ ਮਾਰਨ ਤੋਂ ਰੋਟੀ, ਦੁੱਧ, ਚਾਹ ਝੱਟ ਫੜ ਕੇ ਲੈ ਜਾਂਦੇ। ਪੀੜ੍ਹੀਆਂ, ਮੂੜ੍ਹਿਆਂ 'ਤੇ ਖਾ ਕੇ ਭਾਂਡੇ ਵੀ ਫੜਾ ਜਾਂਦੇ। ਸਰਦੀਆਂ 'ਚ ਚੁੱਲ੍ਹੇ ਲਾਗੇ ਹੀ ਅੱਗ ਸੇਕਦੇ ਖਾ ਲੈਂਦੇ। ਕਿਸੇ ਤੋਂ ਕੋਈ ਓਹਲੇ ਨਹੀਂ ਸੀ ਹੁੰਦਾ। ...ਵਿਆਹ ਮੁਕਲਾਵੇ ਨੂੰ ਕੁੜੀਆਂ ਚਿੜੀਆਂ ਪਰਾਹੁਣਿਆਂ ਸਾਹਮਣੇ ਨਹੀਂ ਸੀ ਹੁੰਦੀਆਂ। ਲੁਕ ਲੁਕ ਕੇ ਓਹਲੇ ਤੋਂ ਦੇਖਦੀਆਂ। ਜਿਸ ਨਾਲ ਲਾਵਾਂ-ਫੇਰੇ ਹੋ ਗਏ ਉਸ ਦੀਆਂ ਹੀ ਹੋ ਕੇ ਰਹਿ ਜਾਂਦੀਆਂ। ਬੜੀ ਸੋਹਣੀ ਨਿਭਦੀ ਚਲੀ ਆਉਂਦੀ। ਆਪਣੀ ਆਪਣੀ ਕਬੀਲਦਾਰੀ ਤੋਰਦਿਆਂ ਪਤਾ ਨੀ ਕਿਹੜੇ ਵੇਲੇ ਓਮਰ ਲੰਘ ਜਾਂਦੀ।

...ਨੀ ਆਹ ਤਾਂ ਸੌ ਵਾਰ ਦੇਖ ਕੇ ਵੀ ਝੱਟ ਖੜ੍ਹੇ ਈ ਮੁੱਕਰ ਜਾਂਦੇ ਨੇ। ਵਿਆਹ ਮੰਗਣਾ ਕਰਕੇ ਵੀ ਛੱਡ-ਛਡਾਅ ਕਰ ਲੈਂਦੇ ਨੇ। ਕਹੇ ਔਂਤਰੇ ਜ਼ਮਾਨੇ ਆ ਗਏ। ਮਾਂ ਪਿਓ ਦੇ ਸਾਹਮਣੇ ਈ ਮੁੰਡੇ ਕੁੜੀ ਨੂੰ ਬਿਠਾ ਦਿੰਦੇ ਨੇ, 'ਅਖੇ ਭਾਈ ਇਕ ਦੂਜੇ ਨੂੰ ਪਸੰਦ ਕਰ ਲੋ' ਜਿਵੇਂ ਗਾਂ, ਮੱਝ ਬੱਕਰੀ ਹੋਵੇ। ਸਾਰੀਆਂ ਗੱਲਾਂ ਪਹਿਲਾਂ ਖੋਲ੍ਹ ਲਓ। ਜੇ ਸਭ ਕੁਝ ਪਸੰਦ ਐ ਤਾਂ ਹਾਂ ਜੇ ਨਹੀਂ ਤਾਂ ਆਪਣੇ ਆਪਣੇ ਘਰ ਰਾਜੀ ਕਿਆ ਕਰੇਗਾ ਕਾਜੀ...ਹੂੰ...ਵੱਡੇ ਅੰਗਰੇਜ਼...ਨੀ ਆਹ ਸਾਹਮਣੇ ਈ ਐ। ਪਤਾ ਨੀ ਇਕ ਦੂਜੇ ਨਾਲ ਘੁਲ-ਮਿਲ ਕੇ ਕਿੰਨੇ ਕੁ ਪਸੰਦ ਕਰਨੇ ਐ।

...ਕਿਸੇ ਮਿਲਣ ਆਏ ਨੂੰ ਮਾਂ ਪਿਓ ਬੂਹੇ ਮੂਹਰੇ ਬੈਠੇ ਪਹਿਲਾਂ ਮਿਲਦੇ। ਉਹਨਾਂ ਨੂੰ ਖੁਸ਼ੀ ਹੁੰਦੀ ਕਿ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਮਿਲ ਕੇ ਲੰਘਿਐ, ਉਹਨਾਂ ਦਾ ਕਾਲਜਾ ਠਰ ਜਾਂਦਾ। ਉਹ ਹੁੱਬ ਕੇ ਆਪਣੇ ਧੀ ਪੁੱਤ ਤੇ ਨੂੰਹ ਜਾਂ ਕਿਸੇ ਨਿਆਣੇ ਨੂੰ ਆਵਾਜ਼ ਮਾਰਦੇ। ਉਹਨਾਂ ਦੇ ਆਸਰੇ ਬੂਹਾ ਖੁੱਲ੍ਹਾ ਵੀ ਰਹਿੰਦਾ ਤੇ ਰਾਖੀ ਵੀ। ਅੰਦਰ ਲੰਘ ਆਏ ਪਰਾਹੁਣੇ ਨਾਲ ਧੀ ਪੁੱਤ ਹੱਸ ਹੱਸ ਗੱਲਾਂ ਕਰਦੇ। ਮਾਂ ਪਿਓ ਦੇਖ ਕੇ ਫੁੱਲੇ ਨਾ ਸਮਾਉਂਦੇ। ਉਹਨਾਂ ਦੇ ਸਾਹਮਣੇ ਈ, ਟਹਿਲ ਸੇਵਾ ਹੁੰਦੀ। ਜਾਂਦੇ

ਹੋਏ ਉਹਨਾਂ ਨੂੰ ਫਿਰ ਮਿਲ ਕੇ ਜਾਂਦੇ। ਉਹ ਅਸੀਸਾਂ ਦਿੰਦੇ ਨਾ ਥੱਕਦੇ।

ਹੁਣ ਪਤਾ ਹੀ ਨਹੀਂ ਲਗਦਾ ਕੌਣ ਗਿਆ, ਕੌਣ ਆਇਆ। ਚਲੋ! ਆਪਾਂ ਕੀ ਲੈਣਾਂ, ਇਹਨਾਂ ਦੇ ਕੰਮਾਂ ਕਾਰਾਂ ਤੋਂ। ਐਸ਼ ਕਰਨ। ਬੁੱਲੇ ਲੁੱਟਣ। ਕਿਸੇ ਨੇ ਬੁਲਾ ਲਿਆ, ਠੀਕ, ਨਾ ਬੁਲਾਇਆ ਤਾਂ ਉਸ ਤੋਂ ਵੀ ਭਲੀ, ਕਰ ਮਨਾਂ ਅਲੀ ਅਲੀ। ਉਸ ਦੀ ਰੂਹ ਨਾਲ ਮੇਲ ਤਾਂ ਹੋ ਹੀ ਜਾਂਦੈ। ਨਾਲੇ ਕਹਿ ਗਿਆ ਤੀ, ਮਸਤ ਰਿਹਾ ਕਰ।

ਇਹਨਾਂ ਦੀ ਮਾਂ ਨੂੰ ਤਾਂ ਉਊਂ ਵਿਹਲ ਨਹੀਂ। ਟੀਟਣੇ ਮਾਰਦੀ ਫਿਰਦੀ ਐ। ਮੁੜ-ਘੜੀ ਬਾਜ਼ਾਰ, ਸੂਟਾਂ ਦੀ ਕੱਢ-ਕਢਾਈ, ਸੋਫਿਆਂ ਦੇ ਕਵਰ, ਢੋਅ ਵਾਲੀਆਂ ਗੱਦੀਆਂ, ਮੇਜ਼-ਪੋਸ਼, ਪਰਦੇ...ਰੇਡੀ-ਮੇਡ, ਬਦਲ ਬਦਲ ਕੇ ਵਿਛਾਉਂਦੀ ਰਹੂ। ਝਾੜੂ-ਪੋਚੇ ਤੇ ਕੱਪੜੇ ਧੋਣ ਲਈ ਅੱਡ ਤੇ ਭਾਂਡੇ-ਟੀਂਡੇ ਮਾਂਜਣ ਲਈ ਅੱਡ ਲਾਈ ਹੋਈ ਐ। ਇਕ ਹੋਰ ਵੀ ਆਉਂਦੀ ਐ, ਪਤਾ ਨੀ ਕੀ ਕੀ ਮਾਲਸ਼ਾਂ ਕਰਾਉਂਦੀ ਐ। ਮੂੰਹ ਮੱਥਾ ਰਗੜਾਉਣ ਹੋਰ ਕਿਹੜੇ ਪਾਰਲੋ-ਪੁਰਲੋ ਜਾਂਦੀਆਂ ਨੇ, ਪਿੱਛੋਂ ਘਰ ਦਾ ਖਿਆਲ ਹੀ ਨੀ ਰਹਿੰਦਾ।

...ਕਦੇ ਦਾਦਣੀਆਂ ਇਹ ਜਿਹੀਆਂ ਕੰਮ ਵਾਲੀਆਂ ਨੀ ਤੀ ਰੱਖੀਆਂ। ਆਪ ਸਾਰੇ ਕੰਮ ਕਰੀਦੇ। ਏਹਨਾਂ ਦਾ ਨਖ਼ਰਾ ਹੀ ਨੀ ਮਾਨ। ਕਦੇ ਚੱਜ ਨਾਲ ਬੁਲਾਉਂਦੀਆਂ ਨੀ। ਨਾ ਕਦੇ ਸੱਤ ਨਾ ਕੁਸੱਤ। ਆਉਂਦੀਆਂ ਨੇ, ਫਟਾ ਫਟ ਝਾੜੂ-ਪੋਚਾ ਲਾ ਕੇ ਦੂਜੇ ਕਮਰਿਆਂ 'ਚ। ਕਦੇ ਪਾਣੀ ਫੜਾ ਵੀ ਜਾਂਦੀਆਂ ਤਾਂ ਇਉਂ ਧਰ ਕੇ ਨੱਠਣਗੀਆਂ ਜਿਵੇਂ ਮੈਂ ਉਹਨਾਂ ਨੂੰ ਫੜ ਕੇ ਲੱਤ ਬਾਂਹ ਘੁੱਟਣ ਲਈ ਕਹਿ ਦਿਆਂਗੀ। ਮੇਰਾ ਕੰਮ ਕਰਕੇ ਤਾਂ ਕੋਈ ਰਾਜ਼ੀ ਹੀ ਨਹੀਂ ਜਿਵੇਂ ਮੈਂ ਨੌਕਰਾਣੀ ਹੋਵਾਂ ਤੇ ਇਹ ਘਰਦੀਆਂ ਮਾਲਕਣਾ...।

ਕੀ ਕਰਾਂ? ਰਿਹਾ ਨੀ ਜਾਂਦਾ। ਚਾਦਰਾਂ, ਸਰਾਹਣੇ ਕੱਢਦੇ ਹੋਣ ਤਾਂ ਦੱਸ ਦਿਆਂ। ਕਿਸੇ ਨੇ ਨੀ ਸਿਖਾਉਣੇ...ਚਾਦਰਾਂ 'ਤੇ ਦੋ ਹਿਰਨ ਆਹਮੋ-ਸਾਹਮਣੇ ਮਸਤ, ਘਾਹ ਖਾ ਰਹੇ। ਗਰਦਨਾਂ ਝੁਕੀਆਂ ਹੋਈਆਂ। ਸੋਹਣੇ ਸਿੰਗ। ਘਾਹ ਵਿਚ ਹਰੇ ਪੱਤਿਆਂ ਨਾਲ ਖਿੜਿਆ ਨੀਲਾ ਫੁੱਲ ਟਹਿਕ ਰਿਹਾ। ਬਿਜਲੀ ਰੰਗੇ ਧਾਗੇ ਦੀ ਬਿਜਲੀ ਵਰਗੀ ਚਮਕ। ਭੋਰਾ ਫਿੱਕਾ ਨੀ ਪਿਆ। ਇਹਦੀ ਮਾਂ ਨੂੰ ਦਿਖਾਇਆ। ਉਸ ਨੇ ਨੱਕ ਚੜ੍ਹਾਅ ਲਿਆ, 'ਹਿਰਨ, ਮੋਰ, ਚਿੜੀਆਂ, ਘੁੱਗੀਆਂ ਉੱਡਗੀਆਂ ਹੁਣ...ਸਭ ਕੁਝ ਰੇਡੀਮੇਡ'

ਮੇਰੇ ਮੂਹਰੇ ਵੀ ਇਹ ਨਿਕ-ਸੁਕ ਸੁੱਟਤਾ। ਕੱਛੀਆਂ, ਬੁਨੈਣਾਂ, ਨੈਟ ਸੂਟ, ਸਵੈਟਰ। ਮੈਂ ਤਾਂ ਮਾਰੇ ਵਗਾਹ ਕੇ। ਕੀ ਕਰਾਂ ਏਨੇ ਤੰਗ ਪਾਏ ਈ ਨੀ ਜਾਂਦੇ। ਖੁੱਲ੍ਹੇ ਖੁੱਲ੍ਹੇ ਆਪਣੇ ਸੀਤੇ ਪਾਈਦੇ। ਬੜਾ ਈ ਆਰਾਮ ਰਹਿੰਦੈ।

ਦੰਗ ਰਹਿ ਗਈ। ਕਮਲੀ ਆਂ। ਦਖਲ ਦਿੰਦੀ ਹਾਂ। ਸਾਰੀਆਂ ਗੱਲਾਂ ਪੜ੍ਹਾਈ 'ਚ ਆਉਂਦੀਆਂ ਨੇ। ਨੱਚਣਾ, ਕੁੱਦਣਾ, ਗਿੱਠ ਕੁ ਲੀਰਾਂ। ਡੋਰੀਆ ਤਾਂ ਉਡਦਾ ਹੀ ਨਹੀਂ। ਟੋਪਾਂ 'ਚ ਹੀ ਰਹਿ ਗਿਆ। ਚੱਟ ਲੈਣ ਟੋਪਾਂ। ਅਖੇ ਕੰਪਿਊਟਰ 'ਚ ਜੋ ਮਰਜੀ ਮੋਰ, ਘੁੱਗੀ, ਗੁੱਡੀਆਂ ਪਟੋਲੇ ਬਣਾ ਲਈਏ। ਫੋਟੋ ਕਰਾ ਕੇ ਕੰਧ 'ਤੇ ਲਟਕਾ ਲਈਏ। ਰੰਗ ਭਰ ਲਈਏ। ਕਰ ਲੈਣ ਜੋ ਕਰਨੈ। ਇਹਨਾਂ ਦਾ ਕੰਮ ਇਹ ਜਾਨਣ। ਆਪਾਂ ਨੂੰ ਕੀ? ਦਖਲ ਦਿੰਦੀ ਆਂ ਤਾਂ ਝਈਆਂ ਲੈ ਕੇ ਆਉਂਦੀਆਂ ਨੇ।

ਮਰਨੀ ਕੋਈ ਚਿੜੀ ਨੀ ਦਿਸਦੀ। ਕਿਧਰ ਗਈਆਂ? ਟਾਂਡ 'ਤੇ ਆ ਬਹਿੰਦੀਆਂ। ਆਲ੍ਹਣਾ ਪਾ ਲੈਂਦੀਆਂ। ਡੱਕੇ ਸੁੱਟਦੀਆਂ। ਆਲ੍ਹਣੇ 'ਚੋਂ ਬੋਟ ਡਿੱਗ ਪੈਂਦਾ। ਚੀਂ ਚੀਂ ਕਰਦੀਆਂ ਰੌਲਾ ਚੁੱਕ ਦਿੰਦੀਆਂ। ਹੌਲੀ ਹੌਲੀ ਟਿਕਦੀਆਂ। ਫੁਰਰ ਕਰਕੇ ਉੱਡ ਜਾਂਦੀਆਂ ਤੇ ਫਿਰ ਆ ਬਹਿੰਦੀਆਂ। ਇਹਨਾਂ ਨਾਲ ਬਾਤਾਂ ਅਤੇ ਮੁਹਾਵਰੇ ਜੁੜੇ ਹੋਏ ਨੇ। ਮਰਨੀਆਂ ਨੂੰ ਖਾ ਗਈਆਂ ਮਸ਼ੀਨੀ ਕਿਰਨਾਂ।

...ਇਕ ਉਸ ਚੰਦਰੇ ਦੀਆਂ ਪੈੜਾਂ ਚੇਤੇ ਆਈ ਜਾਂਦੀਐਂ। ਕਿਸੇ ਟੈਮ ਭੁੱਲਦਾ ਹੀ ਨਹੀਂ।

ਕੀ ਕਰਾਂ? ਪਤਾ ਨੀ ਮਨ ਦੀ ਕਿਹੜੀ ਨੁੱਕਰੇ ਡੂੰਘੀ ਖੱਡ ਕਰੀ ਬੈਠੈ। ਖੱਡ ਹੋਰ ਡੂੰਘੀ ਹੋਈ ਜਾਂਦੀ ਐ। ਕਿਸੇ ਨੂੰ ਪਤਾ ਵੀ ਨਹੀਂ। ਸੰਘ ਤੋਂ ਬਾਹਰ ਨਿਕਲਦਾ ਹੀ ਨਹੀਂ। ਹੇਠਾਂ ਹੀ ਹੇਠਾਂ ਜਾਈ ਜਾਂਦੈ।

ਬਾਥਰੂਮ 'ਚ? ਨਿਕਲ ਨਹੀਂ ਰਹੀ। ਨੀ ਭਾਈਆਂ ਦੀਓ। ਐਨੇ ਕਿਸਮ ਦੇ ਸਾਬਣ, ਤੇਲ, ਕੀ ਕਹਿੰਦੇ ਨੇ ਸ਼ੈਂਪੂ, ਤੱਤਾ ਠੰਢਾ ਪਾਣੀ ਤੇ ਟੱਬ। ਏਥੇ ਤਕ ਮੁਸ਼ਕ ਆਉਂਦੀ ਆ...ਪਤਾ ਨੀ ਕਿੱਥੇ ਕਿੱਥੇ ਫੈਲਦੀ ਹੋਊ। ਕਹਿੰਦੀਆਂ, 'ਪਸੀਨੇ ਦੀ ਬੂ ਨੂੰ ਢਕਦੀ ਐ।'

...ਨੀ ਜਦੋਂ ਹੱਥ ਮੂੰਹ ਧੋ ਕੇ ਸਰ੍ਹੋਂ ਦਾ ਤੇਲ ਲਾਈਦਾ ਤੀ, ਮੂੰਹ ਸ਼ੀਸ਼ੇ ਵਾਂਗ ਚਮਕਦਾ। ਉਸ ਵੱਲ ਅੱਖਾਂ 'ਚ ਅੱਖਾਂ ਪਾ ਕੇ ਝਾਕਦੀ, ਦਿਲ ਧੂਹੇ ਜਾਂਦੇ। ਖੁੱਲ੍ਹੇ ਕੱਪੜਿਆਂ 'ਚ ਚੁੰਨੀ ਨਾਲ ਢਕਦੀ, ਕੰਮ ਕਾਰ ਕਰਦੀ ਦੇ, ਉਸ ਦੀਆਂ ਨਿਗਾਹਾਂ ਮਗਰ ਮਗਰ ਫਿਰਦੀਆਂ। ਕੰਬਣੀ ਆ ਜਾਂਦੀ।

...ਖਿੜਕੀਆਂ, ਦਰਵਾਜ਼ੇ ਅਤੇ ਪਰਦੇ ਲਾ ਕੇ ਬੰਦ। ਇੰਨੀ ਰੋਸ਼ਨੀ? ਅੱਖਾਂ ਚੁੰਧਿਆ ਜਾਂਦੀਆਂ। ਜਨਮ ਦਿਨਾਂ 'ਤੇ ਰੰਗ ਬਰੰਗੀਆਂ ਲਾਈਟਾਂ 'ਚ ਕਿਸੇ ਦੇ ਰੰਗ ਦਾ ਪਤਾ ਈ ਨੀ ਚਲਦਾ। ਰੰਗ ਤੋਂ ਕੀ ਲੈਣਾਂ। ਗਰਮੀ, ਹੁੰਮਸ, ਕੈਦ। ਜਿਸਮ ਦੀ ਗਰਮੀ ਦਾ ਤਾਅ...।

...ਦੁੱਧ ਰਿੜਕਦੀਆਂ, ਧਾਰਾਂ ਕੱਢਦੀਆਂ, ਚੱਕੀਆਂ ਪੀਂਹਦੀਆਂ, ਗੋਹਾ ਕੂੜਾ ਸੁੱਟਦੀਆਂ, ਰੋਟੀ ਲੈ ਕੇ ਜਾਂਦੀਆਂ, ਗੰਨੇ ਦੀ ਪੋਰੀ ਪੋਰੀ ਚੂਪਦੀਆਂ। ਰਸ ਨਾਲ ਮੂੰਹ ਭਰਿਆ ਹੁੰਦਾ। ਆਉਂਦੇ ਜਾਂਦੇ ਮੇਲ ਹੋਣ ਤੋਂ ਸਰੀਰ 'ਚ ਕਰੰਟ ਜਿਹਾ ਫਿਰ ਜਾਂਦਾ। ਧਰਤੀ 'ਤੇ ਪੈਰ ਨਾ ਲਗਦੇ। ਉੱਡ ਕੇ ਲੰਘ ਜਾਂਦੇ। ਥਕੇਵਾਂ ਕਦੇ ਹੁੰਦਾ ਹੀ ਨਾ। ਸਰੀਰ 'ਚ ਜੋਸ਼...ਹਾਇ, ਇਹ ਪਿੰਨੀਆਂ 'ਚ ਕੜੱਲ, ਜਾਨ ਹੀ ਨਿਕਲ ਗਈ। ਹੌਲੀ ਹੌਲੀ ਲੱਤ ਸਿੱਧੀ ਹੋ ਕੇ ਠੀਕ ਹੋਊ।

ਮਠਿਆਈ ਲੈ ਕੇ ਚੱਲੀ ਐ, ਰਸੋਈ ਚੋਂ। ਪਨੀਰ ਦੇ ਪਕੌੜੇ, ਸਮੋਸਿਆਂ ਦੀ ਵਾਸ਼ਨਾ? ਕੋਈ ਪਾਰਟੀ ਜਾਪਦੀ ਐ। ਸ਼ਾਇਦ ਜਨਮ ਦਿਨ ਹੀ ਹੋਵੇ ਕਿਸੇ ਦਾ। ਵਿਆਹ ਦੀ ਵਰ੍ਹੇ ਗੰਢ ਹੋਊ। ਬਸ ਕੋਈ ਨਾ ਕੋਈ ਬਹਾਨਾ ਚਾਹੀਦਾ, ਟੱਪਣ ਨੱਚਣ ਲਈ। ਗਿੱਠ ਕੁ ਤਾਂ ਲੱਕ ਐ। ਕੀ ਕਰੂ। ਝਾਕੀ ਨਹੀਂ। ਸਾਰਿਆਂ ਨੇ ਹੀ ਅਣਦੇਖਿਆ ਕਰ ਲਿਆ। ਮਗਰੋਂ ਜੱਫੀਆਂ ਪਾਉਣਗੇ, ਓਪਰਿਆਂ ਵਾਂਗ, 'ਬੜੀ ਮੌਮ ਯੇ ਲੋ।' ਬਚੀ-ਖੁਚੀ ਪੇਸਟੀ ਦਾ ਚਮਚ ਮੂੰਹ 'ਚ। ਉਹ ਤਾਂ ਆਪਣੇ ਆਪ ਹੀ ਨਿਗਲੀ ਜਾਂਦੀ ਐ। ਇਕ ਚਮਚ ਹੋਰ ਇਕ ਹੋਰ...ਓਹ ਮੱਖਣ ਵੀ ਐਵੇਂ ਨਿਗਲ ਜਾਂਦਾ ਤੀ, ਜਦੋਂ ਦੁੱਧ ਰਿੜਕਦੀ ਹੋਈ ਮਾਂ ਚਾਟੀ 'ਚੋਂ ਕੱਢ ਕੇ ਦਿਆ ਕਰਦੀ...।

ਮੈਨੂੰ ਤਾਂ ਸਮਝ ਨੀ ਆਉਂਦੀ ਕਿਆ ਗਿਟਮਿਟ ਕਰੀ ਜਾਂਦੇ ਨੇ...ਇਹਨਾਂ ਤੋਂ ਮੇਰੇ ਵਾਲੀ ਬੋਲੀ ਨੀ ਬੋਲ ਹੁੰਦੀ? ਅਗਰੇਜੀ ਹਿੰਦੀ ਕਿਉਂ ਬੋਲਦੇ ਨੇ? ਕਦੇ ਨੀ ਤੀ ਇਹੋ ਜਿਹੀ ਔਂਤਰੀ ਗਿਟਮਿਟ ਸੁਣੀ, ਚਾਹੇ ਬੀਆ ਐਮਾ ਕਰਗੇ ਤੀ ਮੇਰੇ ਪੁੱਤ...ਜਿਹੜਾ ਕਿਤੇ ਦੂਰ ਗਿਆ ਹੋਇਐ ਉਹ ਘਰ ਆ ਕੇ ਵੀ ਮੇਰੇ ਵਰਗੀ ਹੀ ਬੋਲੀ ਬੋਲਦੇ ਮੂੰਹ 'ਚੋਂ ਫੁੱਲ ਕਿਰਦੇ ਹੋਣ...।

ਦੋਸਤਾਂ ਨਾਲ ਆਵਾਜ਼ ਉੱਚੀ ਹੋ ਗਈ? ਕਿਹੜੇ ਕਿਹੜੇ ਟੱਪਦੇ ਨੇ? ਇਹ ਤਾਂ ਕਿੰਨੇ ਹੀ ਝਾਟੇ ਮੁਨੇ-ਮੁਨੀਆਂ ਨੇ। ਕੂਕ ਰੌਲਾ, ਇਕ ਦੂਜੇ ਨੂੰ ਜੱਫੀਆਂ। ਭੋਰਾ ਨੀ ਸ਼ਰਮ ਹਿਆ...ਉਹਨਾਂ ਦੇ ਨਾਲ ਤੁਰਦੇ ਬਾਹਰ ਤਕ ਛੱਡ ਆਏ ਨੇ। ਕਮਰਿਆਂ ਦੀ ਰੋਸ਼ਨੀ ਬੰਦ। ਸਭ ਕੁਝ ਬੰਦ। ਘੜੀ ਦੀ ਟਿਕ ਟਿਕ ਚਲਦੀ ਐ...ਉਸਦੀ ਆਵਾਜ਼ ਉੱਚੀ ਹੋ ਗਈ। ਸਿੱਧੀ ਦਿਮਾਗ 'ਚ ਟਸ ਟਸ ਕਰਦੀ ਐ। ਟੋਹ ਟੋਹ ਕੇ ਦੇਖਦੀਆਂ ਪਾਣੀ ਕਿੱਥੇ ਐ?

...ਕੋਠੇ 'ਤੇ ਧੁੱਪ 'ਚ ਬਹਿ ਕੇ, ਪੈਲ ਪਾਉਂਦਾ ਮੋਰ ਕੱਢਿਆ। ਖੰਭਾਂ ਵਿਚ ਟਿਮਕਣੇ ਪਾਏ। ਕਲਗੀ ਦੀ ਸ਼ਕਲ, ਗਰਦਨ। ਕਹਿੰਦੇ ਇਹ ਤਾਂ ਸੱਚ-ਮੁੱਚ ਦਾ ਮੋਰ ਐ। ਜਦੋਂ ਸੂਈ ਚਾਦਰ 'ਚੋਂ ਬਾਹਰ ਕੱਢਦੀ ਤਾਂ ਜਿੱਥੇ ਕੁ ਤਕ ਹੱਥ ਉੱਚਾ ਹੁੰਦਾ ਉੱਥੇ ਕੁ ਤਕ ਸੂਈ ਪੋਟਿਆਂ ਨਾਲ ਹੀ ਉੱਚੀ ਹੋ ਜਾਂਦੀ। ਜੇ ਧਾਗਾ ਕੁਝ ਵੱਡਾ ਹੁੰਦਾ ਤਾਂ ਪੋਟਿਆਂ ਦੇ ਨਾਲ ਚਾਦਰ ਕੋਲੋਂ ਦੁਬਾਰਾ ਫੜ ਕੇ ਖਿੱਚ

ਲੈਂਦੀ ਤੇ ਹੱਥ ਫਿਰ ਉੱਚਾ ਹੋ ਜਾਂਦਾ। ਇਹੋ ਪਲ ਦੋ ਪਲ ਆਲਾ-ਦੁਆਲਾ ਦੇਖਣ ਦਾ। ਨਿਗਾਹ ਉੱਥੇ ਹੀ ਜਾਂਦੀ। ਬੁੱਲ੍ਹੀਆਂ ਮੁਸਕਰਾ ਕੇ ਸੁੰਗੜ ਜਾਂਦੀਆਂ, ਨਾਲ ਨੱਕ ਵੀ। ਧਾਗੇ ਨਾਲ ਬਾਂਹ ਉਪਰ ਜਾਂਦੀ ਫਿਰ ਬੁੱਲ੍ਹੀਆਂ ਫੈਲ ਜਾਂਦੀਆਂ। ਗੱਲ੍ਹਾਂ 'ਚ ਨਿੱਕੇ ਨਿੱਕੇ ਟੋਏ ਪੈ ਜਾਂਦੇ। ਅੱਖਾਂ ਹਲਕੀਆਂ ਜਿਹੀਆਂ ਨੱਚਦੀਆਂ ਤੇ ਫਿਰ...।

ਪਹਿਲਾਂ ਪਹਿਲ ਮਾਂ ਨੇ ਤੋਪੇ ਭਰਨੇ ਹੀ ਸਿਖਾਏ। ਐਵੇਂ ਚਾਰ ਕੁ ਧਾਗੇ। ਸੂਈ ਨਾਲ ਵੱਡੇ ਵੱਡੇ ਸੜੱਪੇ ਭਰ ਦਿੱਤੇ। ਕਿਤੇ ਚੰਦ, ਕਿਤੇ ਸੂਰਜ, ਕਿਤੇ ਬਗਲਾ ਭਗਤ ਪਾ ਦਿੱਤਾ। ਚਾਅ ਨਾਲ ਭਰੀ ਫਿਰਾਂ। ਧਰਤੀ ਨਾਲ ਅੱਡੀ ਨਾ ਲੱਗੇ, ਨੀਵੀਂ ਪਾ ਪੱਬਾਂ ਭਾਰ ਤੁਰੀ ਫਿਰਦੀ। ਜੀਅ ਕਰੇ ਬੱਦਲਾਂ 'ਚ ਉੱਡ ਜਾਵਾਂ। ਜਿੱਥੇ ਕਿਤੇ ਜੀਅ ਕਰੇ, ਛਰਾਟਿਆਂ ਵਾਲਾ ਮੀਂਹ ਤੇ ਫਿਰ ਮੋਹਲੇਧਾਰ ਵਰਸਾ ਦਿਆਂ...ਹੌਲੀ ਫੁੱਲ ਹੋ ਕੇ ਪਰਤ ਆਵਾਂ।

...ਹਾਇ ਕੜੱਲ ਦਾ ਦਰਦ ਅਜੇ ਗਿਆ ਨੀ, ਹੌਲੀ ਹੌਲੀ ਘਟਦੈ, ਮੱਠੀ ਮੱਠੀ ਚੀਸ ਪਈ ਜਾਂਦੀ ਐ। ਲੱਤ ਸਿੱਧੀ ਨੀ ਹੁੰਦੀ। ਉਠਣ ਦੀ ਹਿੰਮਤ ਕਰਦੀ ਆਂ।

ਦੁੱਧ ਤਾਂ ਪੀ ਨਹੀਂ ਹੁੰਦਾ। ਬਥੇਰਾ ਪੀਤੈ...ਉੱਤਰਿਆ ਬਹੁਤ। ਲਾਡਲਿਆਂ ਨੂੰ ਰੱਜ ਕੇ ਪਿਆਇਆ...ਇਹ ਕੀ ਕਿਸੇ ਨੂੰ? ਕੀ ਸਿਹਤ ਬਣੂ ਓਪਰੇ ਨਾਲ? ਨੱਚ ਟੱਪ ਕੇ ਚਾਹ ਪੀ ਰਹੇ ਨੇ। ਚੁਸਕੀਆਂ ਲੈ ਲੈ ਗੱਲਾਂ ਹੋ ਰਹੀਆਂ, ਖ਼ਬਰੇ ਕਿਹੜੀਆਂ? ਉੱਚੀ ਉੱਚੀ ਹੱਸਣ ਦੀ ਆਵਾਜ਼ ਵੀ। ਕਦੇ ਗੰਭੀਰ ਗੱਲਾਂ, ਵਿਚ ਵਿਚ ਠਹਾਕਾ। ਚੁੱਪ ਪਸਰ ਗਈ।...ਡਰ ਕਿਉਂ ਲਗਦੈ। ਕੰਬਣੀ ਆ ਰਹੀ ਏ। ਬਲੱਡ ਵਧ ਰਿਹਾ ਏ। ਉਠਾਂ ਫਿਰਾਂ ਤੁਰਾਂ। ਲੰਮੇ ਲੰਮੇ ਸਾਹ ਲਵਾਂ ਹੌਕਣੀ ਚੜ੍ਹਨ ਤੋਂ ਪਸੀਨਾ ਆਉਣ 'ਤੇ ਸ਼ਾਂਤ ਚਿੱਤ ਹੋ ਕੇ ਪਵਾਂ। ਕਿਆ ਤਮਾਸ਼ਾ? ਸੋਟੀ ਕਿੱਥੇ ਐ? ਸਹਾਰੇ ਨਾਲ ਤੁਰ ਸਕਦੀ ਹਾਂ। ਹੁਣ ਕਿਸ ਦਾ ਸਹਾਰਾ? ਇਹ ਨਹੀਂ ਸਹਿ ਹੁੰਦਾ। ਠਹਾਕਿਆਂ ਦੇ ਫੁਹਾਰੇ ਚੱਲਣ ਲੱਗ ਪਏ ਨੇ। ਮੇਰਾ ਕਾਲਜਾ ਫਟਣ ਵਾਲਾ ਹੋ ਗਿਆ।

...ਚਾਅ ਨਾਲ ਰਾਤ ਨੂੰ ਵੀ ਚਾਦਰ ਕੱਢਣ ਬਹਿ ਜਾਇਆ ਕਰਾਂ। ਪੁੱਠੇ ਸਿੱਧੇ, ਫੁੱਲ ਬੂਟੇ ਪਾਏ। ਪਹਿਲਾਂ ਕੱਚੇ ਧਾਗੇ, ਫਿਰ ਪੱਕੇ ਰੰਗ-ਬਰੰਗਿਆਂ ਦਾ ਬੜਾ ਹੀ ਚਾਅ। ਮਾਂ ਨੇ ਸਮਝਾਇਆ। ਜਿਵੇਂ ਜਿਵੇਂ ਉਹ ਕਹੀ ਗਈ, ਮੈਂ ਕਰੀ ਗਈ। ਉਹ ਹੌਲੀ ਹੌਲੀ ਗੀਤ ਗਾਉਂਦੀ। ਮੈਂ ਧਿਆਨ ਨਾਲ ਸੁਣਦੀ। ਉਹੀ ਮੈਂ ਗਾਉਣ ਲੱਗ ਜਾਂਦੀ। ਭਾਬੀ ਨੇ ਬੋਲੀਆਂ ਤੇ ਗੀਤਾਂ ਦੀ ਛਹਿਬਰ ਹੀ ਲਾ ਦਿੱਤੀ। ਪੂਰੇ ਕੰਠ ਕਰਾ ਦਿੱਤੇ, ...'ਕੈਂਠੇ ਵਾਲਾ ਆ ਗਿਆ, ਪਰਾਹੁਣਾ, ਨੀ ਮਾਏ ਤੇਰੇ ਕੰਮ ਨਾ ਮੁੱਕੇ...।'

ਕਸੀਦਾ ਕੱਢਦਿਆਂ ਪਤਾ ਹੀ ਨਾ ਲਗਦਾ ਕਦੋਂ ਫੁੱਲ ਪੂਰਾ ਹੋ ਜਾਂਦਾ। ਵੇਲ ਦੇ ਕਿੰਨੇ ਹੀ ਵਲ-ਵਲੇਵੇਂ ਅਤੇ ਪੱਤੀਆਂ ਪਾ ਦਿੱਤੀਆਂ ਜਾਂਦੀਆਂ।

ਦਰੀਆਂ ਬੁਣਦਿਆਂ ਜਿਵੇਂ ਪੰਜਾ, ਤਾਣੇ ਉੱਤੇ ਖੜਕਦਾ, ਉਸੇ ਲੈਅ ਨਾਲ ਗੀਤ ਚਲਦਾ। ਭਾਬੀ ਨਾਲ ਦਿਲ ਦੀ ਗੱਲ ਕਰ ਲੈਂਦੀ। ਬਹੁਤ ਚੰਗੇ ਸੁਭਾਅ ਦੀ ਸੀ। ਦੁੱਖ-ਸੁੱਖ ਵੇਲੇ ਪੂਰੀ ਮਦਦ ਕਰਦੀ। ਮੈਂ ਹਵਾ 'ਚ ਉੱਡੀ ਫਿਰਦੀ।

...ਚੀਕ-ਚਿਹਾੜੇ ਨੇ ਕੰਨ ਖਾ ਲਏ। ਕਿਸੇ ਦੇ ਆਉਣ ਦਾ ਪਤਾ ਨੀ, ਜਾਣ ਦਾ ਨੀ। ਕੋਈ ਟੀ. ਵੀ. ਲਾ ਲੈਂਦਾ, ਕੋਈ ਡੈੱਕ 'ਤੇ ਹੋਰ ਗੌਣ ਵਜੌਣ? ਮੁੰਡਿਆਂ ਖੁੰਡਿਆਂ ਦਾ ਆਪਣਾ ਸ਼ੌਕ, ਕੁੜੀਆਂ ਚਿੜੀਆਂ ਦਾ ਵੱਖਰਾ ਹੀ।

ਹਾਇ ਲੱਕ। ਜ਼ਰਾ ਨੀ ਝੁਕ ਹੁੰਦਾ। ਚੰਗਾ ਭਲਾ ਹੈਗਾ। ਕਿਉਂ ਨੀ ਕੰਮ ਕਰਦਾ। ਉਠ ਕੇ ਫਿਰਾਂ ਤੁਰਾਂ। ਦੇਖਾਂ ਕੀ ਕਰਦੇ ਨੇ। ਕੁਝ ਸਮਝਾਵਾਂ। ਤੌਰ-ਤਰੀਕਾ ਸਿਖਾਵਾਂ। ਮੈਂ ਸਿੱਖਿਆ ਹੀ ਸੀ। ਡੱਬੀ ਤਾਂ ਜੇ ਸਾਹ ਨਾ ਆਇਆ। ਕੌਣ ਸਮਝਦੈ। ਆਪਣੀ ਹੀ ਅਕਲ ਚੰਗੀ ਲਗਦੀ ਐ। ਰੱਖਣ ਆਪਣੇ ਕੋਲ।

ਹਾਅ...ਨੀ ਅੰਮੜੀਏ! ਮੈਂ ਡੁੱਬਜਾਂ! ਕਿਵੇਂ ਭੁਲਦੀ ਐ। ਮੈਂ ਤੱਤੜੀ ਦੇ ਤਾਂ ਬਾਥਰੂਮ ਜਾਣ ਲੱਗੀ ਦੇ ਨਿਗਾਹ ਪੈ ਗਈ ਤੀ। ਧਰਤੀ ਕੰਬ ਗਈ। ਮਸਾਂ ਹੀ ਆ ਕੇ ਡਿੱਗੀ ਆਂ। ਦਿਲ 'ਚ ਹੌਲ ਪੈਂਦਾ। ਮੈਂ ਬਾਹਰ ਨਿਕਲੀ...ਅੱਜ ਕੋਈ ਨਵਾਂ ਈ ਹੱਟਾ ਕੱਟਾ...।

ਮੇਰੇ ਤਾਂ ਓਹੀ ਗੋਲ-ਗਲੂੰਡੀ ਮਾਰੀ ਬੈਠੇ। ਨਿਕਲਦਾ ਹੀ ਨੀ!

ਗੋਲੀ ਲਵਾਂ, ਕਿੱਥੇ ਐ ਦਵਾਈ ਵਾਲਾ ਡੱਬਾ? ਪਾਣੀ ਗਲਾਸ 'ਚ ਪਿਐ। ਪੂਰਾ ਜੱਗ ਈ ਭਰ ਕੇ ਰੱਖਿਐ। ਕਿਆ ਪਤੈ ਉੱਠ ਹੋਵੇ ਜਾਂ ਨਾ। ਚਾਹ ਦੀ ਤਲਬ ਲੱਗੀ ਐ। ਕਿਆ ਬੀਮਾਰੀ ਹੈ। ਸਰਦਾ ਨੀ। ਦੋ ਘੁੱਟ ਹੀ ਸਹੀ। ਚਾਹੇ ਪਲ ਪਲ ਮਿਲੀ ਜਾਵੇ। ਸਰੀਰ ਗਰਮ ਕਰ ਦਿੰਦੀ ਹੈ। ਇੰਜਣ ਭਖਿਆ ਰਹਿੰਦੈ। ਰਸੋਈ ਤਕ ਤਾਂ ਜਾਊਂ ਹੌਲੀ ਹੌਲੀ। ਫੁੱਲਾਂ ਵਾਲੇ ਕੱਪ 'ਚ ਪੀਊਂ। ਕਿਆ ਕਮਾਲ ਕੀਤਾ ਪਿਐ ਮਸ਼ੀਨਾਂ ਨੇ। ਕੱਪਾਂ ਉੱਤੇ ਵੀ ਫੁੱਲ ਬੂਟੀਆਂ।

...ਓਟੀਏ, ਆਲ੍ਹੇ, ਕੰਧਾਂ ਉੱਤੇ ਪੀਲੀ ਮਿੱਟੀ ਨਾਲ, ਇਕ ਦੂਜੀ ਨੂੰ ਦੇਖ ਕੇ, ਕਿਤੇ ਹਿਰਨ, ਕਿਤੇ ਚਿੜੀ, ਕਿਤੇ ਮੋਰ ਬਣਾ ਲੈਂਦੀਆਂ। ਮਿੱਟੀ 'ਚ ਲਾਲ ਰੰਗ ਪਾ ਕੇ ਆਲਾ ਦੁਆਲਾ ਹੋਰ ਸੁਆਰ ਦਿੰਦੀਆਂ। ਇਕ ਦੂਜੀ ਦੀਆਂ ਗੱਲਾਂ ਵੀ ਲਵੇੜਦੀਆਂ। ਹੱਸਦੀਆਂ ਖੇਡਦੀਆਂ ਇਕ ਦੂਜੀ ਦਾ ਦਰਦ ਵੰਡਾਉਂਦੀਆਂ, ਹੱਥ ਮੂੰਹ ਧੋ ਲੈਂਦੀਆਂ। ਸੁਖ ਦਾ ਸਾਹ ਆਉਂਦਾ। ਦਿਲ 'ਚ ਚੀਸ ਉੱਠਦੀ, ਰੋਟੀ ਬਣਾਉਂਦਿਆਂ ਅੱਗ ਨਾ ਬਲਦੀ। ਧੂੰਆਂ ਹੁੰਦਾ। ਧੂੰਆਂ ਚੰਗਾ ਲਗਦਾ। ਬਹਾਨੇ ਨਾਲ ਅੱਖਾਂ 'ਚੋਂ ਆਇਆ ਪਾਣੀ, ਧੂੰਏਂ ਨਾਲ ਆਏ ਪਾਣੀ ਨਾਲ ਰਲ-ਗੱਡ ਹੋ ਜਾਂਦਾ। ਮਨ ਥੋੜ੍ਹਾ ਹਲਕਾ ਹੁੰਦਾ, ਪੇੜਾ ਕੱਢ ਕੇ ਛੋਟੀ ਛੋਟੀ ਰੋਟੀ ਵਧਾਅ ਕੇ ਤਵੀ ਉੱਤੇ ਸੁੱਟਦੀ। ਰੋਟੀ ਮੇਰੇ ਸਾਹ ਲੈਣ ਵਾਂਗ ਫੁੱਲ ਜਾਂਦੀ। ਤੇਜ਼ ਚਲਦਾ ਸਾਹ ਹੌਲੀ ਹੌਲੀ ਧੀਮਾ ਹੋ ਜਾਂਦਾ। ਅੱਖਾਂ 'ਚ ਚਮਕ, ਤਸੱਲੀ ਤੇ ਆਸ ਫੈਲ ਜਾਂਦੀ।

ਚਾਹ ਭੁੱਲ ਹੀ ਗਈ। ਚਲੋ ਹੁਣ ਨਾ ਸਹੀ। ਪਾਣੀ ਦੀ ਘੁੱਟ ਪੀ ਕੇ ਹੀ ਸਰਜੂਗਾ। ਕਿਧਰ ਸੌਂ ਗਏ? ਕਿਸੇ ਕਮਰੇ 'ਚੋਂ ਆਵਾਜ਼ ਨੀ। ਕਿੱਥੇ ਚਲੇ ਗਏ ਸਾਰੇ। ਇਕ ਤਾਂ ਦੱਸ ਕੇ ਨੀ ਜਾਂਦੇ। ਲੈਣਾ ਵੀ ਕੀ ਐ। ਜਿੱਥੇ ਮਰਜ਼ੀ ਜਾਣ। ਖਸਮਾਂ ਨੂੰ ਖਾਣ। ਆਹ ਬਈ ਹੋਰ ਕੀ ਕਹਾਂ? ਗਏ ਹੋਣਗੇ ਕਿਤੇ ਪਾਰਟੀ 'ਤੇ ਘੁੰਮਣ ਫਿਰਨ। ਇਕ ਤਾਂ ਜਾਣ ਆਉਣ ਨੀ ਮੁਕਦਾ। ਹਰਲ ਹਰਲ ਕਰਦੇ ਫਿਰਦੇ ਨੇ। ਨਿੱਕੇ ਨਿੱਕੇ ਰਸਮ-ਰਿਵਾਜ, ਵੱਡੇ ਵੱਡੇ ਮੇਲੇ ਤੇ ਜ਼ਰੂਰੀ ਮਿਲਣੀਆਂ ਬਣ ਗਈਆਂ ਨੇ।

ਸਜਾਵਟ ਲਈ ਗਮਲਿਆਂ 'ਚ ਫੁੱਲ ਬੂਟੇ ਲੁਆਏ ਨੇ। ਮਾਲੀ ਹੀ ਆ ਕੇ ਪਾਣੀ ਪਾਊ। ਚਾਹੇ ਫੁੱਲ-ਬੂਟੇ ਕੁਮਲਾ ਕੇ ਸੜ ਭੁੱਜ ਜਾਣ। ਮੁੰਡਾ ਵੀ ਉਹੋ ਜਿਹਾ ਹੀ ਹੋ ਗਿਆ। ਉਹ ਆਪ ਨਿੱਤ ਪਾਣੀ ਦਾ ਜੱਗ ਮੂਰਤੀਆਂ ਮੂਹਰਿਓਂ ਚੁੱਕ ਕੇ ਸੂਰਜ ਵੱਲ ਮੂੰਹ ਕਰਕੇ ਪਿੱਪਲ ਦੀਆਂ ਜੜ੍ਹਾਂ 'ਚ ਡੋਲ੍ਹ ਆਊ। ਇਹੋ ਪਾਣੀ ਸੁੱਕ ਰਹੇ ਬੂਟੇ ਨੂੰ ਪਾ ਆਇਆ ਕਰੇ ਤਾਂ। ਭਲਾ ਅੱਗ ਦੇ ਗੋਲੇ ਕੋਲ ਕਿਵੇਂ ਪਹੁੰਚ ਜਾਊ। ਬਾਬਾ ਨਾਨਕ ਸਮਝਾ ਗਿਆ ਤੀ। ਉਸ ਦੇ ਆਖੇ ਵੀ ਨਹੀਂ ਲਗਦੇ। ਉਂਞ ਉਸ ਦੀ ਫੋਟੋ ਸਾਹਮਣੇ ਮੱਥੇ ਰਗੜਦੇ ਨੇ। ਹਰ ਸ਼ਨੀਵਾਰ ਸਰ੍ਹੋਂ ਦਾ ਤੇਲ ਧਰਤੀ 'ਤੇ ਐਵੇਂ ਰੋੜ੍ਹ ਦਿੰਦੇ ਨੇ।

ਕਿਆ ਭੇਡ ਚਾਲ ਬਣਾਈ ਐ। ਅਸਤੂ-ਵਸਤੂ ਸ਼ਸਤਰ ਵਾਲਿਆਂ...ਆਹ ਕਮਰਾ ਪੂਰਬ ਵੱਲ, ਆਹ ਬੈੱਡ ਰੂਮ ਦੱਖਣ 'ਚ, ਆਹ ਪੱਛਮ ਵੱਲ, ਏਥੇ ਲਾਬੀ, ਏਥੇ ਪੂਜਾ ਪਾਠ, ਐਸ ਖੂੰਜੇ ਨਲਕਾ, ਏਥੇ ਲੋਹਾ ਨੀ ਲਾਉਣਾ, ਮਕਾਨ ਦਾ ਆਹ ਸਿਰਾ ਨੀਵਾਂ, ਆਹ ਉੱਚੀ ਮੰਮਟੀ, ਵੀਹ ਤਾਂ ਕਿਤਾਬਾਂ ਪੜ੍ਹ ਲਈਆਂ ਹੋਣੀਆਂ ਨੇ ਸੁਆਹ ਖੇਹ ਕਰਨ ਲਈ। ਆਪਣੇ ਕੰਮ ਕਰਨ ਦੀ ਮਿਹਨਤ ਨੀ ਦੇਖਦੇ। ਕਿਵੇਂ ਦਿਨ ਰਾਤ ਲੱਗੇ ਰਹਿੰਦੇ ਨੇ। ਏਸੇ ਮਿਹਨਤ ਨਾਲ ਬਣਦੈ ਸਭ ਕੁਝ। ਹੁਣ ਤਕ ਪੂਰੇ ਖਾਨਦਾਨ 'ਚੋਂ ਕੋਈ ਜੀਅ ਇਹਨਾਂ ਵਹਿਮਾਂ ਭਰਮਾਂ ਵਿਚ ਨਹੀਂ ਤੀ ਪਿਆ...ਇਹ ਚਾਹੁੰਦੇ ਨੇ ਜਿਹੜੀਆਂ ਸੁੱਖ ਸਹੂਲਤਾਂ ਮਿਲੀਆਂ ਨੇ ਕਿਤੇ ਖੁੱਸ ਨਾ ਜਾਣ।

...ਪਤਾ ਨੀਂ ਕਿੰਨੇ ਕੁ ਸਾਲ ਬੀਤ ਗਏ ਇਹਨਾਂ ਦੇ ਭਾਪੇ ਨੂੰ। ਮੈਂ ਹੀ ਰਹਿ ਗਈ ਠੇਡੇ

ਖਾਣ ਨੂੰ। ਉਹ ਤਾਂ ਚੰਗੇ ਹੱਡ ਛੁਡਾ ਗਿਆ। ਚੰਗਾ ਭਲਾ ਤੁਰਦਾ ਫਿਰਦਾ। ਕੰਮ ਕਾਰ ਕਰਦਾ। ਉਸ ਵੇਲੇ ਤਾਂ ਡੋਲ ਗਈ ਤੀ। ਕਈ ਸਾਲ ਧਰਵਾਸ ਨਾ ਆਇਆ। ਆਹ ਕੋਈ ਹਾਲ ਐ? ਇਸ ਨਾਲੋਂ ਪਹਿਲਾਂ ਹੀ ਚੁੱਕ ਲੈਂਦਾ। ਉਹ ਤਾਂ ਵਧੀਆ ਜੂਨ ਸੁਧਾਰ ਗਿਆ। ਅਜੇ ਪਤਾ ਨੀ ਕਦੋਂ ਕੁ ਵਾਰੀ ਆਉਂਦੀ ਐ।

ਲੈ ਚਲੇ ਤੀ ਬਿਰਧ ਘਰ ਨੂੰ। ਫੇਰ ਪਤਾ ਨੀ ਕਿਵੇਂ ਮਨ ਮਿਹਰ ਪੈ ਗਈ। ਫੈਸਲਾ ਬਦਲ ਦਿੱਤਾ...ਚੰਗਾ ਤੀ ਛੱਡ ਆਉਂਦੇ। ਨਵਾਂ ਜਨਮ ਹੋਣਾ ਤੀ। ਅਸੀਂ ਤਾਂ ਕਦੇ ਏਸ ਤਰ੍ਹਾਂ ਸੋਚਿਆ ਵੀ ਨਹੀਂ ਤੀ। ਫੁੱਲਾਂ ਵਾਂਗੂੰ ਰੱਖਦੇ ਮਾਪਿਆਂ ਨੂੰ। ਪਤਾ ਨੀ ਕੇਹੀ ਹਵਾ ਵਗੀ ਐ, ਏਹਨਾਂ ਕੋਲ ਸਮਾਂ ਹੀ ਨਹੀਂ। ਉਲਝੇ ਫਿਰਦੇ ਨੇ। ਅਸੀਂ ਤਾਂ ਕੰਮ ਕਾਰ ਕਰਕੇ ਦੋ ਘੜੀ ਬਹਿ ਵੀ ਜਾਈਦਾ ਤੀ।

...ਅੰਮੜੀ ਨੇ ਇਕ ਰੁਮਾਲ (ਚਿੱਟੀ ਜਿਹੀ ਲੀਰ) ਕੱਢਣ ਲਈ ਫੜਾਇਆ। ਸੂਈ 'ਚ ਧਾਗਾ ਪਾ ਕੇ ਦਿੱਤਾ। ਇਕ ਦੋ ਸੜ੍ਹੋਪੇ ਭਰ ਕੇ ਦਿਖਾਏ। ਪੱਟਾਂ ਉੱਤੇ ਰੱਖ ਕੇ ਕੱਢਣ ਲਗ ਪਈ। ਉਹ ਆਪਣੇ ਕੰਮ ਜਾ ਲੱਗੀ। ਪੁੱਠੇ ਸਿੱਧੇ ਵੱਡੇ ਵੱਡੇ ਸੜ੍ਹੋਪੇ ਭਰ ਦਿੱਤੇ। ਝੱਟ ਹੀ ਸੂਈ ਦਾ ਧਾਗਾ ਮੁੱਕ ਪਿਆ। ਮਾਂ ਨੂੰ ਆਵਾਜ਼ ਮਾਰੀ। ਉਹ ਹੱਥਲਾ ਕੰਮ ਛੱਡ ਕੇ ਨੱਠੀ ਆਈ। ਖੁਸ਼ੀ ਨਾਲ ਰੁਮਾਲ ਚੁੱਕ ਕੇ ਦੇਖਣ ਲੱਗੀ, ਪੱਲਾ ਨਾਲ ਹੀ ਚੁੱਕਿਆ ਗਿਆ। ਉਸ ਨੇ ਰੁਮਾਲ ਨਾਲ ਸੀਤੇ ਪੱਲੇ ਨਾਲੋਂ ਧਾਗੇ ਕੱਢ ਦਿੱਤੇ ਤੇ ਮੋਘੇ ਦੀ ਰੋਸ਼ਨੀ 'ਚ ਅੰਦਰ ਵੱਲ ਭੇਜ ਦਿੱਤਾ।

ਡਰਦੀ ਡਰਦੀ ਅੰਦਰ ਚਲੀ ਗਈ। ਮੋਘੇ ਦੇ ਚਾਨਣ 'ਚ ਪੀਹੜੀ ਉੱਤੇ ਬੈਠ ਗਈ। ਪੱਲਾ ਇਕ ਪਾਸੇ ਕਰ ਲਿਆ ਤਾਂਕਿ ਨਾਲ ਹੀ ਨਾ ਸੀਤਾ ਜਾਵੇ।

ਸੂਰਜ ਮੋਘੇ ਦੇ ਸਿਖਰ ਵੱਲ ਆ ਰਿਹਾ ਸੀ। ਉਸ ਦੀ ਰੋਸ਼ਨੀ ਬੱਸ ਦੀ ਲਾਈਟ ਵਾਂਗੂੰ ਪੈ ਰਹੀ ਸੀ ਜਿਵੇਂ ਧੁੱਪ ਦਾ ਥੰਮਲਾ ਹੀ ਹੋਵੇ। ਅਤੇ ਧੁੱਪ 'ਚ ਹਵਾ ਵਿਚਲੀ ਬਾਰੀਕ ਧੂੜ ਦੇ ਮੋਤੀਆਂ ਵਰਗੇ ਕਿਣਕੇ ਟਿਮਟਿਮਾਉਂਦੇ ਇਕ ਦੂਜੇ ਨੂੰ ਛੂੰਹਦੇ ਫਿਰਦੇ। ਹੇਠਾਂ ਲਿੱਪਿਆ ਹੋਣ ਕਰਕੇ ਧੁੱਪ ਨਾਲ ਮਿੱਟੀ ਉੱਤੇ ਹੱਥਾਂ ਦੇ ਪਰੋਲੇ ਦੇ ਨਿਸ਼ਾਨ ਉਘੜੇ ਹੋਏ ਦਿਸੇ। ਸਾਰਾ ਘਰ ਹੀ ਰੋਸ਼ਨੀ ਨਾਲ ਭਰਿਆ ਹੁੰਦਾ। ਸਿਖਰ ਦੁਪਹਿਰੇ ਧੁੱਪ ਸਿੱਧੀ ਪੈਂਦੀ। ਹੌਲੀ ਹੌਲੀ ਟੇਢੀ ਹੁੰਦੀ ਜਾਂਦੀ।

ਸੂਰਜ ਥੱਲੇ ਬੱਦਲੀ ਆਉਣ ਨਾਲ ਘਰ 'ਚ ਹਨੇਰਾ ਹੋ ਜਾਂਦਾ। ਚਾਦਰ ਕੱਢਣੀ ਛੱਡ ਕੇ ਅੰਗੜਾਈ ਲੈਂਦੀ। ਬੋਹੀਏ ਵਿਚੋਂ ਰੰਗ ਬਰੰਗੇ ਧਾਗਿਆਂ ਦੀਆਂ ਗੁੱਟੀਆਂ ਠੀਕ ਕਰਨ ਲੱਗ ਜਾਂਦੀ। ਗੁੱਟੀਆਂ ਇਕ ਦੂਜੀ ਵਿਚ ਉਲਝ ਜਾਂਦੀਆਂ। ਮਸਾਂ ਹੀ ਸੁਲਝਾਅ ਕੇ ਬੋਹੀਏ ਵਿਚ ਹੀ ਟਿਕਾ ਦਿੰਦੀ। ਕੁਝ ਬੱਦਲੀਆਂ ਇਕੱਠੀਆਂ ਹੋ ਕੇ ਮੀਂਹ ਪੈਣ ਲਈ ਤਿਆਰ ਹੋ ਜਾਂਦਾ। ਪਤਾ ਹੀ ਨਾ ਲਗਦਾ ਕਦੋਂ ਮੋਘੇ 'ਚੋਂ ਕਣੀਆਂ ਪੈਣ ਲੱਗ ਪੈਂਦੀਆਂ। ਇਕ ਦਮ ਉੱਠ ਕੇ ਪੌੜੀ ਚੜ੍ਹ ਕੇ ਤਸਲੇ ਨਾਲ ਮੋਘੇ ਨੂੰ ਢਕ ਆਉਂਦੀ। ਓਨੇ ਚਿਰ ਵਿਚ ਹੀ ਭਿੱਜ ਜਾਂਦੀ। ਜਦੋਂ ਮੀਂਹ ਪੈ ਹਟਦਾ, ਮੋਘੇ ਉੱਤੋਂ ਤਸਲਾ ਚੁੱਕ ਆਉਂਦੀ। ਧੁੱਪ ਨਾਲ ਪਹਿਲਾਂ ਵਾਂਗ ਹੀ ਘਰ ਚਾਨਣ ਨਾਲ ਭਰ ਜਾਂਦਾ। ਲਿੱਪੀ ਹੋਈ ਮਿੱਟੀ ਉੱਤੇ ਝਾਕਣ ਨਾਲ ਅੱਖਾਂ 'ਚ ਪੈੜਾਂ ਉੱਭਰ ਆਉਂਦੀਆਂ। ਕਿੰਨਾ ਹੀ ਚਿਰ ਟਿਕਟਿਕੀ ਲਾ ਕੇ ਦੇਖਦੀ ਰਹਿੰਦੀ।

ਸੂਈ ਨਾਲ ਰੁਮਾਲ ਕੱਢਣ ਲਗ ਪਈ। ਉਸੇ ਤਰ੍ਹਾਂ ਟੇਢੀ ਮੇਢੀ ਚਿੜੀ ਜਿਹੀ ਬਣਾ ਦਿੱਤੀ। ਮਾਂ ਨੂੰ ਦਿਖਾਇਆ। ਉਸ ਨੇ ਰੁਮਾਲ ਫੜਿਆ ਤਾਂ ਸਲਵਾਰ ਵੀ ਨਾਲ ਹੀ ਖਿੱਚੀ ਗਈ। ਮਾਂ ਨੇ ਮੱਥੇ 'ਤੇ ਹੱਥ ਮਾਰਿਆ, 'ਕਮਲੀਏ, ਭੋਲੀਏ ਧੀਏ! ਨਿਰੇ ਮੋਘੇ ਦੇ ਚਾਨਣ 'ਚ ਈ ਨੀ ਕਿਹਾ, ਆਪਣੇ ਅੰਦਰਲੇ ਚਾਨਣ ਤੋਂ ਵੀ ਕੰਮ ਲਈਦੇ।

ਮੈਂ ਤਾਂ ਧਰਤੀ 'ਚ ਹੀ ਗੱਡੀ ਗਈ। ਕਦੇ ਮੋਘੇ ਦੀ ਰੋਸ਼ਨੀ ਵੱਲ ਦੇਖਾਂ, ਕਿਵੇਂ ਸੁਨਹਿਰੀ ਕਿਣਕੇ ਧੁੱਪ 'ਚ ਇਕ ਦੂਜੇ ਦੇ ਮਗਰ ਨੱਠੇ ਫਿਰਦੇ। ਕਿਣਕੇ, ਜ਼ਰਾ ਕੁ ਛਾਂ 'ਚ ਹੁੰਦੇ ਤਾ ਗ਼ਾਇਬ

ਹੀ ਹੋ ਜਾਂਦੇ। ਘੁੰਮ ਘੁੰਮਾ ਕੇ ਫਿਰ ਆ ਚਮਕਦੇ। ਉਨ੍ਹਾਂ ਦੇ ਕਈ ਰੰਗ ਦਿਸਦੇ। ਪਿਆਰੇ ਪਿਆਰੇ ਲਗਦੇ, ਇਕ ਦੂਜੇ ਨੂੰ ਗਲਵੱਕੜੀ ਪਾਉਂਦੇ। ਝੱਟ ਹੀ ਇਕ-ਮਿੱਕ ਹੋ ਜਾਂਦੇ। ਉਸ ਚਾਨਣ ਦੀ ਰੋਸ਼ਨੀ, ਮੂੰਹ 'ਤੇ ਪੈਂਦੀ। ਮੂੰਹ ਦੇ ਲਿਸ਼ਕਾਰੇ ਨਾਲ ਸੂਈ ਦੇ ਨੱਕੇ 'ਚ ਪਹਿਲੀ ਵਾਰ ਹੀ ਧਾਗਾ ਪੈ ਜਾਂਦਾ। ਚਾਦਰ ਵਿਚਲੇ ਧਾਗੇ ਸਾਫ਼ ਸਾਫ਼ ਦਿਸਦੇ, ਜਿਨ੍ਹਾਂ ਵਿਚੀ ਸੂਈ ਦਾ ਤਿੱਖਾ ਤੇ ਬਰੀਕ ਸਿਰਾ ਫਟਾ ਫਟ ਲੰਘਦਾ ਜਾਂਦਾ।

...ਇਹ ਕੀ? ਆਵਾਜ਼ ਆਉਣ ਲੱਗ ਪਈ। 'ਡਿੰਗ ਡਾਂਗ, ਡਿੰਗ ਡਾਂਗ...।' ਦਰਵਾਜ਼ਾ ਖੁੱਲ੍ਹਿਆ। ਲੈ ਭੈਣੇ, ਆਗੀ ਸ਼ੁਰਕਣੀ। ਸਿੱਧੀ ਹੀ ਆਉਂਦੀ ਐ। ਹੈਂ? ਇਹ ਕੀ? ਮੇਰੇ ਕੋਲ ਆ ਕੇ ਬੈਠ ਗਈ। ਮੈਨੂੰ ਆਪਣੇ ਨਾਲ ਘੁੱਟ ਲਿਆ? ਹਾਇ ਨੀ। ਕਲੇਜਾ ਠਰ ਗਿਆ। ਹੋਰ ਘੁੱਟ ਲੈ। ਪੋਲਾ ਈ ਮਾਸ ਐ, ਲੁਗ ਲੁਗ ਕਰਦਾ। ਹੋਰ ਕੱਸ ਲੈ। ਕੱਢ ਲੈ ਜਾਨ। ਕੋਈ ਪਰਵਾਹ ਨੀ...ਮੈਂ ਅੰਮੜੀ ਨੂੰ ਘੁੱਟ ਕੇ ਛੱਡਦੀਓ ਨ੍ਹੀ ਤੀ। ਏਕਣੇ ਸੁਆਦ ਆਉਂਦੇ...।

ਨੀ ਪਰ੍ਹੇ ਹਟ। ਹਾਅ ਕੀ ਮੁਸ਼ਕਪੂਰ ਲਾਇਆ। ਮੇਰਾ ਤਾਂ ਨੱਕ ਹੀ ਬੰਦ ਕਰਤਾ। ...ਆਹ ਹੀਰੇ ਮੋਤੀ ਕਮੀਜ਼ ਤੇ ਪੌਂਚਿਆਂ 'ਤੇ...ਚੁੰਨੀ ਤਾਂ ਹੈ ਹੀ ਨਹੀਂ। ਨੀ ਹੁਣ ਕਿਹੜੇ? ਔਂਤਰਿਆਂ ਦੀ ਪਛਾਣ ਵੀ ਨੀ...? ਨੀ ਕਦੇ ਐਹ ਖੋਪਰੀ ਤੋਂ ਵੀ ਕੰਮ ਲੈ ਲਿਆ ਕਰੋ। ਮੇਰੀ ਮਾਂ ਨੇ ਮੋਰ ਚਿੜੀਆਂ ਪਾਉਣ ਲਈ...।'

ਮੈਨੂੰ ਤਾਂ ਬੋਲਣ ਹੀ ਨਹੀਂ ਦਿੱਤਾ। ਮੇਰੇ ਮੂੰਹ 'ਤੇ ਹੱਥ ਰੱਖ ਕੇ ਗੱਲ੍ਹ ਨਾਲ ਗੱਲ੍ਹ ਲਾ ਕੇ ਘੁੱਟ ਲਿਆ, "ਪਤੈ ਮੌਮ...ਪਤੈ! ਕੋਈ ਨਵਾਂ ਨੀ ਆਇਆ। ਸਭ ਇਕੋ ਜਿਹੇ ਦਿਸਦੇ ਨੇ...ਸਾਨੂੰ ਆਪਣੇ ਸਿਰ 'ਤੇ ਜੀਣ ਦਿਓ...।"

ਔਹ ਗਈ, ਔਹ ਗਈ। ਕਿਵੇਂ ਟਪੂਸੀਆਂ ਮਾਰਦੀ ਕਮਰੇ 'ਚ ਜਾ ਵੜੀ, ਵਛੇਰੀ ਜਿਹੀ।

'ਡਊਂ ਡਊਂ' ਆਵਾਜ਼ ਉੱਚੀ ਹੋ ਗਈ। ਦਿਲ 'ਤੇ ਸੱਟ ਵੱਜਦੀ ਐ। ਲੈ ਕੁੜੇ! ਇਹਨਾਂ ਨੂੰ ਤਾਂ ਸਭ ਪਤੈ? ਚਲੋ ਚੰਗਾ ਈ ਐ, ਜੀਣ, ਜੁਗ ਜੁਗ ਜੀਣ। ਮੇਰੀ ਤਾਂ ਨਾਨੀ ਕਹਿ ਗੀ ਤੀ, 'ਤੂੰ ਧੀਆਂ ਪੁੱਤਾਂ ਮੂਹਰੇ ਨੀ ਬੋਲਣਾ...ਚੁੱਪ ਵੱਟ ਲਈਂ...ਇਕ ਚੁੱਪ ਸੌ ਸੁੱਖ।'

ਹੈਂ? ਇਹ ਕੀ? ਏਹਦੀ ਮਾਂ ਆਈ? ਝੱਟ ਪੱਟ ਤੜਾਕ ਬੂਹਾ ਬੰਦ। ਕੁੰਡਾ ਲਾ ਗਈ। ਬੁੜ ਬੁੜ ਵੀ ਕਰਗੀ? 'ਕੋਈ ਆਇਆ ਗਿਆ ਏਧਰ ਆ ਕੇ ਦੁੱਖ ਸੁੱਖ ਨਾ ਸਾਂਝਾ ਕਰ ਲਵੇ? ਕਿਸੇ ਦਾ ਪਰਛਾਵਾਂ ਨਾ ਪੈ ਜਾਵੇ?'

ਹਾਇ ਨੀ! ਮੈਂ ਕੀ ਬਗਾੜਤਾ? ਹੁਣ ਤਕ ਸੁਆਰਿਆ ਈ ਐ। ਕੰਮ ਕਰ ਕਰ ਕੇ ਤਾਂ ਲੱਕ ਟੁੱਟਿਆ ਪਿਐ। ਤਾਂ ਕੀ ਹੋਇਆ ਜੇ ਹੁਣ...। ਕਦੇ ਕੁਝ ਕਿਹਾ ਨਾ ਸੁਣਿਆ। ਕਿਸੇ ਨੂੰ ਪਤਾ ਨਾ ਲੱਗੇ? ਸਟੋਰ 'ਚ ਵੀ ਕੋਈ ਸਾਹ ਲੈ ਰਿਹੈ। ਸ਼ਾਇਦ ਆਖਰੀ ਸਾਹ ਈ ਨਾ ਹੋਣ। ਚਲੋ ਚੰਗਾ ਈ ਐ। ਭਲਾ ਹੋਏ ਮੇਰਾ ਚਰਖਾ ਟੁੱਟੇ, ਜਿੰਦ ਅਜਾਬੋਂ ਛੁੱਟੇ। ਲੱਖ ਲੱਖ ਸ਼ੁਕਰ ਕਰਾਂ। ਕੋਈ ਵੀ ਕਿਰਨ ਨੀ ਆ ਰਹੀ। ਆਵਾਜ਼ਾਂ ਆ ਰਹੀਆਂ ਨੇ। ਦਿਲ ਨੂੰ ਹੌਲ ਪੈਂਦੇ ਨੇ। ਅੱਖਾਂ ਮੀਚ ਕੇ ਪੈ ਜਾਂਦੀ ਆਂ। ਹੋਰ ਕੀ ਕਰਾਂ, ਠੰਢਾ ਪਾਣੀ ਪੀ ਮਰਾਂ?

ਨੀ ਮੈਂ ਤੱਤੜੀ ਐਵੇਂ ਕਿਆ ਕਿਆ ਸੋਚੀ ਜਾਨੀ ਆਂ? ਛੱਡ ਪਰੇ। ਖ਼ਸਮਾਂ ਨੂੰ ਖਾਣ..ਮੇਰਾ ਤਾਂ ਉਹੀ ਪਰਛਾਵਾਂ ਨੀ ਪਰੇ ਹੁੰਦਾ। ਭੂਰੀਆਂ ਕੀੜੀਆਂ ਲੜਨ ਲੱਗ ਪੈਂਦੀਆਂ ਨੇ। ਝੁਣਝੁਣੀ ਆ ਜਾਂਦੀ ਐ ਜਿਉਂ ਕਣੀਆਂ ਪੈਣ ਲਗਦੀਆਂ, ਮਿੱਟੀ ਦੀ ਮਹਿਕ ਨਾਲ ਭਰ ਜਾਨੀ ਆਂ।

...ਹਾਇ ਨੀ! ਕਣੀਆਂ ਉੱਤੇ ਪੈੜਾਂ ਦੇ ਨਿਸ਼ਾਨ, ਉਵੇਂ ਦੇ ਉਵੇਂ...□□

[ਸੁਨੇਤ ਨਗਰ, ਅਮਲੋਹ ਰੋਡ, ਖੰਨਾ-141 401]

ਬਾਬਾ ਤਾਣਾ

ਸਾਧੂ ਬਿਨਿੰਗ

ਦੁਪਹਿਰ ਦੇ ਇਕ ਵਜੇ ਨਾਲ ਮੈਂ ਆਪਣੇ ਪਿੰਡ ਪਹੁੰਚ ਗਿਆ। ਵੈਨ ਵਿਚ ਏ ਸੀ ਹੋਣ ਕਰਕੇ ਪਤਾ ਨਹੀਂ ਸੀ ਲੱਗਾ ਪਰ ਬਾਹਰ ਪੈਰ ਰੱਖਦਿਆਂ ਹੀ ਮੇਰੇ ਨਾਲ ਉਹੀ ਹੋਇਆ ਜੋ ਪੰਜਾਬ 'ਚ ਜੂਨ ਦੇ ਆਖਰੀ ਹਫਤੇ ਦੀ ਗਰਮੀ ਵਿਚ ਬਾਹਰੋਂ ਗਏ ਬੰਦੇ ਨਾਲ ਹੁੰਦਾ ਹੈ। ਮਨ 'ਚ ਮੂਰਖ ਹੋਣ ਦਾ ਅਹਿਸਾਸ ਫੇਰ ਜਾਗਿਆ ਤੇ ਘਰਦਿਆਂ ਦੀ ਤੇ ਦੋਸਤਾਂ ਦੀ ਰਾਏ ਨਾ ਮੰਨਣ 'ਤੇ ਆਪਣੇ ਆਪ ਉੱਪਰ ਖਿਝ ਆਈ। ਪਿੰਡ ਅੰਦਰਲੇ ਖਾਲੀ ਪਏ ਘਰ ਜਾਣ ਦੀ ਬਜਾਏ ਮੈਂ ਆਪਣੇ ਨੇੜੇ ਦੇ ਪਰਿਵਾਰ ਦੇ ਚਾਰ ਕੁ ਸਾਲ ਪਹਿਲਾਂ ਬਣੇ ਘਰ ਰਹਿਣ ਦਾ ਪਹਿਲਾਂ ਹੀ ਮਨ ਬਣਾ ਲਿਆ ਸੀ। ਪਿੰਡ ਦੀ ਫਿਰਨੀ ਦੇ ਬਾਹਰਲੇ ਪਾਸੇ ਖੇਤਾਂ ਨਾਲ ਲਗਦੀਆਂ ਨਵੀਆਂ ਬਣੀਆਂ ਕੋਠੀਆਂ ਦੀ ਹੁਣ ਲੰਮੀ ਕਤਾਰ ਸੀ। ਪੰਜ ਕੁ ਵਰ੍ਹੇ ਪਹਿਲਾਂ ਅਜੇ ਸਿਰਫ ਇਕ ਦੋ ਹੀ ਸਨ। ਇਸ ਕੋਠੀ ਵਾਲੇ ਵੱਡੇ ਟੱਬਰ ਦੇ ਕੁਝ ਲੋਕ ਕੈਨੇਡਾ ਰਹਿੰਦੇ ਹਨ ਤੇ ਕੁਝ ਇੰਗਲੈਂਡ। ਸੁਹਾਵਣੇ ਮੌਸਮ ਵਿਚ ਇਹਨਾਂ ਵਿਚੋਂ ਕੋਈ ਨਾ ਕੋਈ ਪਿੰਡ ਆਇਆ ਹੀ ਰਹਿੰਦਾ ਹੈ ਪਰ ਗਰਮੀਆਂ ਵਿਚ ਘੱਟ ਹੀ ਇੱਥੇ ਪੈਰ ਪਾਉਂਦੇ ਹਨ। ਘਰ ਦੀ ਦੇਖ ਭਾਲ ਦੇਵ ਕਰਦਾ ਹੈ। ਦੇਵ ਬਿਹਾਰ ਤੋਂ ਹੈ ਤੇ ਪਿਛਲੇ ਵੀਹਾਂ ਬਾਈਆਂ ਸਾਲਾਂ ਤੋਂ ਇਸੇ ਪਰਿਵਾਰ ਵਿਚ ਰਹਿ ਰਿਹਾ ਹੈ। ਉਹ ਨੌਂ ਕੁ ਸਾਲ ਦਾ ਸੀ ਜਦੋਂ ਆਪਣੇ ਤਾਏ ਦੇ ਮੁੰਡੇ ਨਾਲ ਬਿਹਾਰ ਤੋਂ ਪੰਜਾਬ ਆ ਗਿਆ। ਇਸ ਟੱਬਰ ਵਿਚ ਉਹ ਟੱਬਰ ਦੇ ਜੀਆਂ ਵਾਂਗ ਹੀ ਪਲ਼ਿਆ ਹੈ ਤੇ ਹੁਣ ਉਸ ਨੂੰ ਸਾਰੇ ਆਪਣੇ ਟੱਬਰ ਦਾ ਜੀਅ ਹੀ ਸਮਝਦੇ ਹਨ। ਦੇਵ ਨੂੰ ਰਾਹ ਵਿਚੋਂ ਫੋਨ 'ਤੇ ਦੱਸ ਦਿੰਦਾ ਸੀ ਕਿ ਮੈਂ ਇਕ ਦੋ ਵਜੇ ਪਹੁੰਚਾਂਗਾ। ਮੇਰੇ ਆਉਣ ਬਾਰੇ ਉਹਨੂੰ ਕੈਨੇਡਾ ਤੋਂ ਵੀ ਫੋਨ ਆ ਚੁੱਕਾ ਸੀ। ਵੈਨ ਦਾ ਖੜਾਕ ਸੁਣ ਕੇ ਉਹ ਪਲ ਵਿਚ ਬਾਹਰ ਆ ਗਿਆ। ਉਹਨੇ ਬਹੁਤ ਹੀ ਅਪਣੱਤ ਨਾਲ ਸਾਸਰੀ ਕਾਲ ਬੁਲਾਈ। ਫੇਰ ਵੈਨ ਵਿਚ ਬੈਠੇ ਦੋ ਹੋਰ ਮੁਸਾਫਰਾਂ ਤੇ ਡਰਾਈਵਰ ਨੂੰ ਵੀ ਸਤਿਕਾਰ ਨਾਲ ਫਤਹਿ ਬੁਲਾਈ ਤੇ ਚਾਹ ਤੇ ਠੰਡੇ ਦੀ ਪੇਸ਼ਕਸ਼ ਕੀਤੀ ਪਰ ਉਹ ਜਾਣ ਦੀ ਕਾਹਲ ਵਿਚ ਸਨ। ਦੇਵ ਦੀ ਬੋਲੀ ਵਿਚ ਕਿਤੇ ਕਿਤੇ ਹੀ ਬਿਹਾਰੀ ਰੰਗ ਦਾ ਝੌਲਾ ਪੈਂਦਾ ਸੀ।

ਦੇਵ ਨੇ ਵਰਾਂਡੇ ਵਿਚ ਹੁਣੇ ਪਾਣੀ ਛਿੜਕਿਆ ਸੀ ਤੇ ਪੂਰੀ ਸਪੀਡ 'ਤੇ ਛੱਡੇ ਦੋ ਪੱਖਿਆਂ ਦੇ ਬਾਵਜੂਦ ਵੈਨ ਵਿਚਲੀ ਏ ਸੀ ਚੇਤੇ ਆ ਰਹੀ ਸੀ। ਫਰਿੱਜ ਵਿਚਲੇ ਪਾਣੀ ਨਾਲ ਬਣਾਈ ਸ਼ਿਕੰਜਵੀ ਪਿਲਾਉਣ ਬਾਅਦ ਉਹਨੇ ਰੋਟੀ ਬਾਰੇ ਪੁੱਛਿਆ। ਰੋਟੀ ਤਾਂ ਅਸੀਂ ਆਉਂਦੇ ਹੋਏ ਇਕ ਢਾਬੇ 'ਤੇ ਖਾ ਆਏ ਸਾਂ। ਪਿਛਲੇ ਤੀਹਾਂ ਪੈਂਤੀਆਂ ਘੰਟਿਆਂ ਦੌਰਾਨ ਚੰਗੀ ਤਰ੍ਹਾਂ ਨਾ ਸੁੱਤਾ ਹੋਣ ਕਾਰਨ ਥਕਾਵਟ ਤਾਂ ਹੋਣੀ ਹੀ ਸੀ। ਦੇਵ ਨੇ ਇਕ ਕਮਰੇ ਵਿਚ ਕੂਲਰ ਲਾ ਦਿੱਤਾ। ਉਹਦੇ ਵਿਚ ਏ ਸੀ ਵਾਲੀ ਗੱਲ ਤਾਂ ਨਹੀਂ ਸੀ ਪਰ ਫੇਰ ਵੀ ਸੌਂਇਆ ਜਾ ਸਕਦਾ ਸੀ। ਵਿਹੜੇ ਵਿਚ ਲੱਗੇ ਡੂੰਘੇ ਬੋਰ ਵਾਲੇ ਨਲਕੇ ਦਾ ਬਟਣ ਦਬਾਉਂਦਿਆਂ ਦੇਵ ਨੇ ਕਿਹਾ, "ਭਾਅ ਜੀ ਇਸ ਨਲਕੇ ਥੱਲੇ ਖੜ੍ਹੇ ਹੋਵੋ ਤੁਹਾਡੀ ਸਾਰੀ ਗਰਮੀ ਮਿੰਟਾਂ ਵਿਚ ਜਾਂਦੀ ਰਹੇਗੀ।" ਉਸ ਨਲਕੇ ਦਾ ਪਾਣੀ ਸੱਚ ਮੁੱਚ ਏਨਾ ਠੰਡਾ ਸੀ ਕਿ ਮੈਨੂੰ ਕੁਝ ਮਿੰਟਾਂ ਵਿਚ ਹੀ ਕਾਂਬਾ ਛਿੜਨ ਵਾਲਾ ਹੋ ਗਿਆ। ਪਰ ਜਦ ਨਲਕੇ ਤੋਂ ਪਰ੍ਹੇ ਹੋਇਆ ਤਾਂ ਮੁੜ ਗਰਮੀ ਨਾਲ ਭਿੱਜਣ ਨੂੰ ਵੀ ਕੁਝ ਮਿੰਟ ਹੀ ਲੱਗੇ।

ਸੌਣ ਦੀ ਕੋਸ਼ਿਸ਼ ਵਿਚ ਮੈਂ ਅੰਦਰ ਕੂਲਰ ਅੱਗੇ ਜਾ ਪਿਆ। ਦੇਵ ਦੀ ਲੋਹੜਿਆਂ ਦੀ ਅਪਣੱਤ ਦੇ ਬਾਵਜੂਦ ਸਭ ਕੁਝ ਬਹੁਤ ਹੀ ਓਪਰਾ ਓਪਰਾ ਲੱਗ ਰਿਹਾ ਸੀ। ਪਿਛਲੇ ਅਠੱਤੀਆਂ ਸਾਲਾਂ ਦੌਰਾਨ ਮੈਂ ਚਾਰ ਕੁ ਵਾਰ ਹੀ ਪਿੰਡ ਆਇਆ ਸੀ। ਇਕ ਤਾਂ ਮੇਰੀ ਮਾਂ ਹਰ ਵਾਰੀ ਸਾਡੇ ਤੋਂ ਮਹੀਨਾ ਦੋ ਮਹੀਨੇ

ਪਹਿਲਾਂ ਪਿੰਡ ਪਹੁੰਚ ਜਾਂਦੀ ਹੁੰਦੀ ਸੀ ਤੇ ਘਰ ਦੀ ਮੁਰੰਮਤ ਵਗੈਰਾ ਕਰਾ ਰੱਖਦੀ ਸੀ। ਪਰ ਪਿਛਲੀ ਵਾਰੀ ਆਈ ਹੋਈ ਉਹ ਏਥੇ ਕਾਫੀ ਬੀਮਾਰ ਰਹੀ ਤੇ ਹੁਣ ਪਿੰਡ ਆ ਕੇ ਰਹਿਣ ਜੋਗੀ ਨਹੀਂ ਸੀ। ਦੂਜਾ ਮੈਂ ਆਇਆ ਵੀ ਹਰ ਵਾਰੀ ਆਪਣੇ ਪਰਿਵਾਰ ਨੂੰ ਨਾਲ ਲੈ ਕੇ ਹੀ ਸਾਂ। ਮਾਂ ਦੇ ਏਥੇ ਹੁੰਦਿਆਂ ਪਿੰਡ ਤੇ ਆਲਾ ਦੁਆਲਾ ਕਦੇ ਵੀ ਏਨਾ ਓਪਰਾ ਨਹੀਂ ਸੀ ਲੱਗਾ। ਮੈਂ ਪਿਆ ਪਿਆ ਸੋਚ ਰਿਹਾ ਸੀ ਕਿ ਇਹ ਪਿੰਡ ਇਹ ਧਰਤੀ ਹੁਣ ਸੱਚ ਮੁੱਚ ਹੀ ਮੇਰੇ ਲਈ ਪਰਦੇਸ ਹੋ ਗਈ ਹੈ। ਮੇਰਾ ਘਰ ਤਾਂ ਹੁਣ ਬਰਨਬੀ ਹੈ ਤੇ ਘਰੋਂ ਦਿਸਦਾ ਫਰੇਜ਼ਰ ਦਰਿਆ ਹੀ ਮੇਰਾ ਆਪਣਾ ਹੈ। ਪਿੰਡ ਕੋਲ ਵਗਦੀ ਵੇਂਈ ਜਿਸ ਨਾਲ ਬਚਪਨ ਦੀਆਂ ਅਣਗਿਣਤ ਯਾਦਾਂ ਜੁੜੀਆਂ ਹੋਈਆਂ ਸਨ, ਹੁਣ ਸੁੱਕ ਚੁੱਕੀ ਹੈ ਤੇ ਜਦ ਕਦੇ ਉਸ ਵਿਚ ਥੋੜ੍ਹਾ ਬਹੁਤਾ ਪਾਣੀ ਆਉਂਦਾ ਵੀ ਹੈ ਉਹ ਵੀ ਕਿਸੇ ਪਲਪ ਮਿੱਲ ਦਾ ਗੰਦ ਹੁੰਦਾ ਹੈ। ਮੈਨੂੰ 'ਰਿਸ਼ਤੇ ਦਰਿਆਵਾਂ ਦੇ' ਤੇ 'ਵਤਨੋਂ ਦੂਰ ਨਹੀਂ' ਵਰਗੀਆਂ ਆਪਣੀਆਂ ਕਵਿਤਾਵਾਂ ਵਿਚਲੀ ਸਚਾਈ 'ਤੇ ਜਿਹੜਾ ਕਦੇ ਮਾੜਾ ਮੋਟਾ ਸ਼ੱਕ ਹੁੰਦਾ ਸੀ ਉਹ ਵੀ ਦੂਰ ਹੁੰਦਾ ਲੱਗਾ। ਥਕਾਵਟ ਕਰਕੇ ਤੇ ਕੂਲਰ ਦੀ ਕੁਝ ਕੁਝ ਠੰਡੀ ਹਵਾ ਵਿਚ ਮੈਂ ਆਲੇ ਦੁਆਲੇ ਨੂੰ ਓਪਰੀਆਂ ਨਜ਼ਰਾਂ ਨਾਲ ਦੇਖਦਾ ਸੌਂ ਗਿਆ ਜਿਵੇ ਕਦੇ ਮੈਕਸੀਕੋ, ਡੁਮੀਨੀਕਨ ਰੀਪਬਲਿਕ ਜਾਂ ਕਿਊਬਾ ਛੁੱਟੀਆਂ ਕੱਟਣ ਗਏ ਹੋਟਲ ਵਿਚ ਸੌਂ ਜਾਈਦ ਹੈ।

ਸਾਢੇ ਕੁ ਪੰਜ ਵਜੇ ਵਿਹੜੇ ਵਿਚ ਕੁਝ ਆਵਾਜ਼ਾਂ ਸੁਣੀਆਂ ਤਾਂ ਮੈਂ ਉੱਠ ਕੇ ਬਾਹਰ ਅ ਗਿਆ। ਫੇਰ ਮਿਲਣ ਗਿਲਣ ਆਉਣ ਵਾਲਿਆਂ ਦਾ ਚੱਕਰ ਚਲਦਾ ਰਿਹਾ। ਹੁਣ ਬਹੁਤ ਬਿਰਧ ਹੋ ਗਈ ਭੂਆ ਰੱਜੀ ਤੋਂ ਲੈ ਕੇ ਕਿੰਨੀਆਂ ਹੀ ਚਾਚੀਆਂ ਤਾਈਆਂ ਆ ਕੇ ਸਿਰ ਪਲੋਸ ਗਈਆਂ ਤੇ ਮੇਰੀ ਮਾਂ ਦੀ ਰਾਜੀ ਖੁਸ਼ੀ ਪੁੱਛ ਗਈਆਂ। ਘਰਾਂ 'ਚੋਂ ਲਗਦਾ ਚਾਚੇ ਦਾ ਪੁੱਤ ਸੰਤੋਖ ਜਿਹਨੂੰ ਸਾਰੇ ਫੌਜੀ ਕਰਕੇ ਹੀ ਸੱਦਦੇ ਤੇ ਜਾਣਦੇ ਹਨ, ਰੇਸ਼ਮ, ਬਿੱਲਾ, ਭਜੀ ਸਾਰੇ ਪਿਛਲੀਆਂ ਗੱਲਾਂ ਕਰਦੇ ਰਹੇ। ਦੇਵ ਨੇ ਖਾਣ ਪੀਣ ਦਾ ਪ੍ਰਬੰਧ ਕਰਨ ਵਿਚ ਕੋਈ ਕਸਰ ਨਾ ਛੱਡੀ। ਦਸ ਸਾਢੇ ਦਸ ਕੁ ਵਜੇ ਤਕ ਖੂਬ ਮਹਿਫ਼ਲ ਚਲਦੀ ਰਹੀ। ਉਹਨਾਂ ਸਾਰਿਆਂ ਨਾਲ ਗੱਲਾਂ ਕਰਦਿਆਂ ਵੀ ਮੇਰਾ ਮਨ ਉਚਾਟ ਹੀ ਰਿਹਾ।

ਗਰਮੀ ਰਾਤ ਨੂੰ ਵੀ ਜਾਨ ਕੱਢ ਰਹੀ ਸੀ। ਪਤਾ ਨਹੀਂ ਮੇਰੇ ਨਾਲ ਹਮਦਰਦੀ ਕਰਕੇ ਜ ਸੱਚਮੁੱਚ ਹੀ, ਪਿੰਡ ਦੇ ਮਿਲਣ ਗਿਲਣ ਆਏ ਕਹਿ ਰਹੇ ਸਨ ਕਿ ਅੱਜ ਗਰਮੀ ਸਾਰਿਆਂ ਦਿਨਾਂ ਨਾਲੋਂ ਵੱਧ ਹੈ। ਹੁਣ ਤਾਂ ਬਸ ਮੀਂਹ ਵਰ੍ਹੇ ਤੇ ਹੀ ਕੁਝ ਫਰਕ ਪਵੇਗਾ। ਦੇਵ ਨੇ ਮੇਰਾ ਮੰਜਾ ਵੀ ਆਪਣੇ ਨਾਲ ਹੀ ਬਾਹਰ ਡਾਹ ਦਿੱਤਾ ਸੀ 'ਤੇ ਇਕ ਕਾਫੀ ਸ਼ੋਰ ਪਾਉਣ ਵਾਲਾ ਪਰ ਨ੍ਹੇਰੀ ਵਾਂਗ ਹਵਾ ਦੇ ਫਰਾਟੇ ਮਾਰਨ ਵਾਲਾ ਪੱਖਾ ਬਿਲਕੁਲ ਮੇਰੇ ਮੰਜੇ ਦੇ ਲਾਗੇ ਰੱਖ ਦਿੱਤਾ। ਬਿਜਲੀ ਪਿੰਡ ਵਿਚ ਕੁਝ ਘੰਟੇ ਆਉਂਦੀ ਹੈ ਤੇ ਫੇਰ ਬੰਦ ਹੋ ਜਾਂਦੀ ਹੈ। ਪਰ ਹੁਣ ਬਹੁਤੇ ਘਰਾਂ 'ਚ ਲੋਕਾਂ ਨੇ ਬਿਜਲੀ ਸਟੋਰ ਕਰਨ ਦਾ ਇੰਤਜ਼ਾਮ ਕੀਤ ਹੋਇਆ ਹੈ ਤੇ ਲਾਈਟ ਗਈ 'ਤੇ ਵੀ ਘਰ ਵਿਚ ਲੋੜ ਜੋਗੀ ਰੌਸ਼ਨੀ ਤੇ ਇਕ ਅੱਧ ਪੱਖਾ ਚਲਦ ਰਹਿੰਦਾ ਹੈ। ਸ਼ਰਾਬ ਤੇ ਥਕਾਵਟ ਦੇ ਬਾਵਜੂਦ ਮੈਨੂੰ ਛੇਤੀ ਨੀਂਦ ਨਾ ਆਈ। ਮੈਂ ਛੇ ਕੁ ਹਫਤੇ ਚੰਡੀਗੜ੍ਹ ਰਹਿਣਾ ਸੀ ਤੇ ਪਹਿਲਾ ਪੂਰਾ ਹਫਤਾ ਪਿੰਡ ਰਹਿਣ ਦੀ ਸੋਚ ਕੇ ਆਇਆ ਸੀ। ਪਰ ਹੁਣ ਮੇਰੇ ਮਨ ਵਿ ਆ ਰਿਹਾ ਸੀ ਕਿ ਮੈਂ ਸਵੇਰੇ ਹੀ ਚੰਡੀਗੜ੍ਹ ਨੂੰ ਚਲੇ ਜਾਵਾਂ। ਉੱਥੇ ਮੇਰੇ ਵਰਗੀਆਂ ਗੱਲਾਂ ਕਰਨ ਵਾ ਦੋਸਤ ਹਨ ਤੇ ਨਾਲੇ ਉਸ ਓਪਰੇ ਥਾਂ ਮੈਨੂੰ ਇਸ ਪਿੰਡ, ਜਿਸ ਨਾਲ ਮੈਂ ਮੁੜ ਜੁੜਨ ਦੀ ਕੋਸ਼ਿਸ਼ ਕਰ ਆਇਆ ਸੀ, ਵਰਗਾ ਓਪਰਾਪਨ ਨਹੀਂ ਮਹਿਸੂਸ ਹੋਣ ਲੱਗਾ।

ਤੜਕੇ ਸਾਢੇ ਕੁ ਚਾਰ ਵਜੇ ਬੱਦਲ਼ਾਂ ਦੀ ਗਰਜ ਜਿਹੀ ਸੁਣੀ ਤੇ ਪਲਾਂ ਵਿਚ ਹੀ ਥੋੜ੍ਹਾ ਥੋੜ੍ਹ ਮੀਂਹ ਉੱਤਰ ਆਇਆ। ਦੇਵ ਮੇਰੇ ਨਾਲੋਂ ਵੀ ਜ਼ਿਆਦਾ ਹੈਰਾਨੀ ਦਿਖਾ ਰਿਹਾ ਸੀ। ਅਸੀਂ ਮੰਜੇ ਖਿੱ ਕੇ ਵਰਾਂਡੇ ਥੱਲੇ ਕਰ ਲਏ। ਦੇਵ ਹੋਰ ਨਿਕ ਸੁਕ ਚੁੱਕਣ ਲੱਗ ਪਿਆ। ਮੈਂ ਕੁਝ ਦੇਰ ਵਰਾਂਡੇ ਥੱਲੇ ਮੰਜੇ 'ਤੇ

ਬੈਠਾ ਰਿਹਾ। ਫੇਰ ਪਤਾ ਨਹੀਂ ਮੇਰੇ ਮਨ ਵਿਚ ਕੀ ਆਈ, ਮੈਂ ਉੱਠ ਕੇ ਬਾਹਰਲੇ ਦਰਵਾਜ਼ੇ ਰਾਹੀਂ ਖੇਤਾਂ ਵੱਲ ਨੂੰ ਨਿਕਲ ਗਿਆ। ਤੇੜ ਮੇਰੇ ਬੀਚ 'ਤੇ ਪਾਉਣ ਵਾਲਾ ਕੱਛਾ ਸੀ। ਨੰਗੇ ਪਿੰਡੇ 'ਤੇ ਮੀਂਹ ਦੀਆਂ ਕਣੀਆਂ ਕਿਸੇ ਤਜਰਬੇਕਾਰ ਮਾਲਸ਼ ਕਰਨ ਵਾਲੇ ਦੀਆਂ ਜਾਦੂਮਈ ਉਂਗਲੀਆਂ ਵਾਂਗ ਲੱਗੀਆਂ। ਇਹਨਾਂ ਕਣੀਆਂ ਦੀ ਛੋਹ ਨੇ ਤੜਕੇ ਦੀ ਚੁੱਪ ਤੇ ਹਨੇਰੇ 'ਚ ਮੇਰੇ ਮਨ 'ਤੇ ਅਜੀਬ ਜਿਹਾ ਅਸਰ ਕਰਨਾ ਸ਼ੁਰੂ ਕਰ ਦਿੱਤਾ। ਪਿੰਡੇ 'ਤੇ ਪੈਂਦੀ ਹਰ ਕਣੀ ਨਾਲ ਮੈਨੂੰ ਮਹਿਸੂਸ ਹੋਣ ਲੱਗਾ ਜਿਵੇਂ ਮੇਰਾ ਸਰੀਰ ਤੇ ਮਨ ਦੋਵੇਂ ਧੋਤੇ ਜਾ ਰਹੇ ਹੋਣ। ਮੈਂ ਬਾਹਰ ਨਿਕਲ ਕੇ ਨਾਲ ਲਗਦੇ ਆਪਣੇ ਖੇਤ ਵੱਲ ਨੂੰ ਚਲੇ ਗਿਆ। ਇਸ ਖੇਤ ਦੇ ਪਿੰਡ ਵਾਲੇ ਪਾਸੇ ਸਾਡਾ ਤਿੰਨ ਕੁ ਕਮਰਿਆਂ ਵਾਲਾ ਬਾਹਰਲਾ ਘਰ ਤੇ ਵਗਲ਼ ਹੈ ਜਿਸ ਨੂੰ ਅਸੀਂ ਹਵੇਲੀ ਕਹਿੰਦੇ ਹਾਂ। ਉਸਦਾ ਦਰਵਾਜ਼ਾ ਇਸ ਖੇਤ ਵੱਲ ਨੂੰ ਵੀ ਖੁੱਲ੍ਹਦਾ ਹੈ। ਇਸ ਦੇ ਦੂਜੇ ਪਾਸੇ ਬਹੁਤ ਪੁਰਾਣਾ ਤੇ ਫੈਲਰਿਆ ਹੋਇਆ ਬੋਹੜ ਹੈ। ਬੋਹੜ ਦੇ ਪੈਰਾਂ ਵਿਚ ਛੱਪੜ ਹੈ ਤੇ ਛੱਪੜ ਦੇ ਦੂਜੇ ਸਿਰੇ ਉੱਚੇ ਜਿਹੇ ਥਾਂ ਬਣੇ ਪਿੰਡ ਦੇ ਜਠੇਰੇ ਹਨ। ਜਿੱਥੇ ਪਹਿਲਾਂ ਇਕ ਛੋਟੀ ਜਿਹੀ ਮਟੀ ਹੁੰਦੀ ਸੀ ਹੁਣ ਦੋ ਤਿੰਨ ਕਮਰਿਆਂ ਦੀ ਵੱਡੀ ਜਗ੍ਹਾ ਬਣ ਚੁੱਕੀ ਹੈ। ਇਸ ਬੋਹੜ, ਛੱਪੜ ਤੇ ਜਗ੍ਹਾ ਨੂੰ ਪਿੰਡ ਵਾਲੇ ਬਾਬਾ ਤਾਣਾ ਕਹਿੰਦੇ ਹਨ। ਮੈਂ ਆਪਣੀ ਹਵੇਲੀ ਦੇ ਖੇਤ ਵੱਲ ਨੂੰ ਖੁੱਲ੍ਹਣ ਵਾਲੇ ਗੇਟ ਕੋਲ ਗਿਆ। ਉੱਥੋਂ ਮੈਂ ਬੋਹੜ ਵੱਲ ਨੂੰ ਮੂੰਹ ਕਰਕੇ ਹੌਲੀ ਹੌਲੀ ਤੁਰਦਾ ਛੱਪੜ ਵੱਲ ਨੂੰ ਜਾਣ ਲੱਗਾ ਜਿੱਦਾਂ ਮੈਂ ਬਚਪਨ ਵਿਚ ਪਤਾ ਨਹੀਂ ਕਿੰਨੀ ਵਾਰੀ ਤੁਰਿਆ ਹੋਵਾਂਗਾ। ਇਸ ਖੇਤ ਦੇ ਮਿੱਟੀ ਵਿਚ ਮੇਰੇ ਜੀਵਨ ਦੀ ਪਹਿਲੇ ਵੀਹ ਸਾਲ ਬੀਤੇ ਸਨ। ਝੋਨਾ ਬੀਜਣ ਲਈ ਵਾਹੇ ਹੋਏ ਖੇਤ ਦੀ ਮਿੱਟੀ ਨੰਗੇ ਪੈਰਾਂ ਨੂੰ ਲੱਗਣ ਨਾਲ ਮੈਨੂੰ ਲੱਗਾ ਜਿਵੇਂ ਕੋਈ ਬਹੁਤ ਪਿਆਰੀ ਪਰ ਭੁੱਲ ਚੁੱਕੀ ਯਾਦ ਚੇਤੇ ਵਿਚ ਉੱਘੜ ਰਹੀ ਹੋਵੇ। ਚਿਰਾਂ ਪਿੱਛੋਂ ਪਏ ਪਹਿਲੇ ਮੀਂਹ ਨਾਲ ਮਿੱਟੀ ਵਿਚੋਂ ਆ ਰਹੀ ਜਾਣੀ ਪਛਾਣੀ ਮਹਿਕ ਨੇ ਮੈਨੂੰ ਬੇਹੋਸ਼ ਜਿਹਾ ਕਰ ਦਿੱਤਾ। ਪੈਰਾਂ ਥੱਲੇ ਆ ਰਹੀ ਇਸ ਮਿੱਟੀ 'ਤੇ ਪਿੰਡੇ ਤੇ ਪੈ ਰਹੀਆਂ ਕਣੀਆਂ ਨੇ ਕੁਝ ਇਸ ਤਰ੍ਹਾਂ ਦਾ ਅਸਰ ਕੀਤਾ ਕਿ ਮੇਰੇ ਆਪੇ ਤੋਂ ਬਾਹਰੀ ਹੋ ਮੇਰੇ ਅੰਦਰੋਂ ਇਕ ਭੁੱਬ ਨਿਕਲੀ। ਮੈਂ ਖੇਤ ਦੇ ਵਿਚਾਲੇ ਖੜ੍ਹ ਕੇ ਕੁਝ ਪਲ ਖੁੱਲ੍ਹ ਕੇ ਰੋਇਆ। ਮੀਂਹ ਦੀਆਂ ਕਣੀਆਂ ਵਿਚ ਮੇਰੇ ਹੰਝੂ ਵੀ ਕੇ ਮੇਰੇ ਸਰੀਰ 'ਤੇ ਰਲ਼ ਵਗ ਰਹੇ ਸਨ। ਭਾਵੇਂ ਮੈਂ ਕਦੇ ਇਸ ਮਿੱਟੀ ਨੂੰ ਭੁੱਲਿਆ ਨਹੀਂ ਸੀ ਪਰ ਮੇਰੇ ਪੈਰਾਂ ਨੂੰ ਇਸ ਮਿੱਟੀ ਨਾਲ ਜਿਹੜਾ ਮੋਹ ਸੀ, ਉਹ ਮੈਨੂੰ ਪੂਰਾ ਯਾਦ ਨਹੀਂ ਸੀ। ਮੇਰੇ ਪੈਰਾਂ ਨੇ ਜਿਸ ਤਰ੍ਹਾਂ ਮੈਨੂੰ ਇਸ ਮਿੱਟੀ ਦੀ ਯਾਦ ਦੁਆਈ। ਉਸੇ ਨੇ ਹੀ ਮੈਨੂੰ ਪਿਆਰ ਵਿਚ ਗੜੁੱਚੇ ਨੂੰ ਰੋਣ ਲਈ ਮਜਬੂਰ ਕੀਤਾ। ਮੈਂ ਬਰਨਬੀ ਨੂੰ ਤੇ ਆਪਣੇ ਫਰੇਜ਼ਰ ਦਰਿਆ ਨੂੰ ਹੁਣ ਲੋਹੜੇ ਦੀ ਮੁਹੱਬਤ ਕਰਦਾ ਹਾਂ। ਪਰ ਇਸ ਖੇਤ, ਛੱਪੜ ਤੇ ਬੋਹੜ ਨਾਲ ਵੀ ਮੇਰੀ ਮੁਹੱਬਤ ਵਿਚ ਕੋਈ ਫਰਕ ਨਹੀਂ ਪਿਆ; ਇਸ ਅਹਿਸਾਸ ਨਾਲ ਮੈਂ ਤਸੱਲੀ ਮਹਿਸੂਸ ਕੀਤੀ। ਇਸ ਖਾਸ ਰਾਹਤ 'ਤੇ ਖੁਸ਼ੀ ਹੋਈ ਮਨ ਨੂੰ। ਬੋਹੜ ਕੋਲ ਪਹੁੰਚ ਮੇਰਾ ਜੀਅ ਕੀਤਾ ਕਿ ਮੈਂ ਆਪਣੇ ਇਸ ਬਜ਼ੁਰਗ ਨੂੰ ਜਿਹਦੇ ਟਾਹਣਿਆਂ 'ਤੇ ਖੇਡਦਾ ਮੈਂ ਵੱਡਾ ਹੋਇਆ ਸਾਂ, ਸਤਿਕਾਰ ਨਾਲ ਮੱਥਾ ਟੇਕਾਂ। ਮੈਂ ਕੱਟੜਪੁਣੇ ਦੀ ਹੱਦ ਤਕ ਕਿਸੇ ਵਿਅਕਤੀ ਜਾਂ ਥਾਂ ਨੂੰ ਮੱਥਾ ਟੇਕਣ ਦੇ ਵਿਰੁੱਧ ਹਾਂ, ਪਰ ਮੇਰੇ ਇਸ ਬਜ਼ੁਰਗ ਬੋਹੜ ਨੇ ਤੜਕੇ ਦੇ ਹਨੇਰੇ ਵਿਚ ਮੈਨੂੰ ਇਸ ਤਰ੍ਹਾਂ ਮਹਿਸੂਸ ਕਰਾ ਦਿੱਤਾ। ਮੈਂ ਬੋਹੜ ਦੇ ਪੱਤਿਆਂ ਨੂੰ ਸਤਿਕਾਰ ਤੇ ਪਿਆਰ ਨਾਲ ਛੁਹਿਆ। ਮੈਨੂੰ ਲੱਗਾ ਬਾਬੇ ਤਾਣੇ ਨੇ ਮੈਨੂੰ ਪਹਿਚਾਣ ਲਿਆ ਸੀ ਤੇ ਮੈਨੂੰ ਕਲਾਵੇ ਵਿਚ ਭਰ ਲਿਆ ਸੀ। ਮਨ ਬਾਗ ਬਾਗ ਹੋ ਗਿਆ।

ਮੈਂ ਪੂਰਾ ਹਫਤਾ ਆਪਣੇ ਪਿੰਡ ਰਿਹਾ ਤੇ ਇਕ ਪਲ ਲਈ ਵੀ ਓਪਰੇਪਨ ਦਾ ਅਹਿਸਾਸ ਮੁੜ ਕੇ ਮੇਰੇ ਨੇੜੇ ਨਾ ਆਇਆ। ❑❑

[4333 Portland St, Burnaby, B.C. Canada V5J 2N5]

ਸਾਹਿਤ-ਆਲੋਚਨਾ ਦੇ ਢਕੋਂਸਲੇ

ਜਮੀਲ ਜਾਲਿਬੀ

(ਉੱਤਰ ਆਧੁਨਿਕਤਾਵਾਦ, ਸੰਰਚਨਾਵਾਦ ਜਾਂ ਵਿਖੰਡਨਵਾਦ ਵਰਗੇ ਸਾਹਿਤ ਸਿਧਾਂਤਾਂ 'ਤੇ ਚਰਚਾ ਭਾਰਤ ਦੇ ਨਾਲ ਨਾਲ ਤੀਜੀ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਵੀ ਹੁੰਦੀ ਰਹਿੰਦੀ ਹੈ। ਏਸ ਪ੍ਰਸੰਗ ਵਿਚ ਕਰਾਚੀ ਵਿਚ ਰਹਿੰਦੇ ਪਾਕਿਸਤਾਨੀ ਆਲੋਚਕ ਡਾ. ਜਮੀਲ ਜਾਲਿਬੀ ਦਾ ਲੇਖ ਵੀ ਧਿਆਨ ਖਿੱਚਦਾ ਹੈ। ਇਹ ਲੇਖ 'ਮਾਹਨਾਮਾ ਪਰਵਾਜ਼' ਵਿਚ ਛਪਿਆ ਹੈ ਅਤੇ ਜੋਧਪੁਰ ਤੋਂ ਦੇਵਨਾਗਰੀ ਅੱਖਰਾਂ ਵਿਚ ਉਰਦੂ ਜ਼ੁਬਾਨ ਨੂੰ ਪੇਸ਼ ਕਰਨ ਵਾਲੇ ਰਸਾਲੇ 'ਸ਼ੇਸ਼' ਤੋਂ ਅਨੁਵਾਦ ਕੀਤਾ ਗਿਆ ਹੈ।)

ਅਹਿਸਾਸੇ ਕਮਤਰੀ ਦੀ ਮਾਰੀ ਤੀਜੀ ਦੁਨੀਆਂ ਦੀ ਇਕ ਸਾਂਝੀ ਖਾਸੀਅਤ ਇਹ ਹੈ ਕਿ ਉਹ ਪੱਛਮੀ ਕੌਮਾਂ ਦਾ ਰੱਦੀ ਮਾਲ ਹਾਸਲ ਕਰਕੇ ਖੁਸ਼ ਹੁੰਦੀ ਹੈ। ਨਕਦ ਜਾਂ ਉਧਾਰ ਹਥਿਆਰ ਖਰੀਦ ਕੇ ਮੈਦਾਨੇ-ਜੰਗ ਵਿਚ ਕੁੱਦ ਪੈਂਦੀ ਹੈ ਅਤੇ ਪੁਰਾਣੇ ਕੱਪੜੇ ਜਾਂ ਉਤਾਰ ਪਹਿਨ ਕੇ ਫ਼ਖ਼ਰ ਦੇ ਅਹਿਸਾਸ ਨਾਲ ਖੁਸ਼ ਹੁੰਦੀ ਹੈ। ਇਹ ਕੰਮ ਉਹ ਸਿਰਫ ਭੌਤਿਕ ਵਸਤਾਂ ਦੀ ਪੱਧਰ 'ਤੇ ਹੀ ਨਹੀਂ ਕਰਦੀ ਸਗੋਂ ਚਿੰਤਨ, ਸਾਹਿਤ ਤੇ ਕਲਾ ਦੀ ਪੱਧਰ ਉੱਤੇ ਵੀ ਇਹੋ ਤਰਜ਼ੇ-ਅਮਲ ਅਖਤਿਆਰ ਕਰਦੀ ਹੈ। ਉਰਦੂ ਅਦਬ ਵਿਚ ਉਂਝ ਤਾਂ ਇਹ ਕੰਮ ਪਿਛਲੇ ਡੇਢ ਸੌ ਸਾਲ ਤੋਂ ਹੋ ਰਿਹਾ ਹੈ, ਪਰ ਪਿਛਲੇ ਕੁਝ ਸਾਲਾਂ ਤੋਂ ਤਾਂ ਇਉਂ ਲਗਦਾ ਹੈ ਕਿ ਸਾਡੇ ਜ਼ਿਹਨ ਨੇ ਆਪਣਾ ਪਛੜੇਵਾਂਪਣ ਕਬੂਲ ਕਰਕੇ ਪੂਰੀ ਤਰ੍ਹਾਂ ਹਥਿਆਰ ਸੁੱਟ ਦਿੱਤੇ ਹਨ। ਮੌਲਾਨਾ ਅਲਤਾਫ ਹੁਸੈਨ 'ਹਾਲੀ' ਨੇ 'ਹਾਲੀ ਅਬ ਆਓ ਪੈਰਵੀ-ਏ-ਮਗ਼ਰਿਬ ਕਰੇਂ" ਦੀ ਜਦੋਂ ਸਾਨੂੰ ਨਸੀਹਤ ਦਿੱਤੀ ਸੀ ਅਤੇ ਖੁਦ ਵੀ ਉਸ ਉਤੇ ਅਮਲ ਕਰਨ ਲੱਗੇ ਸਨ, ਤਾਂ ਉਸ ਵਕਤ ਅਸੀਂ ਪੱਛਮ ਦੇ ਵਿਚਾਰਾਂ ਨੂੰ ਆਪਣੀ ਤਹਿਜ਼ੀਬ ਅਤੇ ਚਿੰਤਨ ਦੇ ਹਵਾਲੇ ਨਾਲ ਦੇਖਦੇ ਅਤੇ ਜਜ਼ਬ ਕਰਨ ਦੀ ਕੋਸ਼ਿਸ਼ ਕਰਦੇ ਸਾਂ ਅਤੇ ਆਪਣੇ ਜ਼ਿਹਨ ਤੇ ਫ਼ਿਕਰੀ ਰਿਸ਼ਤੇ ਉਸੇ ਤਾਲੁੱਕ ਨਾਲ ਜੋੜਦੇ ਸਾਂ। ਪਰ ਅੱਜ ਇਹ ਅਮਲ ਸਿਰਫ ਅੰਨ੍ਹੀ ਪੈਰਵੀ ਦੀ ਸੂਰਤ ਅਖਤਿਆਰ ਕਰ ਗਿਆ ਹੈ, ਖਾਸ ਤੌਰ 'ਤੇ ਤਨਕੀਦ (ਅਲੋਚਨਾ), ਚਿੰਤਨ ਅਤੇ ਕਲਚਰ ਦੀ ਪੱਧਰ 'ਤੇ। ਅਦਬੀ ਰਿਸਾਲੇ ਦੇਖੋ, ਤਾਂ ਉਹਨਾਂ ਵਿਚੋਂ ਤੁਹਾਨੂੰ ਪੱਛਮ ਦੇ ਲੇਖਕਾਂ ਅਤੇ ਚਿੰਤਕਾਂ ਬਾਰੇ ਊਟਪਟਾਂਗ ਸਭ ਕੁਝ ਮਿਲੇਗਾ। ਅੱਧਕਚਰੇ ਖਿਆਲਾਤ, ਅੰਗਰੇਜ਼ੀ ਜ਼ੁਬਾਨ ਵਿਚ ਲਿਖੀਆਂ ਇਬਾਰਤਾਂ ਦੇ ਲੰਮੇ ਲੰਮੇ ਹਵਾਲੇ ਜਾਂ ਇਕ ਵਾਕ ਵਿਚ ਕਈ ਕਈ ਅੰਗਰੇਜ਼ੀ ਲਫਜ਼ਾਂ ਦੀ ਅਜਿਹੀ ਬੇਵਜ੍ਹਾ ਵਰਤੋਂ ਜਿਹਨਾਂ ਲਈ ਲਫਜ਼ ਪਹਿਲਾਂ ਤੋਂ ਮੌਜੂਦ ਹਨ ਜਾਂ ਆਸਾਨੀ ਨਾਲ ਬਣਾਏ ਜਾ ਸਕਦੇ ਹਨ। ਇਹਨਾਂ ਮਜ਼ਮੂਨਾਂ ਤੇ ਇਬਾਰਤਾਂ ਨੂੰ ਪੜ੍ਹ ਕੇ ਇਉਂ ਮਹਿਸੂਸ ਹੁੰਦਾ ਹੈ ਕਿ ਲਿਖਣ ਵਾਲਾ ਜ਼ਿਹਨੀ ਹੈਜ਼ੇ ਦੀ ਛੂਤ ਦੀ ਬਿਮਾਰੀ ਵਿਚ ਗ੍ਰੱਸਿਆ ਹੋਇਆ ਹੈ ਅਤੇ ਜ਼ਿਹਨੀ ਉਲਟੀਆਂ ਨਾਲ ਪੰਨਿਆਂ ਨੂੰ ਗੰਦਾ ਅਤੇ ਬਦਬੂਦਾਰ ਕਰ ਰਿਹਾ ਹੈ। ਇਹਨਾਂ ਖਿਆਲਾਤ ਦਾ ਸਾਡੀ ਤਹਿਜ਼ੀਬ ਅਤੇ ਕਦਰਾਂ ਨਾਲ ਕੀ ਰਿਸ਼ਤਾ ਹੈ? ਇਹ ਗੱਲਾਂ ਸਾਡੇ ਲਈ ਕੀ ਅਰਥ ਰਖਦੀਆਂ ਹਨ ਅਤੇ ਅਸੀਂ ਇਹਨਾਂ ਤੋਂ ਕੀ ਸਿੱਖ ਸਕਦੇ ਹਾਂ? ਇਸਦਾ ਇਜ਼ਹਾਰ ਆਮ ਤੌਰ 'ਤੇ ਕਿਸੇ ਲਿਖਤ ਵਿਚ ਨਹੀਂ ਮਿਲਦਾ। ਹਰ ਕੋਈ ਬਿਨਾਂ ਸੋਚੇ ਸਮਝੇ ਪੱਛਮ ਦੇ ਹਰ ਦਰਜੇ ਦੇ ਅਦੀਬਾਂ ਅਤੇ ਦਾਨਿਸ਼ਵਰਾਂ ਦੇ ਨਾਂ ਆਪਣੀਆਂ ਲਿਖਤਾਂ ਵਿਚ ਪਾ ਕੇ ਆਪਣੇ ਗਿਆਨ ਦਾ ਝੰਡਾ ਬੁਲੰਦ ਕਰਦਾ ਹੈ। ਮਰਹੂਮ ਹਸਨ ਅਕਸਰੀ ਨੇ ਵੀ ਇਸੇ ਕਿਸਮ ਦਾ ਕੰਮ ਕੀਤਾ ਸੀ, ਪਰ ਉਹਨਾਂ ਇਹ ਕੰਮ ਸ਼ਊਰ ਦੀ ਪੱਧਰ 'ਤੇ, ਸੋਚ-ਸਮਝ ਕੇ ਅਤੇ ਪੜ੍ਹ ਕੇ ਕੀਤਾ ਸੀ ਅਤੇ ਆਪਣੇ ਅਦਬ ਅਤੇ ਤਹਿਜ਼ੀਬ ਦੇ ਹਵਾਲੇ ਨਾਲ ਉਸਨੂੰ ਇਕ ਨਵਾਂ ਢੰਗ ਦੇਣ ਦੀ ਕੋਸ਼ਿਸ਼ ਕੀਤੀ ਸੀ। ਉਹਨਾਂ ਦੀ ਸੋਚ ਅਤੇ ਚਿੰਤਨ ਪ੍ਰਣਾਲੀ ਦੀਆਂ ਜੜ੍ਹਾਂ ਆਪਣੀ ਤਹਿਜ਼ੀਬ ਵਿਚ ਡੂੰਘੀਆਂ ਧਸੀਆਂ ਸਨ। ਏਸ ਵਕਤ ਸੂਰਤੇ-ਹਾਲ ਇਹ ਹੈ ਕਿ ਸਾਡੇ ਅੱਜ ਦੇ ਲਿਖਣ ਵਾਲਿਆਂ ਤਕ ਪੱਛਮ ਦੇ ਇਹ ਵਿਚਾਰ, ਤਹਿਰੀਕਾਂ ਅਤੇ ਨਜ਼ਰੀਆਤ (ਦ੍ਰਿਸ਼ਟੀਕੋਣ) ਉਸ ਵਕਤ ਪਹੁੰਚਦੇ ਹਨ, ਜਦ ਉਹ ਖੁਦ ਪੱਛਮ ਵਿਚ ਰੱਦ ਹੋ ਚੁੱਕੇ ਹੁੰਦੇ ਹਨ। ਦਸ-ਬਾਰਾਂ ਸਾਲ ਪਹਿਲਾਂ 'ਉਸਲੂਬੀਆਤ' (ਆਧੁਨਿਕਤਾ) ਦਾ ਸ਼ੋਰ ਬੁਲੰਦ ਹੋਇਆ ਸੀ, ਪਰ ਉਹ ਕੋਲੇ ਭਰੀ ਤੂਮੜੀ ਵਾਂਗ ਫੁਸਫੁਸਾ ਕੇ ਰਹਿ ਗਿਆ ਸੀ। ਕੁਝ ਸਾਲ ਪਹਿਲਾਂ ਸਾਖਤਿਆਤ (ਸੰਰਚਨਾਵਾਦ) ਦਾ ਜ਼ੋਰ ਸ਼ੋਰ ਹੋਇਆ। ਆਲੋਚਕ ਕਲਮ ਕੰਨ ਵਿਚ ਲਾਈ ਉਸਦੇ ਪਿੱਛੇ ਦੌੜ ਪਏ। ਪਰ ਏਸ ਅਰਸੇ ਦੌਰਾਨ ਪਤਾ ਲੱਗਿਆ ਕਿ ਏਸ ਨਜ਼ਰੀਏ ਦੀ ਤਾਂ ਉਮਰ ਵਿਹਾ ਗਈ ਅਤੇ ਅੱਜਕੱਲ੍ਹ ਪਸੇ-ਸਾਖਤਿਆਤ (ਉਤਰ-ਸੰਰਚਾਨਾਵਾਦ) ਦਾ ਬੋਲਬਾਲਾ ਹੈ। ਸਾਹਿਤਕ ਆਲੋਚਕ ਉਸ ਵੱਲ ਝਪਕੇ, ਪਰ ਛੇਤੀ ਹੀ ਇਹ ਗੱਲ ਸਾਹਮਣੇ ਆਈ ਕਿ ਇਹ ਨਜ਼ਰੀਆ ਵੀ ਹੁਣ ਦਮ ਤੋੜ ਚੁੱਕਿਆ ਹੈ ਅਤੇ ਹੁਣ 'ਵਿਖੰਡਨ' ਦਾ ਜ਼ਮਾਨਾ ਹੈ, ਜਿਸਨੂੰ Deconstruction ਕਿਹਾ ਜਾਂਦਾ ਹੈ। ਇਹ ਦੇਖ ਕੇ ਅਦਬੀ ਰਿਸਾਲਿਆਂ ਦੇ ਐਡੀਟਰ ਅਤੇ ਉਨ੍ਹਾਂ ਵਿਚ ਲਿਖਣ ਵਾਲੇ ਆਲੋਚਕ ਉਸ ਪਾਸੇ ਭੱਜ ਪਏ। ਪਤਾ ਲੱਗਿਆ ਕਿ ਇਹ ਖਬਰ ਉਨ੍ਹਾਂ ਤੱਕ ਪਹੁੰਚੀ ਹੀ ਨਹੀਂ ਕਿ 'ਵਿਖੰਡਨ' ਦਾ ਜ਼ੋਰ ਟੁੱਟਿਆਂ ਵੀ ਕਈ ਸਾਲ ਗੁਜ਼ਰ ਚੁੱਕੇ ਹਨ। ਇਹ ਸਾਰੇ ਨਜ਼ਰੀਏ ਅਮਰੀਕੀ ਯੂਨੀਵਰਸਿਟੀਆਂ ਦੇ ਆਲੋਚਨਾ ਵਿਭਾਗਾਂ ਦੇ ਪੇਸ਼ੇਵਰ ਪ੍ਰੋਫੈਸਰਾਂ ਦੇ ਤਾਲੀਮੀ ਕਾਰੋਬਾਰ ਦੀ ਪੇਸ਼ਾਵਰਾਨਾ ਜ਼ਰੂਰਤ ਹੈ। ਇਹ ਨਜ਼ਰੀਏ ਅਮਰੀਕੀ ਸਰਮਾਏਦਾਰੀ ਨਿਜ਼ਾਮ 'ਤੇ ਕਾਇਮ ਸਮਾਜ ਵਿਚ ਨਵੇਂ ਫੈਸ਼ਨ ਵਾਂਗ ਮਾਲ ਦੀ ਮੰਗ ਵਧਾਉਂਦੇ ਹਨ। ਵੱਖ-ਵੱਖ ਯੂਨੀਵਰਸਿਟੀਆਂ ਨਜ਼ਰੀਆ-ਸਾਜ਼ ਪ੍ਰੋਫੈਸਰ ਦੀਆਂ ਸੇਵਾਵਾਂ ਹਾਸਲ ਕਰਨ ਲਈ ਦੌੜ ਪੈਂਦੀਆਂ ਹਨ, ਜਿੱਥੇ ਨਜ਼ਰੀਆ-ਸਾਜ਼ ਪ੍ਰੋਫੈਸਰ ਆਪਣਾ ਕਾਰੋਬਾਰ ਅੰਜਾਮ ਦੇ ਰਿਹਾ ਹੁੰਦਾ ਹੈ। ਆਮ ਤੌਰ 'ਤੇ ਏਨ੍ਹਾਂ ਪ੍ਰੋਫੈਸਰਾਂ ਨੂੰ ਯੂਨੀਵਰਸਿਟੀਆਂ ਘੱਟੋ-ਘੱਟ ਡੇਢ ਲੱਖ ਮਾਹਵਾਰੀ ਤਨਖਾਹ ਦਿੰਦੀਆਂ ਹਨ ਫਿਰ ਵੀ ਇਹ ਤਨਖਾਹ ਅਮਰੀਕਾ ਦੇ ਕਾਮਯਾਬ ਕਾਰੋਬਾਰੀਆਂ, ਡਾਕਟਰਾਂ ਅਤੇ ਵਕੀਲਾਂ ਦੇ ਮੁਕਾਬਲੇ ਵਿਚ ਕਾਫੀ ਘੱਟ ਹੁੰਦੀ ਹੈ। ਪਰ ਯੂਰਪ ਦੀਆਂ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਦੇ ਮੁਕਾਬਲੇ ਵਿਚ ਯਕੀਨਨ ਚਾਰ-ਪੰਜ ਗੁਣਾਂ ਜ਼ਿਆਦਾ ਹੁੰਦੀ ਹੈ। ਅਮਰੀਕਾ ਦੇ ਇਕ ਅਜਿਹੇ ਹੀ ਨਜ਼ਰੀਆਸਾਜ਼ ਪ੍ਰੋਫੈਸਰ ਜੇਬੇਲਿਸ ਮਿਲਰ ਹਨ, ਜਿਨ੍ਹਾਂ ਪਿੱਛੇ ਜਿਹੇ 'ਮਾਡਰਨ ਲੈਂਗੁਏਜ ਐਸੋਸੀਏਸ਼ਨ' ਦੇ ਜਲਸੇ ਵਿਚ ਪ੍ਰਧਾਨ ਦੀ ਹੈਸੀਅਤ ਵਿਚ ਤਕਰੀਰ ਕਰਦਿਆਂ ਫ਼ਖਰ ਨਾਲ ਫੁਰਮਾਇਆ ਕਿ 'ਕਿਸੇ ਨਜ਼ਰੀਏ ਦਾ ਸੋਮਾ ਚਾਹੇ ਯੂਰਪ ਹੀ ਕਿਉਂ ਨਾ ਹੋਵੇ, ਅਸੀਂ ਉਸਨੂੰ ਉਥੋਂ ਚੁੱਕ ਲੈਂਦੇ ਹਾਂ ਅਤੇ ਇਕ ਨਵੀਂ ਸ਼ਕਲ ਦੇ ਕੇ ਸਾਰੀ ਦੁਨੀਆਂ ਨੂੰ ਐਕਸਪੋਰਟ ਕਰ ਦਿੰਦੇ ਹਾਂ।' ਏਸ ਜੁਮਲੇ ਦਾ ਲਹਿਜ਼ਾ ਦੇਖੋ, ਇਹ ਖਾਲਸ ਕਾਰੋਬਾਰੀ ਲਹਿਜੇ ਵਿਚੋਂ ਨਿਕਲਿਆ ਹੈ। ਅਮਰੀਕਾ ਵਿਚ ਹਰ ਚੀਜ਼ ਵਿਕਾਊ ਹੈ ਅਤੇ ਜੋ ਚੀਜ਼ ਵਿਕਾਊ ਨਹੀਂ, ਉਹ ਰੱਦੀ ਹੈ, ਬੇਹਸਤੀ ਹੈ, ਕੂੜਾ ਹੈ।

ਪਾਠਕਾਂ ਲਈ ਇਹ ਗੱਲ ਸ਼ਾਇਦ ਦਿਲਚਸਪੀ ਦਾ ਬਾਇਸ ਹੋਵੇ ਕਿ ਖੁਦ ਅਮਰੀਕੀ ਯੂਨੀਵਰਸਿਟੀਆਂ ਵਿਚ ਤਾਲੀਮ ਦਾ ਇਹ ਰੁਝਾਨ ਆਪਣੇ ਆਪ ਵਿਚ ਬਹੁਤ ਪੁਰਾਣਾ ਨਹੀਂ ਹੈ। 1970 ਦੇ ਦਹਾਕੇ ਵਿਚ ਇਹ ਤਬਦੀਲੀ ਉਸ ਵੇਲੇ ਆਈ ਜਦ ਅਮਰੀਕਾ ਵਿਚ ਅਦਬੀ ਤਨਕੀਦ (ਆਲੋਚਨਾ) ਦੀ ਬਰਤਾਨਵੀ ਰਵਾਇਤ ਨੂੰ ਤਰਕ ਕਰ ਦਿੱਤਾ ਅਤੇ ਫਰਾਂਸੀਸੀ ਅਦਬੀ ਫੈਸ਼ਨ ਦੀ ਰਵਾਇਤ ਨੂੰ ਅਖਤਿਆਰ ਕਰ ਲਿਆ। ਨਤੀਜਾ ਇਹ ਹੋਇਆ ਕਿ ਇਸ ਨਾਲ ਉਥੇ ਸਾਹਿਤਕ ਪਠਨ-ਪਾਠਨ ਦਾ ਤਰੀਕਾ ਹੀ ਬਦਲ ਗਿਆ। ਹੁਣ ਤਕ ਜਿੱਥੇ ਵਿਹਾਰਕ ਆਲੋਚਨਾ ਦਾ ਰਾਜ ਸੀ, ਹੁਣ ਨਜ਼ਰੀਆਤ (Theory) ਦੀ ਤਨਕੀਦ ਛਾ ਗਈ। ਪਰ ਇਕ ਵਜ੍ਹਾ ਇਹ ਵੀ ਸੀ ਕਿ ਹੁਣ ਅੰਗਰੇਜ਼ੀ ਵਿਭਾਗ ਵਿਚ, ਜਿੱਥੇ ਪਹਿਲਾਂ ਜ਼ਬਾਨਾਂ, ਅਦਬੀ ਤਾਰੀਖ ਅਤੇ ਕਲਾ-ਪਾਠਾਂ ਦੀ ਤਾਲੀਮ ਹੁੰਦੀ ਸੀ, ਹੁਣ 'ਸਾਹਿਤਕ ਆਲੋਚਨਾ' ਪੜ੍ਹਾਈ ਜਾਣ ਲੱਗੀ ਅਤੇ ਅਦਬੀ ਤਨਕੀਦ ਅਮਰੀਕੀ ਯੂਨੀਵਰਸਿਟੀਆਂ ਵਿਚ ਇਕ ਕੇਂਦਰੀ ਹਿੱਸਾ ਬਣ ਗਈ। ਇਹੋ ਉਹ ਵਿਭਾਗ ਹਨ, ਜਿੱਥੇ ਆਲੋਚਨਾ ਪੜ੍ਹਾਈ ਜਾਂਦੀ ਹੈ, ਜਿੱਥੇ ਸਿੱਖਿਆ ਦੇ ਕਾਰੋਬਾਰ ਲਈ ਰੋਜ਼ ਸਿਧਾਂਤ ਬਣਾਏ ਜਾਂਦੇ ਹਨ, ਜੋ ਨਵੇਂ ਮਾਲ ਵਾਂਗ ਕੁਝ ਦਿਨ ਚਲਦੇ ਹਨ, ਨਜ਼ਰੀਆਸਾਜ਼ ਪ੍ਰੋਫੈਸਰ ਦੀ ਮੰਗ ਵਧਦੀ ਹੈ, ਖਿਡਾਰੀਆਂ ਅਤੇ ਫਿਲਮ ਐਕਟਰਾਂ ਵਾਂਗ ਸ਼ੁਹਰਤ ਫੈਲਦੀ ਹੈ ਅਤੇ ਕੁਝ ਦਿਨਾਂ ਬਾਅਦ ਇਹ ਨਜ਼ਰੀਆ ਆਪਣੀ ਮੌਤ

ਆਪ ਮਰ ਜਾਂਦਾ ਹੈ ਅਤੇ ਕੋਈ ਨਵਾਂ ਨਜ਼ਰੀਆ ਜਾਂ ਉਸ ਨਜ਼ਰੀਏ ਦਾ ਕੋਈ ਨਵਾਂ ਰੁਖ ਉਸਦੀ ਜਗ
ਲੈ ਲੈਂਦਾ ਹੈ। ਇਹ ਅਮਲ ਬਿਲਕੁਲ ਉਸੇ ਤਰ੍ਹਾਂ ਵਾਪਰਦਾ ਹੈ, ਜਿਵੇਂ ਕੱਪੜਿਆਂ ਦੇ ਨਵੇਂ ਨਵੇਂ ਫੈਸ਼
ਜਾਂ ਕਾਰਾਂ ਦੇ ਹਰ ਸਾਲ ਨਵੇਂ ਮਾਡਲ ਬਦਲਦੇ ਹਨ। ਏਸ ਸਾਹਿਤ-ਆਲੋਚਨਾ ਦਾ ਉਘੜਵਾਂ ਪਹਿ
ਇਹ ਹੈ ਕਿ ਇਹ ਜ਼ਿੰਦਗੀ ਅਤੇ ਉਸਦੇ ਮਸਲਿਆਂ ਤੋਂ ਬੇਲਾਗ ਰਹਿੰਦੀ ਹੈ ਅਤੇ ਯੂਨੀਵਰਸਿਟੀਆਂ
ਬਾਹਰ ਦੀ ਦੁਨੀਆਂ ਨਾਲ ਵੀ ਉਸਦਾ ਕੋਈ ਸੰਬੰਧ ਨਹੀਂ ਹੁੰਦਾ। ਆਮ ਪੜ੍ਹੇ ਲਿਖੇ ਅਦਬੀ ਸ਼ੌਕ ਰੱਖ
ਵਾਲੇ ਇਨਸਾਨ ਲਈ ਵੀ ਇਹ ਬੇਮਾਅਨੀ ਬੇਕਾਰ ਅਤੇ ਗੈਰ-ਦਿਲਚਸਪ ਗੋਰਖਧੰਦਾ ਹੈ। ਇਹੋ ਵਜ
ਹੈ ਕਿ ਆਮ ਪਾਠਕ ਦੀ ਦਿਲਚਸਪੀ ਸਾਹਿਤ ਵਿਚ ਘਟ ਗਈ ਹੈ ਅਤੇ ਇਹ ਰੁਝਾਨ ਲਗਾਤਾਰ ਵ
ਅਤੇ ਫੈਲ ਰਿਹਾ ਹੈ। ਇਹ ਆਲੋਚਨਾ ਆਮ ਤੌਰ 'ਤੇ ਵਾਲ ਦੀ ਖੱਲ ਲਾਹੁਣ ਅਤੇ ਦੂਸਰੇ ਗਿਆਨ
ਵਿਗਿਆਨਾਂ ਅਤੇ ਕਲਾਵਾਂ ਤੋਂ ਵਿਚਾਰ ਲੈਕੇ ਉਨ੍ਹਾਂ ਨੂੰ ਤਨਕੀਦ ਦੇ ਦੁਆਰ 'ਤੇ ਰਗੜਨ ਅ
ਘਸਾਉਣ ਦਾ ਉਸੇ ਤਰ੍ਹਾਂ ਕੰਮ ਕਰਦੀ ਹੈ ਜਿਵੇਂ ਇਸਤਾਂਬੂਲ ਦੇ ਈਸਾਈ ਵਿਦਵਾਨ ਵਰ੍ਹਿਆਂ ਬੱਧੀ
ਸ ਗੱਲ 'ਤੇ ਬਹਿਸ ਕਰਦੇ ਰਹੇ ਕਿ ਹਜਰਤ ਈਸਾ 'ਤੇ ਅਸਮਾਨ ਤੋਂ ਜੋ ਖਾਣਾ ਉਤਰਿਆ ਸੀ...ਉਸ
ਰੋਟੀ ਖਮੀਰੀ ਸੀ ਜਾਂ ਪਤਲੇ ਆਟੇ ਦੀ ਸੀ? ਆਲੋਚਨਾ ਦੇ ਇਹਨਾਂ ਸਾਰੇ ਨਜ਼ਰਿਆਤ ਤੋਂ ਤੁਹਾ
ਮਹਿਸੂਸ ਹੋਵੇਗਾ ਕਿ 'ਮੈਥਡ' ਨੇ ਗਿਆਨ ਦੀ ਜਗ੍ਹਾ ਲੈ ਲਈ ਹੈ ਅਤੇ ਪ੍ਰੋਫੈਸਰ ਸਾਹਿਬ ਮੈਥਡ
ਜ਼ਰੀਏ ਆਪਣੇ ਜਾਤੀ ਪ੍ਰਭਾਵਾਂ ਨੂੰ ਯੂਨੀਵਰਸਲ, ਸਰਵਪ੍ਰੀਅ ਅਤੇ ਅਟਲ ਕਾਨੂੰਨ ਬਣਾਉਣ
ਕੋਸ਼ਿਸ਼ ਕਰ ਰਹੇ ਹਨ।

ਆਮ ਰੂਪ ਵਿਚ ਵੇਖਿਆ ਜਾਵੇ ਤਾਂ ਇਸ ਗੱਲ ਦਾ ਸਿਰਾ 1970 ਤੋਂ ਵੀ ਪਿੱਛੇ ਜਾਂਦਾ
1970 ਵਿਚ ਤਾਂ ਅਮਰੀਕੀ ਯੂਨੀਵਰਸਿਟੀਆਂ ਵਿਚ ਇਹ ਤਬਦੀਲੀ ਆਈ ਕਿ ਖੁਦ ਸਾਹਿ
ਆਲੋਚਨਾ ਨੇ ਸਾਹਿਤ ਪੜ੍ਹਨ ਦੀ ਜਗ੍ਹਾ ਲੈ ਲਈ, ਪਰ ਦਰਅਸਲ ਖੁਦ ਇੰਗਲੈਂਡ ਵਿਚ 'ਨਵੀਂ
ਆਲੋਚਨਾ' (New Criticism), ਜਿਸਨੂੰ ਪਹਿਲਾ ਤਾਲੀਮੀ ਸਕੂਲ ਕਿਹਾ ਜਾ ਸਕਦਾ ਹੈ,
ਬੁਨਿਆਦ ਵੀ ਚਾਲੀ ਦੇ ਦਹਾਕੇ ਵਿਚ ਏਸੇ ਕਿਸਮ ਦੇ ਨਜ਼ਰੀਏ ਤੋਂ ਉਠਾਈ ਗਈ ਸੀ, ਜੋ ਸਾਨੂੰ ਰੈ
ਵੈਲੇਕ/ ਆਸਿਟਨ ਵਾਰੇਨ ਦੀ ਕਿਤਾਬ Theory of Literature-1949 ਅਤੇ ਕਲੀਂਥ ਬਰੁੱਕ
ਅਤੇ ਵਿਮਸਾਟ ਦੀ ਕਿਤਾਬ Literary Criticism: A short history 1951 ਵਿਚ ਮਿਲਦੇ ਹਨ

ਇਹ ਦੋਵੇਂ ਕਿਤਾਬਾਂ ਖਾਸ ਤੌਰ 'ਤੇ ਅਦਬ ਵਿਚ ਨਜ਼ਰੀਏ ਦੀ ਅਹਿਮੀਅਤ ਉਜਾਗਰ ਕਰ
ਅਤੇ ਉਸਨੂੰ ਅੱਗੇ ਵਧਾਉਣ ਲਈ ਲਿਖੀਆਂ ਗਈਆਂ ਸਨ। ਨਾਰਥਰੋਪ ਫਰਾਈ ਨੇ 'ਐਨਾਟਮੀ ਆ
ਕਰਿਟਿਸਿਜ਼ਮ' (Anatomy of Criticism)- 1997 ਲਿਖੀ ਤਾਂ ਉਸਨੇ ਕਿਹਾ ਕਿ ਨਵੀਂ ਆਲੋਚਨ
ਵੀ ਹਕੀਕਤ ਵਿਚ ਪੂਰੀ ਤਰ੍ਹਾਂ ਨਜ਼ਰੀਏ 'ਤੇ ਆਧਾਰਤ ਨਹੀਂ ਹੈ, ਸਗੋਂ ਇਹ ਆਪਣੀ ਪਸੰਦ ਅ
ਆਪਣੇ ਮਜ਼ਾਕ ਦੀਆਂ ਤਰਜੀਹਾਂ ਨੂੰ ਦੂਸਰਿਆਂ 'ਤੇ ਥੋਪਣ ਦਾ ਖੁਫੀਆ ਰਸਤਾ ਹੈ। ਅਤੇ ਇਸ
ਤਨਕੀਦ ਲਈ ਸੰਰਚਨਾਵਾਦੀ ਨਜ਼ਰੀਆ ਤਜਵੀਜ਼ ਕੀਤਾ, ਜਿਸਨੂੰ ਉਹ 'ਸਹੀ ਮਾਅਨਿਆਂ ਵਿ
ਸਾਇੰਟਿਫਿਕ ਨਜ਼ਰੀਆ ਕਹਿੰਦਾ ਹੈ। 1957 ਤੋਂ 1966 ਤਕ ਮੁਖਤਲਿਫ ਇਲਮਾਂ ਅਤੇ ਕਲਾਵਾਂ
ਤਾਅਲੁਕ ਨਾਲ ਸੰਰਚਨਾ ਦਾ ਇਹ ਨਜ਼ਰੀਆ ਸਾਹਿਤ ਆਲੋਚਨਾ ਵਿਚ ਇਸਤੇਮਾਲ ਹੁੰਦਾ ਰਿਹ
'ਨਵੀਂ ਆਲੋਚਨਾ', ਜੇ ਇਸਨੂੰ ਇਤਿਹਾਸਕ ਪਿਛੋਕੜ ਵਿਚ ਦੇਖਿਆ ਜਾਵੇ ਤਾਂ ਉਹ ਪ੍ਰਭਾਵਵਾ
ਅਤੇ ਆਪਾ-ਬਿਆਨੀਆ ਅੰਦਾਜ਼ ਵਿਚ ਅਤੇ ਅਦਬ ਦੀ ਇਕ ਰੁਖੀ (one dimensonal
ਸਮਾਜੀ ਅਤੇ ਤਵਾਰੀਖੀ ਵਜ੍ਹਾ ਨਾਲ ਖਾਸ ਕਰਕੇ ਮਾਰਕਸੀ ਅੰਦਾਜ਼ੇ-ਨਜ਼ਰ ਦੇ ਰੱਦੋ-ਅਮਲ ਦੇ ਤੌ
'ਤੇ ਪ੍ਰਵਾਨ ਚੜ੍ਹੀ ਸੀ। ਨਵੀਂ ਆਲੋਚਨਾ ਦਾ ਜ਼ੋਰ ਇਸ ਗੱਲ ਉਤੇ ਸੀ ਕਿ ਸਾਹਿਤ ਨੂੰ ਸਿਆਸੀ ਸ਼
ਲਿਆਂ ਤੋਂ ਆਜ਼ਾਦ ਕਰਵਾਇਆ ਜਾਵੇ ਅਤੇ ਇਸਨੂੰ ਨੈਤਿਕਤਾਵਾਂ ਅਤੇ ਸਿਆਸਤਾਂ ਦੀ ਸ਼ਾਖ ਨ
ਬਣਨ ਦਿੱਤਾ ਜਾਵੇ। ਨਵੀਂ ਆਲੋਚਨਾ ਵਿਚ ਟੈਕਸਟ-ਪਾਠ 'ਤੇ ਵੱਧ ਜ਼ੋਰ ਦਿੱਤਾ ਗਿਆ ਸੀ ਪ
ਉਸਦਾ ਤਾਅਲੁੱਕ ਰੱਦੋ-ਤਾਮੀਰ (Deconstruction) ਜਾਂ ਨਵ-ਉਸਾਰੀ (Reconstruction

ਦੇ ਤਸੱਵਰ ਨਾਲ ਨਹੀਂ ਸੀ। ਨਵੀਂ ਆਲੋਚਨਾ ਦੇ ਅਲੰਬਰਦਾਰ ਇਸ ਗੱਲ ਨੂੰ ਵੀ ਨਹੀਂ ਮੰਨਦੇ ਸਨ ਕਿ ਪਾਠਕ ਵੀ ਟੈਕਸਟ - ਪਾਠ ਵਿਚ ਲੇਖਕ ਦਾ ਸ਼ਰੀਕ ਬਣ ਜਾਂਦਾ ਹੈ। ਸੰਰਚਨਾਵਾਦ ਵੀ ਟੈਕਸਟ ਉੱਤੇ ਜ਼ੋਰ ਦਿੰਦਾ ਹੈ ਅਤੇ ਤਵਾਰੀਖ ਨੂੰ, ਜੋ ਇਨਸਾਨੀ ਤਜਰਬੇ ਦਾ ਖਜ਼ਾਨਾ ਹੈ, ਅਦਬ ਦੇ ਲਿਖਣ ਪੜ੍ਹਨ ਦੇ ਅਮਲ ਤੋਂ ਖਾਰਜ ਕਰ ਦਿੰਦਾ ਹੈ। ਪਰ ਨਵੀਂ ਆਲੋਚਨਾ ਅਤੇ ਸੰਰਚਨਾਵਾਦ ਵਿਚ ਫਰਕ ਇਹ ਹੈ ਕਿ ਨਵੀਂ ਆਲੋਚਨਾ ਦੇ ਅਲੰਬਰਦਾਰ ਇਤਿਹਾਸ ਨੂੰ ਮੰਨਦੇ ਤਾਂ ਹਨ, ਪਰ ਉਸ ਨੂੰ ਆਲੋਚਨਾ ਵਿਚ ਕੋਈ ਮਹੱਤਵ ਨਹੀਂ ਦਿੰਦੇ ਅਤੇ ਸਾਰੀ ਤਵੱਜੋ ਸ਼ਾਇਰ ਦੀ ਰਚਨਾ-ਪ੍ਰਕ੍ਰਿਆ ਦੇ ਪਠਨ ਉੱਤੇ ਦਿੰਦੇ ਹਨ, ਜਿਸ ਨੂੰ ਹੁਣ ਤਕ ਆਲੋਚਨਾ ਵਿਚੋਂ ਨਜ਼ਰਅੰਦਾਜ਼ ਕੀਤਾ ਜਾਂਦਾ ਰਿਹਾ ਸੀ। ਸੰਰਚਨਾਵਾਦ ਦੇ ਅਲੰਬਰਦਾਰ ਇਕ ਪਾਸੇ ਇਤਿਹਾਸ ਨੂੰ ਆਲੋਚਨਾ ਵਿਚੋਂ ਬਿਲਕੁਲ ਖਾਰਜ ਕਰ ਦਿੰਦੇ ਹਨ ਅਤੇ ਦੂਜੇ ਪਾਸੇ ਭਾਸ਼ਾਵਾਂ ਨੂੰ ਪਠਨ ਦੀ ਕੁੰਜੀ ਸਮਝਦੇ ਹਨ। ਜ਼ਬਾਨ ਹੀ ਉਨ੍ਹਾਂ ਦੇ ਨੇੜੇ ਸਾਹਿਤ ਦਾ ਇਤਰ ਹੈ ਅਤੇ ਇਸ ਤਰ੍ਹਾਂ ਸੰਰਚਨਾਵਾਦ ਸਾਹਿਤ ਦੇ ਰਵਾਇਤੀ ਚਿੰਤਨ ਨਾਲੋਂ ਸੰਬੰਧ ਤੋੜ ਲੈਂਦਾ ਹੈ।

1966 ਤਕ ਸੰਰਚਨਾਵਾਦ ਦਾ ਜ਼ੋਰ ਬਾਕੀ ਸੀ ਕਿ ਉਸੇ ਜ਼ਮਾਨੇ ਵਿਚ ਸੰਰਚਾਨਾਵਾਦ ਤੋਂ ਅਮਰੀਕੀ ਯੂਨੀਵਰਸਿਟੀਆਂ ਦੇ ਦਾਨਸ਼ਵਰਾਂ ਨੂੰ ਵਾਕਫ ਕਰਵਾਉਣ ਲਈ ਜਾਨ ਹਾਪਕਿਨਜ਼ ਯੂਨੀਵਰਸਿਟੀ ਬਾਲਟੀਮੋਰ ਵਿਖੇ ਕਾਨਫਰੰਸ ਹੋਈ, ਜਿਸ ਵਿਚ ਜਾਕ ਦੇਰਿਦਾ ਨੂੰ ਫਰਾਂਸ ਤੋਂ ਬੁਲਾਇਆ ਗਿਆ। ਜਾਕ ਦੇਰਿਦਾ ਨੇ ਇਥੇ ਪਠਨ ਦੇ ਸਿਲਸਿਲੇ ਵਿਚ ਡੀ-ਕਨਸਟਰਕਸ਼ਨ ਦਾ ਤਰੀਕਾ ਪੇਸ਼ ਕੀਤਾ। ਆਪਣੇ ਪੇਪਰ ਵਿਚ ਦੇਰਿਦਾ ਨੇ ਕਲਾਉਡ ਲੇਵੀ ਸਤਰੋਸ ਦੀ ਸੰਰਚਨਾ ਸੰਬੰਧੀ ਆਲੋਚਨਾ ਪੇਸ਼ ਕੀਤੀ, ਜਿਸਤੇ ਖੂਬ ਗਰਮਾ ਗਰਮ ਬਹਿਸ ਹੋਈ ਅਤੇ ਨਤੀਜਾ ਕੁਝ ਨਹੀਂ ਨਿਕਲਿਆ। ਦੇਰਿਦਾ ਨੇ ਆਪਣੇ ਪਰਚੇ 'ਤੇ ਚਰਚਾ ਤੋਂ ਬਾਅਦ ਸੰਰਚਨਾਵਾਦ ਦੀ ਖੁਲ੍ਹਕੇ ਆਲੋਚਨਾ ਕੀਤੀ। ਨਾ ਸਿਰਫ ਇਸਨੂੰ ਉਸ ਨੇ ਰੱਦ ਦੀਤਾ ਸਗੋਂ ਉਨ੍ਹਾਂ ਆਲੋਚਕਾਂ ਦੇ ਸੰਰਚਨਾਵਾਦੀ ਗਿਆਨ ਨੂੰ ਵੀ ਨਿਸ਼ਾਨਾ ਬਣਾਇਆ, ਜੋ 1960 ਤੋਂ 1970 ਦਰਮਿਆਨ ਮਕਬੂਲ ਰਿਹਾ ਸੀ। ਏਨ੍ਹਾਂ ਆਲੋਚਕਾਂ ਵਿਚ ਰੋਲਾਂ ਬਾਰਥ, ਜ਼ੋਇਨ ਤੋਦੋਰੋਵ ਅਤੇ ਜ਼ੇਰਾਰ ਵਗੈਰਾ ਸ਼ਾਮਲ ਸਨ।

ਸੰਰਚਨਾਵਾਦ ਅਤੇ ਵਿਖੰਡਨਵਾਦ ਦੇ ਆਲੋਚਨਾਤਮਕ ਸਿਧਾਂਤ ਦੇ ਫਰਕ ਨੂੰ ਸਪਸ਼ਟ ਕਰਨ ਲਈ ਮੁਨਾਸਬ ਹੋਵੇਗਾ ਕਿ ਇਸ ਗੱਲ ਦਾ ਵੀ ਇਥੇ ਜ਼ਿਕਰ ਕਰ ਦਿੱਤਾ ਜਾਵੇ ਕਿ 1950 ਤਕ ਇਸ ਆਲੋਚਨਾ ਵਿਚ, ਜੋ ਪ੍ਰੋਫੈਸਰ-ਆਲੋਚਕਾਂ ਨੇ ਲਿਖੀ ਅਤੇ ਉਸ ਆਲੋਚਨਾ ਵਿਚ, ਜਿਸ ਨੂੰ ਗੈਰ-ਪ੍ਰੋਫੈਸਰਾਂ ਨੇ ਲਿਖਿਆ, ਬਹੁਤ ਘੱਟ ਫਰਕ ਸੀ। ਏਸ ਆਲੋਚਨਾ ਵਿਚ ਕੁੱਲ ਮਿਲਾ ਕੇ ਇਲਮ, ਅਦਬ, ਨਜ਼ਰੀਆ, ਸਭ ਕੁਝ ਸ਼ਾਮਲ ਸੀ, ਮਸਲਨ ਰਾਬਰਟ ਪੇਨਵਾਰੇਨ, ਰਿਚਰਡ ਬਲਕਮੋਰ, ਐਨੇਨ ਟੇਟ ਨਵੀਂ ਆਲੋਚਨਾ ਦੇ ਅਲੰਬਰਦਾਰ ਸਨ ਅਤੇ ਲਿਓਨਲ ਟਰਿਲਿੰਗ, ਇਰਵਿਨ ਹੋ, ਐਫ. ਡਬਲਿਊ ਡੋਪੀ ਤਹਿਜ਼ੀਬੀ ਆਲੋਚਕ ਸਨ। ਇਹ ਉਹ ਆਲੋਚਕ ਸਨ, ਜਿਨ੍ਹਾਂ ਦਾ ਜ਼ਿਹਨੀ ਦਾਇਰਾ ਬਹੁਤ ਵਿਆਪਕ ਸੀ ਅਤੇ ਜਿਨ੍ਹਾਂ ਦੀਆਂ ਲਿਖਤਾਂ ਸਿਰਫ ਅਦਬੀ ਖੁਲਾਸਿਆਂ ਤਕ ਮਹਿਦੂਦ ਨਹੀਂ ਸਨ। ਉਨ੍ਹਾਂ ਦੀਆਂ ਲਿਖਤਾਂ ਤੋਂ ਅਦਬ ਨਾਲ ਦਿਲਚਸਪੀ ਰੱਖਣ ਵਾਲੇ ਆਮ ਪਾਠਕ ਵੀ ਲੁਤਫਅੰਦੋਜ਼ ਹੁੰਦੇ ਸਨ। ਉਸ ਜ਼ਮਾਨੇ ਵਿਚ ਇਲਮੀ ਆਲੋਚਨਾ ਯੂਨੀਵਰਸਿਟੀਆਂ ਤੋਂ ਬਾਹਰ ਹੀ ਲਿਖੀ ਜਾਂਦੀ ਸੀ, ਮਸਲਨ ਮੁਮਤਾਜ਼ ਆਲੋਚਕਾਂ ਵਿਚੋਂ ਟੀ. ਐਸ. ਇਲੀਅਟ ਕਿਸੇ ਯੂਨੀਵਰਸਿਟੀ ਨਾਲ ਵਾਬਸਤਾ ਨਹੀਂ ਸੀ, ਪਰ ਬੜੀ ਅਹਿਮੀਅਤ ਰੱਖਦਾ ਸੀ। ਇਸੇ ਤਰ੍ਹਾਂ ਤਹਿਜ਼ੀਬੀ ਆਲੋਚਕਾਂ ਵਿਚ ਟਰਿਲਿੰਗ ਦਾ ਨਾਂ ਲਿਆ ਜਾ ਸਕਦਾ ਹੈ। ਯੂਨੀਵਰਸਿਟੀ ਆਲੋਚਨਾ ਦਾ ਇਕ ਨਾਂਹ ਪੱਖੀ ਅਸਰ ਇਹ ਹੋਇਆ ਕਿ 1970 ਤੋਂ ਬਾਅਦ ਯੂਨੀਵਰਸਿਟੀਆਂ ਤੋਂ ਬਾਹਰ ਕਲਚਰ ਅਤੇ ਅਦਬ ਵਿਚ ਦਿਲਚਸਪੀ ਘਟਣ ਲੱਗੀ ਅਤੇ ਅੱਜ ਹਾਲਤ ਇਹ ਹੈ ਕਿ ਹੁਣ ਪ੍ਰੋਫੈਸਰਾਨਾ ਇਲਮੀ ਤਨਕੀਦ ਅਤੇ ਸਮਾਜ ਦੇ ਕਲਚਰ ਦਰਮਿਆਨ ਕੋਈ ਸਪਸ਼ਟ ਸੰਬੰਧ ਬਚਿਆ ਹੀ ਨਹੀਂ। ਸਾਹਿਤ-ਆਲੋਚਨਾ ਯੂਨੀਵਰਸਿਟੀਆਂ ਦੀ ਚਾਰਦੀਵਾਰੀ ਵਿਚ ਕੈਦ ਹੈ ਅਤੇ ਸਿਰਫ ਇਕ ਤਾਲੀਮੀ ਅਮਲ ਬਣ ਕੇ ਰਹਿ ਗਈ ਹੈ। ਇਹ ਹੁਣ

ਖਾਲਸ ਪੇਸ਼ਾਵਰਾਨਾ ਆਲੋਚਨਾ ਬਣ ਗਈ ਹੈ, ਜਿਸਨੂੰ ਅਦਬ ਵਿਚ ਸ਼ੁਮਾਰ ਨਹੀਂ ਕੀਤਾ ਜਾ ਸਕਦਾ। ਹੁਣ ਯੂਨੀਵਰਸਿਟੀ ਪ੍ਰੋਫੈਸਰ ਅਦਬ ਨਾਲ ਜੋ ਕੁਝ ਕਰਦੇ ਰਹੇ ਜਾਂ ਕਰ ਰਹੇ ਹਨ, ਉਹੋ ਸਾਹਿਤ-ਆਲੋਚਨਾ ਦਾ ਵਿਸ਼ਾ ਬਣ ਗਿਆ ਹੈ। ਕੁਝ ਯੂਨੀਵਰਸਿਟੀਆਂ ਵਿਚ ਸ਼ਾਇਰਾਂ ਅਤੇ ਗਲਪਕਾਰਾਂ ਨੂੰ ਪੜ੍ਹਾਉਣ ਦੇ ਮੌਕੇ ਦਿੱਤੇ ਜਾਂਦੇ ਹਨ। ਪਰ ਉਨ੍ਹਾਂ ਨੂੰ ਸਾਹਿਤ-ਆਲੋਚਨਾ ਦੇ ਵਿਭਾਗਾਂ ਤੋਂ ਵੱਖਰੇ ਦੂਸਰੇ ਪ੍ਰੋਗਰਾਮਾਂ ਵਿਚ ਜਗ੍ਹਾ ਦਿੱਤੀ ਜਾਂਦੀ ਹੈ। ਜਿੱਥੇ ਉਹ ਇਕ ਮਜ਼ਮੂਨ ਪੜ੍ਹਾਉਂਦੇ ਹਨ, ਜਿਸਨੂੰ ਸਿਰਜਣਾਤਮਕ ਲਿਖਤਾਂ ਦੇ ਵਿਭਾਗ ਦਾ ਨਾਂ ਦਿੱਤਾ ਜਾਂਦਾ ਹੈ।

ਇਸ ਵੇਰਵੇ ਤੋਂ, ਜੋ ਮੈਂ ਇਥੇ ਦਿੱਤਾ ਹੈ, ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਅਦਬੀ ਤਨਕੀਦ ਤਕਮੀਲੇ-ਜ਼ਾਤ (ਅੰਤਮ ਨਿਰਣਾ) ਕਰਨ ਵਾਲੀ ਇਕ ਪੇਸ਼ਗੋਈ ਬਣ ਗਈ ਹੈ ਅਤੇ ਥਿਓਰੀ ਇਕ ਕਿਸਮ ਦਾ ਜਾਦੂਈ ਤੀਰ ਹੈ, ਜੋ ਅਹਿਮ ਮਸਲਿਆਂ ਨੂੰ ਨਿਸ਼ਾਨਾ ਬਣਾਉਂਦਾ ਹੈ ਅਤੇ ਵਿਦਿਆਰਥੀਆਂ ਅਤੇ ਪ੍ਰੋਫੈਸਰ-ਆਲੋਚਕਾਂ ਲਈ ਸਮਝ-ਸਮਝਾਉਣ ਦਾ ਕੰਮ ਨੇਪਰੇ ਚਾੜ੍ਹਦਾ ਹੈ। ਹੁਣ ਸਾਹਿਤ ਆਲੋਚਕਾਂ ਵਿਚ ਜ਼ਿਹਨ ਦੀ ਆਜ਼ਾਦੀ ਦੀ ਗੁੰਜ਼ਾਇਸ਼ ਬਹੁਤ ਘੱਟ ਰਹਿ ਗਈ ਹੈ। ਸਾਹਿਤ ਆਲੋਚਕਾਂ ਵਿਚ ਅਹਿਸਾਸੇ-ਸ਼ਖਸੀਅਤ ਅਤੇ ਅਹਿਸਾਸੇ-ਰੂਹ ਦੇ ਤੱਤ ਖਾਰਜ ਹੋ ਗਏ ਹਨ। ਇਹ ਗੱਲ ਕਿ ਹਰ ਪੜ੍ਹੀ ਜਾਣ ਵਾਲੀ ਚੀਜ਼ ਦੂਸਰੀਆਂ ਚੀਜ਼ਾਂ ਤੋਂ ਵੱਖਰੀ ਹੁੰਦੀ ਹੈ, ਹੁਣ ਬੇਮਾਅਨੀ ਹੋ ਗਈ ਹੈ। ਇਹ ਗੱਲ ਵੀ ਹੁਣ ਬੇਮਾਅਨੀ ਹੋ ਗਈ ਹੈ ਕਿ ਆਲੋਚਨਾ ਦਾ ਮਕਸਦ ਅਦਬ ਸੰਬੰਧੀ ਅਜਿਹੀਆਂ ਗੱਲਾਂ ਦੱਸਣਾ ਹੈ ਕਿ ਜੋ ਨਾ ਸਿਰਫ ਅਦਬ ਦੇ ਮਾਹਿਰਾਂ ਲਈ ਨਵੀਆਂ ਅਤੇ ਦਿਲਚਸਪ ਹੋਣ, ਸਗੋਂ ਅਦਬ ਦਾ ਸ਼ੌਕ ਰੱਖਣ ਵਾਲੇ ਲੋਕਾਂ ਲਈ ਵੀ ਸਹੀ ਅਤੇ ਸਾਰਥਕ ਹੋਣ। ਸੰਰਚਨਾਵਾਦ ਅਤੇ ਵਿਖੰਡਨਵਾਦ ਦੀਆਂ ਬਹਿਸਾਂ ਨੂੰ ਦੇਖਦੇ ਇੰਝ ਮਹਿਸੂਸ ਹੁੰਦਾ ਹੈ ਕਿ ਆਲੋਚਨਾ ਤੰਗ ਪੇਸ਼ਾਵਰੀ ਬਣ ਗਈ ਹੈ ਅਤੇ ਸਾਹਿਤ ਅਧਿਐਨ ਰਾਹ ਭੁੱਲ ਗਿਆ ਹੈ।

ਇਸ ਸਥਿਤੀ ਵਿਚ ਮੈਂ ਉਨ੍ਹਾਂ ਆਲੋਚਕਾਂ ਅਤੇ ਐਡੀਟਰਾਂ ਨੂੰ, ਜੋ ਸੰਰਚਨਾਵਾਦ, ਉਤਰ ਆਧੁਨਿਕਤਾ ਅਤੇ ਵਿਖੰਡਨਵਾਦ ਦੀਆਂ ਲਿਖਤਾਂ ਅਤੇ ਨਜ਼ਰੀਏ ਨੂੰ ਸਮਝੇ ਅਤੇ ਬਗੈਰ ਸਮਝੇ ਅੰਗਰੇਜ਼ੀ ਹਵਾਲਿਆਂ ਅਤੇ ਸ਼ਬਦਾਂ ਨਾਲ ਭਰਪੂਰ, ਗੁੰਝਲਦਾਰ ਅਤੇ ਉਲਝੀਆਂ ਲਿਖਤਾਂ ਦੇ ਢੇਰ ਲਾ ਰਹੇ ਹਨ, ਸਿਰਫ ਇਹ ਕਹਿਣਾ ਚਾਹੁੰਦਾ ਹਾਂ ਕਿ ਇਹਨਾਂ ਨਜ਼ਰੀਆਤ ਨਾਲ ਨਾ ਅਮਰੀਕੀ ਅਦਬ ਦਾ ਭਲਾ ਹੋਇਆ ਹੈ ਅਤੇ ਨਾ ਸਾਡੇ ਅਦਬ ਦਾ ਭਲਾ ਹੋਵੇਗਾ। ਸਾਡੇ ਲਈ ਤਾਂ ਇਹ ਬਹਿਸਾਂ ਅਤੇ ਲਿਖਤਾਂ ਕੁਝ ਵੀ ਅਰਥ ਨਹੀਂ ਰੱਖਦੀਆਂ। ਜੇ ਰੱਖਦੀਆਂ ਹੋਣ ਤਾਂ ਕਿਰਪਾ ਕਰਕੇ ਦੱਸਿਆ ਜਾਵੇ ਕਿ ਸਾਡੀ ਤਹਿਜ਼ੀਬ ਅਤੇ ਸਾਡੇ ਅਦਬ ਲਈ ਇਸਦੇ ਕੀ ਮਾਅਨੇ ਹਨ? ਇਹ ਗੱਲ ਯਾਦ ਰੱਖੋ ਕਿ ਜਦ ਤਕ ਸਿਰਜਣਾ ਦੀ ਸ਼ਕਤੀ ਬਾਕੀ ਹੈ, ਆਲੋਚਨਾ ਦਾ ਅਮਲ ਬਾਕੀ ਰਹੇਗਾ ਅਤੇ ਜਦ ਤਕ ਆਲੋਚਨਾ ਜ਼ਿੰਦਾ ਹੈ, ਸਿਰਜਣਾ ਦਾ ਅਮਲ ਜਾਰੀ ਰਹੇਗਾ। ਬਾਕੀ ਰਹੇ ਇਹ ਨਿੱਤ ਨਵੇਂ ਸ਼ਗੂਫੇ ਤਾਂ ਸਾਹਿਬੋ, ਇਹ ਅਮਰੀਕੀ ਪ੍ਰੋਫੈਸਰਾਂ ਦੇ ਢਕੌਂਸਲੇ ਹਨ, ਜਿਨ੍ਹਾਂ ਦਾ ਤਾਅਲੁੱਕ ਸਾਡੇ ਅਦਬ ਅਤੇ ਤਹਿਜ਼ੀਬ ਨਾਲ ਕਮੋਬੇਸ਼ ਨਹੀਂ ਹੈ।

ਏਸ ਸਿਲਸਿਲੇ ਵਿਚ ਇਨ੍ਹਾਂ ਕੁਝ ਲਿਖਤਾਂ/ਕਿਤਾਬਾਂ ਦਾ ਅਧਿਐਨ ਫਾਇਦੇਮੰਦ ਹੋਵੇਗਾ:

1. David Lehman, 'Signs of Time : Deconstruction and the fall of Paul Deman.
2. David Lodge, 'After Bakhtin : Essays in Fiction & Criticism
3. David Lodge, 'Small World'
4. Interview of Frank Kermode : Published in- ' Criticism in Society by Imre Salusinszky. ❑❑

[ਅਨੁਵਾਦ : ਚਮਨ ਲਾਲ]

Centre of Indian Languages (SLL&CS), J.N.U., New Delhi-110 067)

ਕਾਵਿ-ਨਾਟਕ ਦਾ ਵਿਵੇਕ : 'ਮਨ ਦੇ ਹਾਣੀ' ਦਾ ਉੱਤਰ-ਪਾਠ

ਕੁਲਦੀਪ ਸਿੰਘ ਧੀਰ

ਰਵਿੰਦਰ ਰਵੀ ਪੰਜਾਬੀ ਕਾਵਿ-ਨਾਟ ਦੇ ਸਿਰੜੀ ਸਾਧਕਾਂ ਵਿਚੋਂ ਇਕ ਹੈ। ਉਸ ਨੂੰ ਅਚੇਤ/ਸੁਚੇਤ ਇਸ ਸਾਹਿਤ ਰੂਪ ਦੀ ਸਮਰੱਥਾ, ਉਚਿੱਤਤਾ, ਹੋਂਦ ਵਿਧੀ, ਪ੍ਰਭਾਵ ਤੇ ਸ਼ਿਲਪ-ਵਿਧੀ ਦਾ ਸਹਿਜ ਗਿਆਨ ਹੈ। ਪੰਜਾਬੀ ਵਿਚ ਇਕਾ-ਦੁੱਕਾ ਕਾਵਿ-ਨਾਟਕ ਤਾਂ ਕਈ ਨਾਟਕਕਾਰਾਂ ਨੇ ਰਚੇ ਹਨ। ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ, ਗੁਰਦਿਆਲ ਸਿੰਘ ਫੁਲ, ਕਪੂਰ ਸਿੰਘ ਘੁੰਮਣ, ਸ. ਨ. ਸੇਵਕ, ਅਜਾਇਬ ਕਮਲ, ਮਨਜੀਤਪਾਲ ਕੌਰ ਜਿਹੇ ਲੇਖਕ ਇਸ ਵਿਧਾ ਨਾਲ ਜੁੜੇ ਹਨ, ਪਰੰਤੂ ਨਿਰੰਤਰ ਕਾਵਿ-ਨਾਟਕ ਨੂੰ ਹੀ ਆਪਣੇ ਨਾਟ-ਜਗਤ ਦੀ ਟੇਕ ਬਣਾਉਣ ਵਾਲਾ ਕੇਵਲ ਰਵਿੰਦਰ ਰਵੀ ਹੀ ਹੈ। ਉਸਦੇ ਦਸਵੇਂ ਕਾਵਿ-ਨਾਟਕ 'ਮਨ ਦੇ ਹਾਣੀ' ਦੇ ਪਾਠ ਨੇ ਮੈਨੂੰ ਕਾਵਿ-ਨਾਟਕ ਦੀ ਹੋਂਦ ਵਿਧੀ, ਨਾਟ-ਸ਼ਿਲਪ, ਸਮਰੱਥਾ, ਉਚਿੱਤਤਾ ਆਦਿ ਜਿਹੇ ਮਸਲਿਆਂ ਬਾਰੇ ਗੰਭੀਰਤਾ ਨਾਲ ਸੋਚਣ ਵਿਚਾਰਨ ਲਈ ਮਜਬੂਰ ਕੀਤਾ ਹੈ। ਇਹ ਪ੍ਰਸ਼ਨ ਮੇਰੇ ਜ਼ਿਹਨ ਵਿਚ ਉਂਝ ਤਾਂ ਅੱਗੇ ਵੀ ਕਈ ਵਾਰ ਜਾਗੇ ਹਨ, ਪਰ 'ਮਨ ਦੇ ਹਾਣੀ' ਨਾਲ ਇਹ ਪੂਰੀ ਸ਼ਿੱਦਤ ਨਾਲ ਮੇਰੇ ਸਾਹਮਣੇ ਆਏ ਹਨ ਅਤੇ ਇਹਨਾਂ ਦੇ ਉੱਤਰ/ਪ੍ਰਤੀਉੱਤਰ ਬਾਰੇ ਚਰਚਾ ਵੀ ਮੈਂ ਇਸੇ ਨਾਟਕ ਦੇ ਪ੍ਰਸੰਗ ਵਿਚ ਕਰਨੀ ਚਾਹੁੰਦਾ ਹਾਂ। ਇੰਝ ਕਰਨ ਨਾਲ ਸਿਧਾਂਤ ਤੇ ਵਿਹਾਰ ਦੀ ਅੰਤਰ ਕ੍ਰਿਆ ਦੁਆਰਾ ਗੱਲ ਸਪਸ਼ਟ ਹੋਵੇਗੀ। ਸਿਧਾਂਤ ਤੇ ਵਿਹਾਰ ਬਾਰੇ ਵੱਖਰੀ ਤੇ ਕ੍ਰਮ-ਬੱਧ ਵਿਚਾਰ ਦੀ ਥਾਂ ਇਸ ਵਿਚ ਮੇਰੀ ਪਾਠਕੀ-ਅਨੁਕ੍ਰਿਆ ਹੀ ਮੇਰੀ ਆਲੋਚਨਾ ਵਿਧੀ ਵਜੋਂ ਕਾਰਜਸ਼ੀਲ ਹੈ।

ਕਾਵਿ-ਨਾਟਕ ਮੂਲ ਸੁਭਾਅ ਤੇ ਸਰੂਪ ਦੇ ਪੱਖੋਂ ਨਾਟਕ ਨਾਲੋਂ ਵਧੇਰੇ ਕਲਪਨਾ ਤੱਤ ਦੀ ਵਰਤੋਂ ਕਰਦਾ ਹੈ। ਕਵਿਤਾ ਵਿਚ ਕਲਪਨਾ ਦੀਆਂ ਅਸੀਮ ਸੰਭਾਵਨਾਵਾਂ ਹਨ। ਜਜ਼ਬਿਆਂ ਦੀ ਟੱਕਰ, ਵੇਗ ਤੇ ਸ਼ਿੱਦਤ ਵੀ ਕਵਿਤਾ ਵਿਚ ਵਧੇਰੇ ਅੱਛੀ ਤਰ੍ਹਾਂ ਪੇਸ਼ ਹੁੰਦੀ ਹੈ। ਕਵਿਤਾ ਦਾ ਸੁਭਾਅ ਸੂਖਮ ਤੇ ਤਰਲ ਹੁੰਦਾ ਹੈ। ਇਸ ਲਈ ਸੂਖਮ ਤੇ ਬਾਰੀਕ ਗੱਲਾਂ ਨੂੰ ਕਾਵਿ-ਨਾਟਕ ਵਿਚ ਵਧੇਰੇ ਖ਼ੂਬਸੂਰਤੀ ਨਾਲ ਪੇਸ਼ ਕਰਨਾ ਸੰਭਵ ਹੈ। ਜਜ਼ਬਿਆਂ ਦੀ ਸੂਖਮ ਤਰਜਮਾਨੀ, ਭਾਵਨਾਵਾਂ ਦੇ ਵੇਗ, ਜਜ਼ਬਾਤ ਦੀ ਟੱਕਰ ਵਾਰਤਕ ਵਿਚਲੇ ਵਾਰਤਾਲਾਪ ਦੀ ਥਾਂ ਕਾਵਿ ਨਾਟਕ ਵਿਚ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਉਜਾਗਰ ਹੁੰਦੇ ਹਨ। ਤਰਲ ਜਜ਼ਬਿਆਂ ਦਾ ਬਿਆਨ ਇਸ ਦੁਆਰਾ ਹੀ ਸੰਭਵ ਹੈ।

ਗੱਦ ਵਾਰਤਾਲਾਪ ਵਾਲੇ ਸਾਧਾਰਨ ਨਾਟਕ, ਭਾਸ਼ਾ ਦੇ ਮਾਧਿਅਮ ਦਾ ਉਪਯੋਗ ਕਰਦੇ ਹੋਏ ਸ਼ਬਦਾਂ ਦੀ ਅਭਿਧਾ ਸ਼ਕਤੀ ਤਕ ਹੀ ਸੀਮਿਤ ਰਹਿੰਦੇ ਹਨ। ਕਾਵਿਕ ਵਾਰਤਾਲਾਪ ਇਸ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਂਦੇ ਹਨ ਅਤੇ ਕਵਿਤਾ ਤਾਂ ਸ਼ਬਦ ਦੀਆਂ ਲੱਖਣਾ ਤੇ ਵਿਅੰਜਣਾ ਸ਼ਕਤੀਆਂ ਦਾ ਉਪਯੋਗ ਕਰਕੇ ਅਰਥਾਂ ਦੀ ਪ੍ਰਤਿਧੁਨੀ ਨੂੰ ਦੇਰ ਤਕ ਗੂੰਜਾਂਦੀ ਹੈ। ਦੂਰ ਅਸਰ ਬਣਾਉਂਦੀ ਹੈ। ਕਲਪਨਾ ਦੇ ਖੰਭਾਂ ਉੱਤੇ ਸਵਾਰ ਹੋ ਕੇ ਸ਼ਬਦ ਤੇ ਅਰਥ ਦੀਆਂ ਅਨਿਕ-ਮੁਖੀ ਸੰਭਾਵਨਾਵਾਂ ਦਾ ਉਪਯੋਗ ਕਰਦੀ ਹੈ। ਨਾਟਕ ਦੇ ਉਦੇਸ਼ ਨੂੰ ਸੀਮਤ ਸਪਸ਼ਟ ਸ਼ਬਦਾਂ ਵਿਚ ਸਿੱਧੇ ਉਪਦੇਸ਼ ਵਜੋਂ ਉਚਾਰਨ ਦੀ ਥਾਂ ਕਵਿਤਾ ਇਸ ਉਦੇਸ਼ ਨੂੰ ਅਨੇਕ ਰੰਗਾਂ, ਦਿਸ਼ਾਵਾਂ ਤੇ ਵਿਸਤਾਰਾਂ ਵਿਚ ਖੁਲ੍ਹੇ ਰੂਪ ਵਿਚ ਉਚਾਰਦੀ, ਸੰਚਾਰਦੀ ਤੇ ਸੁਝਾਂਦੀ ਹੈ। ਕਲਾ-ਰੂਪ ਵਜੋਂ ਕਾਵਿ-ਨਾਟਕ ਕਵਿਤਾ ਤੇ ਥੀਏਟਰ ਦੇ ਸੰਜੋਗ ਨਾਲ ਵਾਰਤਕ ਨਾਟਕ ਨਾਲੋਂ ਵਧੇਰੇ ਸ਼ੁੱਧ ਕਲਾ ਕਹੇ ਜਾਣ ਯੋਗ ਹੈ। ਇਹ ਦਿਮਾਗ਼ ਨਾਲੋਂ ਦਿਲ ਦੇ ਵਧੇਰੇ ਨੇੜੇ ਵਿਚਰਣ ਵਾਲਾ ਸਾਹਿਤ-ਰੂਪ ਹੈ। ਇਸ ਕਾਰਨ ਸੰਗੀਤ, ਰੰਗਾਂ, ਵੇਸ਼ ਭੂਸ਼ਾ ਤੇ ਥੀਏਟਰੀ ਜੁਗਤਾਂ ਦਾ ਪ੍ਰਭਾਵ ਕਾਵਿ-ਨਾਟਕ ਵਿਚ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਵਰਤਣਾ ਸੰਭਵ ਹੈ।

ਮੈਂ ਇਹ ਨਹੀਂ ਕਹਿ ਸਕਦਾ ਕਿ ਰਵੀ ਨੂੰ ਕਾਵਿ ਨਾਟਕ ਦੀਆਂ ਇਹਨਾਂ ਸੰਭਾਵਨਾਵਾਂ ਦਾ ਸਹਿਜ ਗਿਆਨ ਸੀ ਜਾਂ ਉਸ ਨੇ ਵਿਸ਼ਵ ਦੀਆਂ ਵਿਕਸਿਤ ਭਾਸ਼ਾਵਾਂ ਦੇ ਸਫ਼ਲ ਕਾਵਿ ਨਾਟਕਾਂ ਦੇ ਅਧਿਐਨ ਜਾਂ ਮੰਚਣ ਤੋਂ ਇਹ ਗਿਆਨ ਹਾਸਲ ਕੀਤਾ, ਪਰੰਤੂ ਤਰਲ, ਖਿੰਡੇ ਖਿਲਰੇ,

ਧੁੰਦਲੇ ਰੂਪ ਵਿਚ ਅਰੂਪ ਜੇਹੀਆਂ ਕਾਵਿ-ਨਾਟਕ ਬਾਰੇ ਮੇਰੀਆਂ ਧਾਰਨਾਵਾਂ ਇਸ ਨਾਟ-ਪਾਠ ਨਾ ਸਥੂਲ ਸਪਸ਼ਟ ਰੂਪ ਵਿਚ ਇਵੇਂ ਸੰਗਠਤ ਹੋਈਆਂ ਹਨ ਜਿਵੇਂ ਕਿਸੇ ਘੋਲ ਵਿਚਲੇ ਕਣ ਨਿਤ ਕੇ ਬੈਠ ਗਏ ਹੋਣ। ਇਹਨਾਂ ਦੇ ਰਵੇ ਬਣ ਗਏ ਹੋਣ। ਇਹਨਾਂ ਧਾਰਨਾਵਾਂ ਨੂੰ ਇਸ ਨਾਟ-ਪਾਠ ਆਧਾਰ ਉੱਤੇ ਹੋਰ ਸਪਸ਼ਟ ਕਰਨਾ ਮੈਨੂੰ ਉਚਿਤ ਲਗਦਾ ਹੈ। ਅਜਿਹਾ ਇਸ ਨਾਟ-ਪਾਠ ਨਿਕਟ-ਅਧਿਐਨ ਨੂੰ ਪਾਠਕ ਦੀ ਅਨੁਕ੍ਰਿਆ ਵਾਂਗ ਪੇਸ਼ ਕਰ ਕੇ ਕੀਤਾ ਜਾ ਰਿਹਾ ਹੈ।

ਰਵੀ ਨੇ ਇਸ ਨਾਟਕ ਦੇ ਪਾਤਰਾਂ ਦੀ ਚੋਣ ਕਰਦੇ ਸਮੇਂ ਹੀ ਇਸ ਨਾਟਕ ਨੂੰ ਸੀਮ ਘੇਰਿਆਂ ਤੋਂ ਮੁਕਤ ਕਰ ਦਿੱਤਾ ਹੈ। ਪਤੀ, ਪਤਨੀ, ਮਰਦ, ਮਸਖਰਾ, ਇਕ, ਦੋ-ਕਿਸੇ ਵੀ ਪਾਤ ਦਾ ਕੋਈ ਨਾਮ ਨਹੀਂ। ਪਤੀ ਪਤਨੀ ਸਮੱਸਿਆ-ਗ੍ਰਸਿਤ ਰਿਸ਼ਤੇ ਦੀਆਂ ਧਿਰਾਂ ਹਨ। ਮਰਦ ਇਹਨ ਦੋਹਾਂ ਵਿਚ ਇਕ ਤੀਜੀ ਧਿਰ ਵਜੋਂ ਦਖਲ-ਅੰਦਾਜ਼ ਹੈ। ਉਸ ਦੇ ਅੰਦਰਲੇ ਦਵੰਦ ਨੂੰ, ਉ ਅੰਦਰਲੇ ਚਿੱਟੇ/ਕਾਲੇ ਰੰਗਾਂ, ਪਰਸਪਰ ਵਿਰੋਧੀ ਧਾਰਨਾਵਾਂ ਦੇ ਕੱਚ/ਸਚ, ਸਿੱਧ/ਪੁੱਠ ਨੂੰ ਪੇਸ਼ ਕਰ ਲਈ 'ਇਕ' ਤੇ 'ਦੋ' ਨਾਮ ਦੇ ਪਾਤਰ ਕਲਪਤ ਕੀਤੇ ਗਏ ਹਨ। ਮਸਖਰਾ ਪਾਤਰ ਪਤੀ ਦ ਉਲਾਰ/ਬੀਮਾਰ ਸੋਚ ਨੂੰ ਉਭਾਰਨ ਦੀ ਜੁਗਤ ਵਜੋਂ ਵਰਤਿਆ ਗਿਆ ਹੈ।

ਹੁਣ ਵੇਖੋ ਜ਼ਰਾ ਇਹਨਾਂ ਪਾਤਰਾਂ ਦੀ ਵੇਸ਼ ਭੂਸ਼ਾ ਵੱਲ। ਇਹਨਾਂ ਦੇ ਕੱਪੜਿਆਂ ਦੇ ਰੰਗ ਵੱਲ। ਇਸ ਪੂਰੇ ਨਾਟਕ ਦੇ ਪਾਠ ਉਪਰੰਤ ਇਸ ਵੇਸ ਭੂਸ਼ਾ ਤੇ ਰੰਗਾਂ ਦਾ ਮਹੱਤਵ ਸਪਸ਼ਟ ਹੁੰਦ ਹੈ। ਪਤੀ ਦੀ ਉਮਰ ਹੀ ਪਤਨੀ ਨਾਲੋਂ ਰਤਾ ਵੱਧ ਨਹੀਂ, ਉਹ ਭਾਵਨਾਵਾਂ ਤੇ ਵਿਹਾਰ ਪੱਖੋਂ ਵ ਉਸ ਉੱਤੇ ਭਾਰੂ ਹੈ। ਉਸ ਦੀ ਕਾਲੀ ਕਮੀਜ਼, ਕਾਲੀ ਪੈਂਟ, ਕਾਲੇ ਰੰਗ ਦੀ ਚਮੜੇ ਦੀ ਜੈਕਟ ਕਾਲਾ ਗਾਊਨ, ਕਾਲਾ ਜਾਗਿੰਗ ਸੂਟ ਦਮਨ, ਜਬਰ ਤੇ ਕਠੋਰ ਸੁਭਾਅ ਵਾਲੀ ਸ਼ਖਸੀਅਤ ਦ ਪ੍ਰਤੀਕ ਹੈ। ਉਸ ਨੂੰ ਗਿਆਨ ਦੇ ਚਾਨਣ ਨਾਲੋਂ ਰਾਤਾਂ ਦੇ ਕਾਲੇ ਹਨੇਰੇ ਵਧੇਰੇ ਪਸੰਦ ਹਨ। ਪਤਨ ਨਾਲ ਉਸ ਦਾ ਰਿਸ਼ਤਾ ਵੀ ਰਾਤਾਂ ਦੇ ਕਾਲੇ ਹਨੇਰਿਆਂ ਤਕ ਹੀ ਸੀਮਤ ਹੈ। ਪਤੀ ਪਤਨੀ ਨਾ ਸੰਵਾਦ ਵਾਲੇ ਦ੍ਰਿਸ਼ ਵਿਚ ਜਦੋਂ ਹਨੇਰੇ ਤੇ ਚਾਨਣ ਦਾ ਸੰਵਾਦ ਹੁੰਦਾ ਹੈ, ਉਸ ਦੀ ਵੇਸ਼ ਭੂਸ਼ ਕਾਲੇ-ਚਿੱਟੇ ਨਾਈਟ ਸੂਟ ਵਿਚ ਵਟਦੀ ਹੈ।

ਪਤਨੀ ਪਤੀ ਨਾਲੋਂ ਉਮਰੋਂ ਰਤਾ ਛੋਟੀ ਤਾਂ ਹੈ ਹੀ ਉਸ ਅੱਗੇ ਬੇਬਸ ਵੀ ਹੈ। ਦਮਿ ਤੇ ਅਸੰਤੁਸ਼ਟ ਹੈ। ਕਦੇ ਉਹ ਚਿੱਟੀ ਵੇਸ਼ ਭੂਸ਼ਾ ਵਿਚ ਪੇਸ਼ ਹੈ ਤੇ ਕਦੇ ਪਿੰਕ ਵਿਚ। ਸਪਸ਼ਟ ਕਿ ਭਾਵਨਾਵਾਂ ਪੱਖੋਂ ਉਹ ਨਿਰੰਤਰ ਇਕ ਸਮਾਨ ਨਹੀਂ ਵਿਚਰਦੀ। ਪ੍ਰੇਮ/ਕਾਮ ਭਾਵਨਾਵਾਂ ਦੇ ਪੱ ਉਹ ਕਦੇ ਅਸਲੋਂ ਸ਼ਾਂਤ ਤੇ ਨਿਰਲਿਪਤ ਹੈ ਤੇ ਕਦੇ ਜਜ਼ਬੇ ਦੀ ਅੱਗ ਨਾਲ ਉਤੇਜਤ ਤੇ ਪੈਸ਼ ਨਾਲ ਲਬਰੇਜ਼। ਇਹਨਾਂ ਦੋਹਾਂ ਮਨੋਸਥਿਤੀਆਂ ਵਿਚ ਉਸ ਦੀ ਵੇਸ਼ ਭੂਸ਼ਾ ਕ੍ਰਮਵਾਰ ਚਿੱਟੀ ਤੇ ਪਿੰ ਬਣਦੀ ਹੈ। ਪੁਰਸ਼ਾਂ ਵਾਲੀ ਪੈਂਟ ਕਮੀਜ਼, ਸਕਰਟ ਜਾਂ ਗਲ਼ ਵਿਚ ਲਟਕਦੇ ਕਾਰਡੀਗਨ ਉਸ ਪੁਰਸ਼ ਵਾਂਗ ਖੁਲ੍ਹਾਂ ਲੈਣ ਜਾਂ ਸੁਤੰਤਰਤਾ ਮਾਣਨ ਜਾਂ ਕੈਦ ਤੋਂ ਨਿਕਲਣ ਦੀ ਸੋਚ ਦੇ ਸੰਕੇਤਕ ਹਨ

ਮਰਦ ਭਾਰਤੀ ਪਿਛੋਕੜ ਵਾਲਾ, ਵਿਆਹ ਦੀ ਪਰੰਪਰਾਗਤ ਸੰਸਥਾ ਵਿਚੋਂ ਹੈ। ਬੱਚਿਆਂ ਦਾ ਪਿਓ,ਵਿਆਹ ਉਸ ਦੀ ਮਰਜ਼ੀ ਤੋਂ ਬਿਨਾਂ ਉਸ ਦੇ ਮਾਂ ਪਿਓ ਨੇ ਅਭੋਲ ਉਮਰ ਵਿ ਕਰ ਦਿੱਤਾ ਹੈ। ਉਹ ਰੁਜ਼ਗਾਰ ਵਾਸਤੇ ਪਰਦੇਸ ਵਿਚ ਹੈ। ਇਥੇ ਹੀ ਉਹ ਦੰਪਤੀ ਸੰਬੰਧਾਂ ਤੋ ਅਸੰਤੁਸ਼ਟ 'ਪਤਨੀ' ਪਾਤਰ ਦੇ ਸੰਪਰਕ ਵਿਚ ਆਉਂਦਾ ਹੈ। ਇਸ ਪਾਤਰ ਨਾਲ ਪਛਾਣ ਵੇਲੇ ਉ ਪ੍ਰੇਮ/ਕਾਮ ਭਾਵਨਾਵਾਂ ਪੱਖੋਂ ਸ਼ਾਂਤ ਤੇ ਨਿਰ-ਲਿਪਤ ਹੈ। ਇਸੇ ਕਾਰਨ ਉਸ ਦੀ ਵੇਸ ਭੂਸ਼ਾ ਚਿੱਟ ਹੀ ਹੈ। ਉਸ ਦੇ ਮੁਕਾਬਲੇ 'ਪਤਨੀ' ਪਾਤਰ ਉਸ ਨੂੰ ਜਦ ਵੀ ਮਿਲਦੀ ਹੈ ਭਾਵਨਾਵਾਂ ਪੱ ਉਤੇਜਤ ਹੈ। ਉਹ ਹੀ ਉਸ ਨੂੰ ਆਪਣੇ ਨਾਲ ਤੁਰਨ ਤੋਰਨ ਦਾ ਵਿਵੇਕ ਸਥਾਪਤ ਕਰਦੀ ਹੈ ਉਸ ਦਾ ਭਾਰੂ ਵਿਹਾਰ ਉਸ ਦੀ ਪਿੰਕ ਵੇਸ਼ ਭੂਸ਼ਾ ਤੋਂ ਵੀ ਜ਼ਾਹਰ ਹੁੰਦਾ ਹੈ। ਮਰਦ ਜਦ ਕਿਤੇ ਉ ਪ੍ਰਤਿ ਪ੍ਰੇਮ ਦਾ ਇਜ਼ਹਾਰ ਕਰਦਾ ਹੈ, ਉਹ ਪ੍ਰੇਮ ਸਰੀਰਕ ਨਾਲੋਂ ਵਧੇਰੇ ਪਲੈਟਾਨਿਕ ਹੈ। ਇਸੇ ਕਾਰ ਉਸ ਦੀ ਵੇਸ਼ ਭੂਸ਼ਾ ਦਾ ਚਿੱਟਾ ਰੰਗ ਉਸ ਦੇ ਵਾਯਵੀ/ਪਲੈਟਾਨਿਕ/ਅਸਰੀਰਕ ਪ੍ਰੇਮ ਦਾ ਹੀ ਪ੍ਰਤੀਕ ਹੈ। ਜਜ਼ਬੇ ਦੀ ਸ਼ਿੱਦਤ ਦੇ ਬਾਵਜੂਦ ਇਹ ਮੂਲ ਰੂਪ ਵਿਚ ਅਸਰੀਰਕ ਹੈ।

ਮਸਖਰਾ ਤਾਂ ਹੈ ਹੀ ਮਸਖਰੇ ਦੀ ਜਾਣੀ ਪਛਾਣੀ ਵੇਸ਼ ਭੂਸ਼ਾ ਵਿਚ। ਉਸ ਨੇ ਪਤੀ ਦੀ ਅਸੰਤੁਲਤ ਸੋਚ ਦਾ ਮਜ਼ਾਕ ਉਡਾਣਾ ਹੈ। 'ਇਕ' ਤੇ 'ਦੋ' ਚਿੱਟੇ ਕਾਲੇ ਚੋਗੇ ਮਰਦ ਦੀ ਮਾਨਸਿਕਤਾ ਦੇ ਦੋ ਵੱਖ ਵੱਖ ਰੂਪਾਂ ਨੂੰ ਟਕਰਾ ਕੇ ਬਾਹਰਮੁਖੀ ਪ੍ਰਗਟਾਵਾ ਦੇਣ ਦੀਆਂ ਜੁਗਤਾਂ ਹਨ । ਇਕ ਤੇ ਦੋ ਦੇ ਵਾਰਤਾਲਾਪ ਨੂੰ ਧਿਆਨ ਨਾਲ ਸੁਣੇ/ਪੜ੍ਹੇ ਤਾਂ ਸਹਿਜੇ ਹੀ ਮਰਦ ਅੰਦਰਲੇ ਕੱਚ/ਸੱਚ, ਚੰਗੇ/ਮਾੜੇ, ਆਸ਼ਾ/ਨਿਰਾਸ਼ਾ, ਚਾਨਣ/ ਹਨੇਰੇ ਦੇ ਦਵੰਦ ਦਾ ਅੰਦਾਜ਼ਾ ਹੋ ਜਾਵੇਗਾ ।

ਕਾਵਿ-ਨਾਟਕ ਦਾ ਆਰੰਭ ਸੰਘਣੇ ਹਨੇਰੇ ਨਾਲ ਹੁੰਦਾ ਹੈ। ਉਦਾਸ ਜੇਹੀ ਧੁਨ ਨਾਲ । ਮਨ ਦੇ ਹਾਣੀਆਂ ਦੀ ਅਣਹੋਂਦ ਹਨੇਰਾ ਅਤੇ ਉਦਾਸੀ ਹੀ ਦਿੰਦੇ ਹਨ। ਮਰਦ ਪ੍ਰਧਾਨ ਸਮਾਜ ਵਿਚ ਇਸ ਦੀ ਵੱਡੀ ਸ਼ਿਕਾਰ ਔਰਤ ਹੈ। ਇਸ ਨਾਟਕ ਵਿਚ ਵੀ ਹਨੇਰੇ ਵਿਚੋਂ ਪਤਨੀ ਦੀ ਧੁੰਦਲੀ ਜੇਹੀ ਪਰਛਾਈਂ ਹੀ ਉਭਰਦੀ ਹੈ। ਪਤਨੀ ਨਾਲੋਂ ਵੱਧ ਉਸ ਦੀ ਹੋਂਦ ਪਰਛਾਈਂ ਦੀ ਹੈ। ਉਹ ਮੂਕ ਹੈ। ਉਸ ਦੀ ਮਨੋਸਥਿਤੀ ਤੇ ਨਾਟਕ ਦੇ ਮੂਡ ਨੂੰ ਜ਼ੁਬਾਨ ਦਿੰਦਾ ਹੈ ਇਕ ਗੀਤ । ਛੇ ਬੰਦਾਂ ਵਾਲੇ ਇਸ ਗੀਤ ਦਾ ਪਹਿਲੇ ਦੋ ਬੰਦ ਹਨ :

ਮਨ ਦੇ ਹਾਣੀ ਕਿੱਥੋਂ ਲੱਭੀਏ? ਮਨ ਦੇ ਹਾਣ ਨਾ ਲੱਭਦੇ
ਤਨ ਦੀ ਭਾਸ਼ਾ ਬੋਲਣ ਸਾਰੇ/ ਬੂਹੇ ਬੰਦ ਨੇ ਸਭ ਦੇ ।
ਕੰਧਾਂ ਦੀ ਵਲਗਣ ਦੇ ਅੰਦਰ/ ਘਿਰ ਗਈ ਰੂਹ ਦੀ ਬਾਣੀ
ਮਾਵਾਂ ਕੋਲੋਂ ਪੁੱਤਰ ਵਿਛੜ ਗਏ/ ਹਾਣੀਆਂ ਕੋਲੋਂ ਹਾਣੀ ।

ਛੇ ਬੰਦਾਂ ਵਾਲਾ ਇਹ ਗੀਤ ਨਾਟਕ ਦੇ ਸੰਪੂਰਨ ਦ੍ਰਿਸ਼ ਵਿਧਾਨ ਤੇ ਕਾਰਜ ਖੇਤਰ ਦੀ ਵਿਉਂਤ ਦਾ ਸੰਕੇਤਕ ਹੈ। ਇਸ ਦੀ ਮੂਲ ਸੁਰ ਮਨ ਦੇ ਹਾਣੀ ਦੇ ਪ੍ਰਾਪਤ ਨਾ ਹੋਣ ਦੀ ਉਦਾਸੀ ਤੇ ਦੁੱਖ ਹੈ । ਇਸ ਗੀਤ ਦੇ ਪਹਿਲੇ ਤਿੰਨ ਬੰਦ ਕੰਧਾਂ ਤੇ ਵਲਗਣਾਂ ਵਿਚ ਬੰਦ ਉਸ ਔਰਤ ਦੀ ਮਨੋਸਥਿਤੀ ਨੂੰ ਪੇਸ਼ ਕਰਦੇ ਹਨ ਜਿਸ ਦੀ ਫੁੱਲ ਵਰਗੀ ਹੋਂਦ ਪੱਤੀ ਪੱਤੀ ਹੋ ਕੇ ਬਿਖਰ ਚੁੱਕੀ ਹੈ। ਜਿਸ ਦੀ ਖੁਸ਼ਬੂ ਨੂੰ ਡੱਬੀ ਵਿਚ ਬੰਦ ਹੋਣ ਲਈ ਮਜਬੂਰ ਕੀਤਾ ਗਿਆ ਹੈ। ਅਗਲੇ ਤਿੰਨ ਬੰਦਾਂ ਵਿਚ ਮਰਦ ਪੇਸ਼ ਹੈ। ਉਹ ਹੌਲੀ ਹੌਲੀ ਤੁਰਦਾ ਮੰਚ ਦੇ ਵਿਚਕਾਰ ਆਉਂਦਾ ਹੈ। ਉਸ ਦਾ ਹੌਲੀ ਹੌਲੀ ਸਮੱਸਿਆ ਦਾ ਕੇਂਦਰ ਵਿਚ ਆਉਣ ਦਾ ਹੀ ਪ੍ਰਤੀਕ ਹੈ ਇਹ ਕਾਰਜ । ਗੀਤ ਦੇ ਬੋਲ ਉਸਦੇ ਆਪਣੀ ਧਰਤੀ ਤੋਂ ਟੁੱਟ ਕੇ ਬੇਪਛਾਣ ਤੇ ਅਜਨਬੀ ਵਾਂਗ ਭਟਕਣ ਦੀ ਗੱਲ ਕਰਦੇ ਹਨ। ਉਸ ਨੂੰ ਵੀ ਮਨ ਦੀ ਭਾਸ਼ਾ ਸਮਝਣ/ਸੁਣਨ ਵਾਲੇ ਹਾਣ ਦੀ ਤਲਾਸ਼ ਹੈ ਜਿਸ ਕਰਕੇ ਉਸ ਨੂੰ ਪਰੰਪਰਾਗਤ ਸੋਚ ਪੱਖੋਂ ਕਾਫਰ ਹੀ ਸਮਝਿਆ ਜਾਂਦਾ ਹੈ। ਉਸ ਨੂੰ ਮਨਾਂ ਵਾਂਗ ਧਰਤੀਆਂ ਅਤੇ ਮੁਲਕਾਂ ਉਤੇ ਕਬਜ਼ਾ ਕਰਨ ਵਾਲੀ ਸੋਚ ਹੀ ਅੱਜੋਕੀ ਦੁਨੀਆਂ ਦੀਆਂ ਸਮੱਸਿਆਵਾਂ ਦੀ ਮੂਲ ਜੜ, ਪ੍ਰਤੀਤ ਹੁੰਦੀ ਹੈ। ਗੀਤ ਦਾ ਇਹ ਉਚਾਰ ਤਰਲ ਤੇ ਸੂਖਮ ਰੂਪ ਵਿਚ ਨਾਟਕ ਦੇ ਮੂਲ ਤੱਥ ਨੂੰ ਪੇਸ਼ ਕਰ ਦਿੰਦਾ ਹੈ। ਇਸ ਵਿਚ ਕੁਝ ਵੀ ਸਥੂਲ/ਸੀਮਤ ਨਹੀਂ। ਕਾਵਿ ਦੇ ਬੋਲ ਸੰਗੀਤ ਦੀ ਉਦਾਸ ਧੁਨੀ ਨਾਲ ਹੀ ਇਨ੍ਹਾਂ ਬੋਲਾਂ ਬਾਰੇ ਗੰਭੀਰਤਾ ਨਾਲ ਸੋਚਣ ਲਈ ਬਹੁਤ ਕੁਝ ਸੁਝਾਂਦੇ ਪ੍ਰਤੀਤ ਹੁੰਦੇ ਹਨ।

ਮੂਲ ਨਾਟਕ ਦੇ ਥੀਮ-ਗੀਤ ਉਪਰੰਤ ਪਹਿਲਾ ਦ੍ਰਿਸ਼ ਇਸੇ ਗੀਤ ਦੇ ਪਹਿਲੇ ਦੋ ਬੰਦਾਂ ਦੇ ਗਾਇਣ ਨਾਲ ਸ਼ੁਰੂ ਹੁੰਦਾ ਹੈ। ਮੰਚ ਉੱਤੇ ਨੀਮ ਚਾਨਣੇ ਵਿਚ ਮਰਦ ਖਲੋਤਾ ਹੈ। ਸਪਸ਼ਟ ਹੈ ਕਿ ਮਰਦ ਦੇ ਸਾਹਮਣੇ ਰੌਸ਼ਨ ਰਾਹ ਨਹੀਂ। ਉਹ ਦੁਬਿਧਾ ਗ੍ਰਸਤ ਹੈ। ਮੰਚ ਦੇ ਵਿਚਕਾਰ ਹੈ, ਉਹ। ਉਹ ਸੋਚ ਪੱਖੋਂ ਐਨ ਫੈਸਲੇ ਦੇ ਛਿਣ ਉੱਤੇ ਹੈ। ਇਸੇ ਸਮੇਂ ਨੰਬਰ-ਇਕ ਤੇ ਨੰਬਰ-ਦੋ ਨਾਮ ਦੇ ਪਾਤਰ ਮੰਚ ਉਤੇ ਪ੍ਰਵੇਸ਼ ਕਰਕੇ ਉਸ ਦੁਆਲੇ ਚੱਕਰ ਕੱਟ ਕੇ ਛਾਈਂ ਮਾਈਂ ਹੋ ਜਾਂਦੇ ਹਨ। ਇਹ ਮਰਦ ਅੰਦਰਲੀ ਆਸ਼ਾ/ਨਿਰਾਸ਼ਾ, ਕਾਲੀ/ਚਿੱਟੀ, ਬੀਮਾਰ/ਸਵਾਸਥ, ਮਨੋਸਥਿਤੀ ਦੇ ਪਲ-ਪਲ ਬਦਲਣ ਦਾ ਮੰਚੀ ਬਿੰਬ ਹੈ। ਉਸ ਦੇ ਵਿਅਕਤੀਤਵ ਦਾ ਇਕ ਪੱਖ ਕਹਿੰਦਾ ਹੈ ਕਿ *"ਰਿਸ਼ਤੇ ਹਨ ਕਾਗਜ਼ ਦੀ ਨਾਓ/....ਰਿਸ਼ਤੇ ਖੜ੍ਹੇ ਨੇ ਦਲਦਲ ਵਰਗੇ/ਰਿਸ਼ਤੇ ਬੰਦ ਗਲੀ ਦੀਵਾਰ/ਰਿਸ਼ਤੇ ਧਰਤੀ ਵਿਚ ਦਰਾੜ/....ਰਿਸ਼ਤੇ ਹਨ ਅੱਗ ਦੇ ਅੰਗਿਆਰ ।"* ਉਸ ਦਾ ਦੂਜਾ ਪੱਖ ਕਹਿੰਦਾ ਹੈ : *"ਰਿਸ਼ਤੇ ਦਰਿਆ ਅਤੇ ਵਹਾਉ/...ਰਿਸ਼ਤੇ ਨਿਤ ਨਵੇਲੇ ਖ਼ਵਾਬ।"* ਦੁਬਿਧਾ ਦੇ ਚੁਰਸਤੇ ਉੱਤੇ ਮਰਦ ਦੇ

ਅੰਦਰਲਾ ਸੰਵਾਦ 'ਇਕ' 'ਦੋ' ਦੇ ਸੰਵਾਦ ਦੇ ਜ਼ਰੀਏ ਰੂਪਮਾਨ ਹੁੰਦਾ ਹੈ। ਉਸ ਦੀ ਸ਼ਖਸੀਅਤ ਦਾ ਇਕ ਹਿੱਸਾ ਪਰੇਸ਼ਾਨ ਹੈ ਕਿ : *ਚੌਂਕ 'ਚ ਆ ਕੇ ਰਸਤੇ ਖੜ੍ਹ ਗਏ/...ਥਲ ਵਿਚ ਸੂਰਜ ਤਪਦਾ ਰਹਿੰਦਾ/...ਰਿਸ਼ਤੇ ਤਾਂ ਹਨ ਸੁੰਨ ਖ਼ਲਾਅ/...ਰਿਸ਼ਤੇ ਨਿਰੇ ਸੁਆਰਥ ਅਗਨੀ/...ਦਮ ਘੁਟਦਾ-ਟੁੱਟਿਆ ਵਿਸ਼ਵਾਸ...!* ਉਸ ਦੀ ਨਿਰਾਸ਼ਾ ਤੇ ਘੁਟਣ ਦੇ ਕਾਰਨ ਦਸਦਾ ਇਸ ਸਥਿਤੀ ਤੋਂ ਮੁਕਤ ਹੋਣ ਦਾ ਰਾਹ ਉਸ ਦੀ ਸ਼ਖਸੀਅਤ ਦਾ ਦੂਜਾ ਹਿੱਸਾ ਦੱਸਦਾ ਹੈ ਕਿ : *"ਰਸਤੇ ਚਾਰ ਦਿਸ਼ਾਵੀਂ ਖੁੱਲ੍ਹੇ/...ਰਿਸ਼ਤੇ ਤਾਂ ਹਨ ਜਲ ਦੀ ਨਿਆਈਂ/...ਆਪਾ ਵਾਰੂ ਇਹ ਰੋਸ਼ਨੀ.../ਅੰਨ੍ਹੀ ਗਲੀ 'ਚ ਤੇਰਾ ਵਾਸ/...ਅੰਦਰ ਵੱਲ ਨੂੰ ਝਾਤੀ ਮਾਰ/ਕਈ ਦਰਵਾਜ਼ੇ ਇਕ ਦੀਵਾਰ/...ਦੀਵਾਰਾਂ ਨੂੰ ਬੂਹੇ ਲਾ। ਤੂੰ ਵੀ ਖੁਦ 'ਚੋਂ ਬਾਹਰ ਆ। ਪਿੰਜਰੇ ਅੰਦਰੋਂ ਬਾਹਰ ਆ।"*...ਇਕ ਤੇ ਦੋ ਦੇ ਪਾਤਰ ਆਪਣੇ ਇਹ ਸੰਵਾਦ ਇਕੋ ਵਾਰ ਨਹੀਂ ਪੰਕਤੀ-ਪੰਕਤੀ ਕਰ ਕੇ ਵਾਰੀ-ਵਾਰੀ ਉਚਾਰਦੇ ਹਨ। ਸਪਸ਼ਟ ਹੈ ਕਿ ਇਹ ਸਥਿਤੀ ਪਲ-ਪਲ ਬਦਲਦੀ ਹੈ। ਆਸ਼ਾ/ਨਿਰਾਸ਼ਾ ਦੇ ਛਿਣ ਪਲ-ਪਲ ਬਦਲਦੇ ਹਨ।

ਦੂਜੇ ਦ੍ਰਿਸ਼ ਦਾ ਆਰੰਭ ਥੀਮ-ਗੀਤ ਦੇ ਅੰਤਰੇ ਨਾਲ ਦੂਜਾ ਬੰਦ ਉਚਾਰ ਕੇ ਕੀਤਾ ਗਿਆ ਹੈ। ਇਸ ਵਿਚ ਮੰਚ ਉੱਤੇ ਨੀਮ ਚਾਨਣੇ ਵਿਚ ਪਹਿਲਾਂ ਪਤਨੀ ਤੇ ਫਿਰ ਮਰਦ ਦੇ ਬਿੰਬ ਉਭਰਦੇ ਹਨ। ਫਿਰ ਦੋਵੇਂ ਬਿੰਬ ਇਕੱਠੇ ਇਕ ਦੂਜੇ ਨੂੰ ਸੰਬੋਧਤ ਨਜ਼ਰ ਆਉਂਦੇ ਹਨ। ਨੀਮ ਚਾਨਣ ਵਿਚ ਦੋਹਾਂ ਦਾ ਮਿਲਣਾ ਸਮਾਜ/ਸਥਾਪਤ ਸੰਸਥਾਵਾਂ ਤੋਂ ਅੱਧ ਪਚੱਧੀ ਬਗ਼ਾਵਤ ਦਾ ਮੰਚੀ ਬਿੰਬ ਹੈ। ਦੋਹਾਂ ਦਾ ਇਕ ਦੂਜੇ ਨੂੰ ਸੰਬੋਧਨ ਇੰਨਾ ਕੁ ਉੱਚਾ ਹੀ ਹੈ ਕਿ ਇਸ ਨੂੰ ਸਮਾਜ ਦੇ ਲੋਕ ਨਾ ਸੁਣ ਲੈਣ। ਇਸੇ ਸਥਿਤੀ ਵਿਚ ਹੀ ਜਦੋਂ ਰੋਸ਼ਨੀ ਹੌਲੀ ਹੌਲੀ ਵਧਦੀ ਹੈ ਤਾਂ ਦਰਸ਼ਕਾਂ ਵੱਲ ਪਿੱਠ ਕਰੀ ਖਲੋਤਾ ਪਤੀ ਦਿਸਦਾ ਹੈ। ਜਦੋਂ ਆਪਣੀ ਪਤਨੀ ਗੈਰ ਮਰਦ ਨਾਲ ਖੁਲ੍ਹ ਲੈਣ ਦੀ ਕੋਸ਼ਿਸ਼ ਵਿਚ ਹੋਵੇ ਤਾਂ ਪਤੀ ਸਮਾਜ ਤੋਂ ਕਤਰਾਂਦਾ ਹੀ ਹੈ। ਉਹ ਸਮਾਜ ਨੂੰ ਮੂੰਹ ਦਿਖਾਉਣ ਜੋਗਾ ਨਹੀਂ ਰਹਿੰਦਾ। ਉਸ ਨੂੰ ਸਮਝ ਨਹੀਂ ਆਉਂਦੀ ਕਿ ਉਹ ਕੀ ਕਰੇ। ਉਹ ਪਤਨੀ ਦੀ ਬੇਚੈਨੀ ਤੇ ਬਗ਼ਾਵਤ ਵਾਲੀ ਸੋਚ ਤੋਂ ਚੇਤੰਨ ਹੈ। ਭਾਵੇਂ ਪਤਨੀ ਦੀ ਬਗ਼ਾਵਤ ਕਲਪਨਾ ਤੇ ਸੋਚ ਦੇ ਘੇਰੇ ਵਿਚੋਂ ਬਾਹਰ ਨਹੀਂ ਨਿਕਲੀ, ਪਰ ਪਤੀ ਲਈ ਇਹ ਪਰੇਸ਼ਾਨੀ ਦਾ ਕਾਰਨ ਤਾਂ ਬਣ ਹੀ ਚੁੱਕੀ ਹੈ। ਆਪਣੀ ਇਸ ਸਥਿਤੀ ਦਾ ਜ਼ਿੰਮੇਵਾਰ ਬਹੁਤ ਹੱਦ ਤਕ ਉਹ ਆਪ ਹੀ ਹੈ। ਉਸ ਨੂੰ ਇਸ ਤੋਂ ਚੇਤੰਨ ਕਰਨ ਲਈ ਵਧ ਰਹੇ ਚਾਨਣ ਵਿਚ ਮਸਖਰਾ ਮੰਚ ਉੱਤੇ ਪ੍ਰਵੇਸ਼ ਕਰਦਾ ਹੈ। ਮੂਕ ਅਭਿਨਯ ਨਾਲ ਮਸਖਰੇ ਵੱਲੋਂ ਉਸ ਦੇ ਉਡਾਏ ਮੌਜੂ ਦਾ ਪਤੀ ਉੱਤੇ ਅਸਰ ਨਹੀਂ। ਇਸ ਲਈ ਮਸਖਰਾ ਵਾਰਤਾਲਾਪ ਦਾ ਸਹਾਰਾ ਲੈਂਦਾ ਹੈ : *ਆਪੇ ਬੰਦੀ, ਬੰਦੀਖਾਨਾ/ਦੇਖੋ ਇਹ ਕੈਸਾ ਦੀਵਾਨਾ/...ਕੱਚੀ ਲਕੜੀ ਦਾ ਇਹ ਖੋਖਾ/ਖ਼ੁਦ ਲਈ ਸਭ ਲਈ ਪੂਰਾ ਧੋਖਾ।*

ਮਸਖਰਾ ਪਤੀ ਨੂੰ ਯਥਾਰਥ ਤੋਂ ਵੀ ਚੇਤੰਨ ਕਰਦਾ ਹੈ ਤੇ ਅੰਦਰਲੀ ਸ਼ਕਤੀ ਤੋਂ ਵੀ। ਉਹ ਉਸ ਨੂੰ ਆਪਣੇ ਲਈ ਸਿਰਜੇ ਮਾਇਆ ਜਾਲ ਤੋਂ ਬਾਹਰ ਨਿਕਲਣ ਲਈ ਆਖਦਾ ਹੈ। ਜੀਵਨ ਨੂੰ ਇਸ ਦੇ ਪੂਰਨ ਖਿੜਾਓ ਵਿਚ ਜੀਣ ਮਾਣਨ ਦੇ ਰਾਹ ਪਾਂਦਾ ਹੈ: *ਤੇਰੇ ਅੰਦਰ ਧਰਤੀ ਵੀ ਹੈ/...ਨਦੀ ਨਿਰੰਤਰ ਜਗਦੀ ਜੋਤੀ/...ਬਾਹਰ ਨਿਕਲ, ਤੂੰ ਬੂਹਾ ਖੋਲ੍ਹ/ਖ਼ੁਦ ਨੂੰ ਲੱਭ ਤੇ ਸਭ ਨੂੰ ਟੋਲ੍ਹ/ਕੰਬਲ ਲੋਈ ਸਭ ਕੁਝ ਪਾੜ/ਢਾਹ ਇਕੱਲਤਾ ਦੀ ਦੀਵਾਰ।...ਨੇਰ੍ਹੇ ਵਿਚੋਂ ਬਾਹਰ ਆ/ਸੁਹਣਾ ਸੁੰਦਰ ਫੁੱਲ ਬਣ ਜਾ/ਖ਼ੁਦ ਮਹਿਕ ਸਭ ਨੂੰ ਮਹਿਕਾ*...ਪਤੀ ਪੈਸੇ ਤੇ ਪਦਾਰਥ ਦੀ ਚੂਹੇ-ਦੌੜ ਵਿਚ ਇੰਨੀ ਬੁਰੀ ਤਰ੍ਹਾਂ ਉਲਝਿਆ ਹੋਇਆ ਹੈ ਕਿ ਉਸ ਨੂੰ ਮਸਖਰੇ ਦਾ ਵਿਅੰਗ ਤੇ ਸਥਿਤੀ ਨਾਲ ਨਿਪਟਣ ਲਈ ਦਿੱਤਾ ਸੁਝਾਅ ਸਮਝ ਹੀ ਨਹੀਂ ਆਉਂਦਾ। ਉਸ ਬਸ ਇਹੀ ਕਹਿੰਦਾ ਹੈ: *"ਕੀ ਕਹਿੰਦਾ? ਇਹ ਕੀ ਕਰਦਾ ਹੈ?"* ਤੇ ਸਥਿਤੀ ਤੇਜ਼ੀ ਨਾਲ ਉਸ ਦੇ ਵਸੋਂ ਬਾਹਰ ਹੁੰਦੀ ਜਾਂਦੀ ਹੈ। ਮਸਖਰਾ ਉਸ ਨੂੰ ਸੰਵਾਦ ਦੇ ਰਾਹ ਪੈਣ ਲਈ ਵੰਗਾਰਦਾ ਹੈ। ਆਪਣੇ ਅੰਦਰੋਂ ਹੀ ਇਸ ਸਥਿਤੀ ਦੇ ਕਾਰਨ ਲੱਭਣ ਲਈ ਆਖਦਾ ਹੈ: *"ਬੜ ਬੜ ਨਾ ਕਰ, ਕਰ ਸੰਵਾਦ / ਆਪਣੇ ਅੰਦਰ ਸਭ ਜਵਾਬ।"*...ਪਤੀ ਨੂੰ ਇਹ ਸੁਝਾਅ ਅਜੀਬ ਤੇ ਗੈਰਵਿਵਹਾਰਕ ਲਗਦਾ ਹੈ: *"ਪ੍ਰਸ਼ਨ ਬਣਾਂ? ਜਵਾਬ ਵੀ ਮੈਂ ਹੀ?"* ਦੋਹਾਂ ਦਾ ਸੰਵਾਦ ਸੰਕਟ ਨੂੰ ਇਸੇ ਸਿਖਰ ਉੱਤੇ ਦਿਖਾ ਕੇ ਹੀ ਸਮਾਪਤ ਹੋ ਜਾਂਦਾ ਹੈ।

ਤੀਜਾ ਦ੍ਰਿਸ਼ ਥੀਮ-ਗੀਤ ਦੇ ਮੂਲ ਅੰਤਰੇ ਦੇ ਤੀਜੇ ਬੰਦ ਨਾਲ ਜੋੜ ਕੇ ਕੀਤੇ ਗਾਇਣ ਨਾਲ ਸ਼ੁਰੂ ਹੁੰਦਾ ਹੈ। ਮਨ ਦੇ ਹਾਣੀ ਦੀ ਤਲਾਸ਼ ਕਰਦੀ ਪਤਨੀ ਦੀ ਪੱਤੀ ਪੱਤੀ ਹੋਈ ਬਿਖਰੀ ਬੇਬਸ ਹੋਣੀ ਨੂੰ ਪੇਸ਼ ਕਰਦਾ ਹੈ ਇਸ ਬੰਦ ਦਾ ਗਾਇਣ: *"ਮਹਿਕਾਂ ਨੂੰ ਡੱਬੀ ਬੰਦ ਕਰ ਕੇ/ ਫੁੱਲ ਸਭ ਤੋੜ ਖਿਲਾਰੇ/ ਪੱਤੀ ਪੱਤੀ ਸੋਚ ਬਿਖਰ ਗਈ। ਵਿਛੜੇ ਖੁਦ ਤੋਂ ਸਾਰੇ।"* ਇਹ ਬੋਲ ਕੇਵਲ ਪਤਨੀ ਦੀ ਬੇਬਸ ਤੇ ਖਿੰਡੀ ਖਿਲਰੀ ਅਲਗਾਵ ਭੋਗ ਰਹੀ ਹੋਣੀ ਨੂੰ ਹੀ ਪੇਸ਼ ਨਹੀਂ ਕਰਦੇ, ਸਮੂਹ ਨਾਰੀ ਜਾਤੀ ਤੇ ਇਸ ਤੋਂ ਅਗਾਂਹ ਮਨੁੱਖ ਮਾਤਰ ਨੂੰ ਭਾਵਨਾਵਾਂ ਦੇ ਵੇਗ ਨਾਲ ਰੋੜ੍ਹਣ ਵੱਲ ਰੁਚਿਤ ਹਨ। ਹੁਣ ਮੰਚ ਉੱਤੇ ਪਤਨੀ ਵੱਖ ਵੱਖ ਸ਼ਕਲਾਂ ਤੇ ਰੰਗਾਂ ਦੇ ਪਿੰਜਰੇ ਵੇਖ ਰਹੀ ਹੈ। ਪਿੰਜਰੇ ਉਸ ਦੀ ਕੈਦ ਦੇ ਪ੍ਰਤੀਕ ਹਨ। ਮਨ ਦੇ ਹਾਣ ਦੀ ਅਣਹੋਂਦ ਕਾਰਨ ਪਤੀ ਦਾ ਸਾਥ ਉਸ ਨੂੰ ਕੈਦ ਲਗਦਾ ਹੈ ਜਿਸ ਤੋਂ ਉਹ ਪਰੇਸ਼ਾਨ ਹੈ। ਉਹ ਵਿਆਹ ਦੇ ਇਸ ਪਿੰਜਰੇ ਨੂੰ ਤੋੜ ਕੇ ਖੁਲ੍ਹੇ ਅਸਮਾਨ ਵੱਲ ਉਡਾਰੀ ਮਾਰਨ ਲਈ ਪਰ ਤੋਲ ਰਹੀ ਹੈ। ਉਹ ਆਖਦੀ ਹੈ: *"ਸੋਚ 'ਚ ਪਿੰਜਰਾ, ਸ਼ਬਦ 'ਚ ਪਿੰਜਰਾ/ਹੋਸ਼ 'ਚ ਪਿੰਜਰਾ, ਅਰਥ 'ਚ ਪਿੰਜਰਾ/...ਸੱਤ ਰੰਗ ਦੀਵਾਰਾਂ ਤੇ ਕਰ ਲਓ/ਰਿਸ਼ਤੇ ਦਾ ਕੋਈ ਨਾਂ ਧਰ ਲਓ/...ਖੰਭਾਂ ਨੂੰ ਰੰਗ ਨਹੀਂ ਲੋੜੀਂਦੇ/ ਲੋੜੀਂਦੇ ਖੁੱਲ੍ਹੇ ਅਸਮਾਨ।"* ...ਉਸ ਦੇ ਬੋਲ ਰੂਹ ਦਾ ਰੱਜ ਨਾ ਦੇਣ ਵਾਲੀ ਪਰਸਪਰ ਸਮਝ ਤੋਂ ਵਿਰਵੀ ਪੈਸੇ ਦੀ ਸਤਰੰਗੀ ਲੀਲ੍ਹਾ ਨੂੰ ਕੋਈ ਮਹੱਤਵ ਨਹੀਂ ਦਿੰਦੇ। ਇਸ ਨੂੰ ਉਹ ਕਿਸੇ ਵੀ ਰਿਸ਼ਤੇ ਦੇ ਨਾਂ ਉੱਤੇ ਸਵੀਕਾਰਨ ਨੂੰ ਤਿਆਰ ਨਹੀਂ। ਉਸ ਦੀ ਇਸ ਖੁੱਲ੍ਹੇ ਖੰਭਾਂ ਵਾਲੀ ਉਡਾਰੀ ਵਾਲੀ ਸੋਚ ਹੀ ਮਰਦ ਦੀ ਹੈ ਜੋ ਐਨ ਇਸੇ ਘੜੀ ਮੰਚ ਉੱਤੇ ਆ ਕੇ ਉਸ ਦੇ ਬੋਲਾਂ ਨਾਲ ਆਪਣੀ ਸੁਰ ਮਿਲਾਂਦਾ ਹੈ। ਇਸ ਨਾਲ ਮਰਦ ਤੇ ਪਤਨੀ ਦਾ ਸੰਵਾਦ ਸ਼ੁਰੂ ਹੁੰਦਾ ਹੈ।

ਮਰਦ ਪੁੱਛਦਾ ਹੈ: *"ਕਿਸ ਪਿੰਜਰੇ ਦੀਆਂ ਗੱਲਾਂ ਕਰਦੀ/ਕਿਹੜੇ ਨੇ ਖੁਲ੍ਹੇ ਅਸਮਾਨ।"* ਪਤਨੀ ਦਾ ਉੱਤਰ ਸਪਸ਼ਟ ਹੈ: *"ਘਰ ਦਾ ਪਿੰਜਰਾ ਰਾਸ ਨਾ ਆਇਆ/ਜਿਊਂਦੀ ਕੈਦਣ ਬਣ ਗਈ ਜਾਨ।...ਖੰਭਾਂ ਦੇ ਵਿਚ ਅਜੇ ਵੀ ਸ਼ਕਤੀ/ ਲੋੜੇ ਇਹ ਤੇਰੇ ਅਸਮਾਨ।"* ਜਦੋਂ ਮਰਦ ਉਸ ਨੂੰ ਸਮਝਾਂਦਾ ਹੈ ਕਿ ਤੇਰਾ ਪਤੀ ਵੀ ਹੈ ਤੇ ਬੱਚੇ ਵੀ, ਇਹ ਬੰਧਨ ਕਿਵੇਂ ਤੋੜੇਂਗੀ ਤਾਂ ਉਹ ਕਹਿੰਦੀ ਹੈ: *"ਮੇਰੀ ਅੱਖ ਵਿਚ ਨੂਰ ਹੈ ਤੇਰਾ/ਜੇ ਚਾਹਵਾਂ ਤਾਂ ਪਾੜ ਕੇ ਲੰਘਾਂ ਸੱਤ ਅਸਮਾਨ।"* ਇਹ ਬੋਲ ਪਤੀ ਨਹੀਂ ਮਰਦ ਲਈ ਤੜਪ ਨੂੰ ਪ੍ਰਗਟ ਕਰਦੇ ਹਨ। ਦੋਹਾਂ ਦਾ ਅਗਲੇਰਾ ਸੰਵਾਦ ਕੁਝ ਇਉਂ ਹੈ:

ਮਰਦ : *ਪਤੀ ਤੇਰਾ ਹੈ ਗੁੱਸੇ ਖੋਰਾ/ਲਹੂ ਦੀ ਨਦੀ ਵਗਾ ਸਕਦਾ ਹੈ। ਇਹ ਰਿਸ਼ਤਾ ਉਸ ਨੂੰ ਨਹੀਂ ਭਉਣਾ/ਸੁੱਤੀ ਕਲਾ ਜਗਾ ਸਕਦਾ ਹੈ।*

ਪਤਨੀ : *ਡਰ ਡਰ ਕੇ ਹੁਣ ਦਿਨ ਨਹੀਂ ਕੱਟਣੇ/ਮੇਰੇ ਵੀ ਚੱਟਾਨ ਇਰਾਦੇ।...ਆਸ਼ਕ ਹੈਂ ਸਿਰ ਤਲੀ 'ਤੇ ਧਰ ਲੈ/ਉਸ ਨੂੰ ਆਪਣਾ ਆਪ ਵਿਖਾ ਦੇ।*

ਮਰਦ : *ਸੋਚ ਸਮਝ ਦਾ ਮੌਸਮ ਆਇਆ...*

ਪਤਨੀ : *ਰਸਤਾ ਉਹ, ਜੋ ਆਪ ਬਣਾਇਆ...*

ਮਰਦ : *ਤੇਰੇ ਰਸਤੇ 'ਤੇ ਚੱਲਣ ਲਈ/ ਥੋੜਾ ਵਕਤ ਦਰਕਾਰ ਹੈ ਸੱਜਣੀ*

ਪਤਨੀ : *ਤੈਂ ਵਿਚ ਉਡਣ ਤੈਂ ਵਿਚ ਜੀਵਨ/ ਯਾਦ ਰੱਖੀਂ ਤੂੰ, ਤਿਆਰ ਮੈਂ ਸੱਜਣ।...*

ਇਸ ਸੰਵਾਦ ਵਿਚ ਪਤਨੀ ਦੀ ਵੇਸ਼ ਭੂਸ਼ਾ, ਬੋਲ ਤੇ ਵਿਵਹਾਰ ਸਾਰੇ ਇਕ ਸੁਰ ਹਨ। ਇਹੀ ਹਾਲ ਮਰਦ ਦਾ ਹੈ। ਪਤਨੀ ਪ੍ਰੇਮ/ਪੈਸ਼ਨ ਨਾਲ ਲਬਰੇਜ਼ ਹੈ। ਮਰਦ ਸ਼ਾਂਤ ਤੇ ਸੋਚਵਾਨ ਪ੍ਰਤੀਤ ਹੁੰਦਾ ਹੈ। ਇਸ ਸੰਵਾਦ ਦੌਰਾਨ ਹੀ ਜਬਰ ਤੇ ਦਮਨ ਦੀ ਮੂਰਤ ਪਤੀ ਮੰਚ ਉੱਤੇ ਪ੍ਰਵੇਸ਼ ਕਰਦਾ ਹੈ। ਪੂਰੇ ਗੁੱਸੇ ਵਿਚ ਹੈ ਉਹ। ਪਤਨੀ ਉਸ ਨੂੰ ਪਕੜ, ਪਤਿਆ ਕੇ ਮੰਚ ਤੋਂ ਬਾਹਰ ਲੈ ਜਾਂਦੀ ਹੈ। ਇਕੱਲਾ ਮਰਦ ਮੰਚ ਦੇ ਵਿਚਕਾਰ ਬਾਹਾਂ ਫੈਲਾਈ ਇਕੱਲਾ ਖੜ੍ਹਾ ਰਹਿ ਜਾਂਦਾ ਹੈ। ਉਸ ਦੇ ਸਾਹਮਣੇ ਨਵੇਂ ਆਸਮਾਨ ਹਨ। ਇਹਨਾਂ ਅਸਮਾਨਾਂ ਦੀ ਚੁਣੌਤੀ ਹੀ ਹੈ ਜਿਸ ਨੂੰ ਸਵੀਕਾਰਨ ਬਾਰੇ ਉਹ ਸੋਚ ਰਿਹਾ ਹੈ।

ਚੌਥਾ ਦ੍ਰਿਸ਼ ਥੀਮ-ਗੀਤ ਦੇ ਅੰਤਰੇ ਨੂੰ ਚੌਥੇ ਬੰਦ ਨਾਲ ਜੋੜ ਕੇ ਗਾਣ ਨਾਲ ਆਰੰਭ ਹੁੰਦਾ ਹੈ। ਇਹ ਚੌਥਾ ਬੰਦ ਇਸ ਪ੍ਰਕਾਰ ਹੈ: *"ਵਿਚ ਖਿਲਾਅ ਦੇ ਉਡਦੇ ਫਿਰਦੇ/ਖਿੱਚੋਂ ਵਿਰਵੇ ਸਾਰੇ/ਬੇਪਛਾਣ ਅਜਨਬੀ ਬਣ ਗਏ/ਸਭ ਦੇ ਸਭ ਸਹਾਰੇ।"* ਇਸ ਦ੍ਰਿਸ਼ ਦਾ ਆਰੰਭ ਬੀਚ ਦੀ ਰੇਤ ਉਤੇ ਤੁਰੇ

ਆਉਂਦੇ 'ਮਰਦ' ਤੇ 'ਪਤਨੀ' ਨਾਲ ਹੁੰਦਾ ਹੈ। ਪਤਨੀ ਨੇ ਪਿੰਕ ਜਾਗਿੰਗ ਸੂਟ ਪਾਇਆ ਹੋਇਆ ਹੈ ਅਤੇ ਮਰਦ ਨੇ ਚਿੱਟਾ ਟਰੈਕ ਸੂਟ। ਸਪਸ਼ਟ ਹੈ ਕਿ ਪਤਨੀ ਭਾਵਨਾਵਾਂ ਪੱਖੋਂ ਉਤੇਜਤ ਬਾਗ਼ੀਆਨਾ ਮੂਡ ਵਿਚ ਹੈ ਜਦਕਿ ਮਰਦ ਸ਼ਾਂਤ ਚਿੰਤਨ ਦੀ ਮੁਦਰਾ ਵਿਚ ਹੈ। ਇਸ ਸਥਿਤੀ ਵਿ ਕੁਦਰਤੀ ਹੈ ਸੰਵਾਦ ਦਾ ਆਰੰਭ 'ਪਤਨੀ' ਵਲੋਂ ਹੁੰਦਾ ਹੈ:

ਅੱਖਰ ਅੱਖਰ ਜੋੜ ਕੇ ਜਿਹੜਾ ਸ਼ਬਦ ਬਣਾਇਆ।
ਓਸ ਸ਼ਬਦ ਦਿਆਂ ਅਰਥਾਂ ਅੰਦਰ ਤੇਰੀ ਛਾਇਆ।...

ਮਰਦ ਦਾ ਪ੍ਰਸ਼ਨ ਹੈ: *"ਮਹਿਕ ਨੂੰ ਉਲਟੇ ਰੁੱਖ ਕੋਈ ਕਿਵੇਂ ਲਿਜਾ ਸਕਦਾ ਹੈ?"*...

ਪਤਨੀ ਦੀ ਬਗ਼ਾਵਤ ਦੇ ਸਪਸ਼ਟ ਐਲਾਨ ਤੇ ਡੁੱਲ੍ਹ ਡੁੱਲ੍ਹ ਪੈਂਦੀਆਂ ਭਾਵਨਾਵਾਂ ਮਰ ਨੂੰ ਨਾਲ ਹੀ ਰੋੜ੍ਹ ਲੈਂਦੀਆਂ ਹਨ। ਦੋਵੇਂ ਇਕੋ ਜ਼ੁਬਾਨ ਵਿਚ ਗਾ ਉੱਠਦੇ ਹਨ: *"ਅੱਖੀਂ ਸੁਪਨੇ/ਸੁਪ ਵਿਚ ਸੱਚ/...ਸੱਚ ਦੀਆਂ ਬਹਾਰਾਂ।"*...ਉਹਨਾਂ ਦੇ ਇਹ ਬੋਲ ਹਵਾਵਾਂ ਵਿਚ ਖਿੰਡ ਜਾਂਦੇ ਹਨ ਦੋਹਾਂ ਦੇ ਰੁਮਾਂਟਿਕ ਮੂਡ ਨੂੰ ਸਿਖਰ 'ਤੇ ਲਿਜਾਂਦੇ ਹਨ। ਇਹਨਾਂ ਬੋਲਾਂ ਦੀ ਪ੍ਰਤਿਧੁਨੀ ਹੌਲੀ ਹੌਲ ਗੂੰਜਦੀ ਹੈ ਤੇ ਇਸੇ ਦੌਰਾਨ ਹੀ ਇਸ ਦੇ ਦਮਨ ਲਈ ਕਾਲੇ ਜਾਗਿੰਗ ਸੂਟ ਵਿਚ ਪਤੀ ਦਾ ਪ੍ਰਵੇ ਹੁੰਦਾ ਹੈ। ਉਸ ਦੀ ਨਜ਼ਰ ਪਤਨੀ ਅਤੇ ਮਰਦ ਉੱਤੇ ਪੈਂਦੀ ਹੈ। ਪਤਨੀ ਮਰਦ ਦੇ ਕੰਨ ਵਿਚ ਕੁ ਕਹਿ ਕੇ ਜਾਗਿੰਗ ਕਰਦੀ ਮੰਚ ਦੇ ਦੂਜੇ ਪਾਸਿਓਂ ਬਾਹਰ ਚਲੀ ਜਾਂਦੀ ਹੈ। ਮਰਦ ਦੇ ਕੰਨ ਵਿ ਪਤਨੀ ਨੇ ਜੋ ਕਿਹਾ, ਉਸ ਦਾ ਸਮਾਜ ਤੇ ਪਤੀ ਦੋਹਾਂ ਤੋਂ ਓਹਲਾ ਰੱਖਿਆ ਗਿਆ ਹੈ। ਮਰ ਦੇ ਕੰਨ ਵਿਚ ਕਹਿਣ ਦਾ ਮਤਲਬ ਇਹੀ ਹੈ ਕਿ ਉਸ ਦਾ ਰਾਜ਼ਦਾਰ ਕੇਵਲ ਮਰਦ ਹੈ, ਪਤੀ ਸਮਾਜ ਨਹੀਂ। ਉਹ ਮੰਚ ਉੱਤੇ ਉਸ ਪਾਸਿਉਂ ਬਾਹਰ ਨਹੀਂ ਜਾਂਦੀ ਜਿੱਧਰੋਂ ਪਤੀ ਆਇਆ ਹੈ ਜਿੱਧਰ ਉਸ ਦਾ ਘਰ ਹੈ। ਉਹ ਦੂਜੇ ਪਾਸਿਉਂ ਬਾਹਰ ਜਾਂਦੀ ਹੈ। ਇਹ ਸੰਕੇਤ ਹੈ ਕਿ ਹੁਣ ਉ ਪਤੀ ਨਾਲੋਂ ਵੱਖਰੇ ਰਸਤੇ ਵੱਲ ਕਦਮ ਪੁੱਟ ਰਹੀ ਹੈ। ਇਹ ਸਥਿਤੀ ਪਹਿਲਾਂ ਹੀ ਪਰੇਸ਼ਾਨ ਪ ਦੇ ਗੁੱਸੇ ਨੂੰ ਭੜਕਾਂਦੀ ਹੈ ਤੇ ਉਹ 'ਮਰਦ' ਨੂੰ ਧੌਣੋਂ ਫੜ ਕੇ ਸੰਬੋਧਤ ਹੁੰਦਾ ਹੈ:

ਧੌਣੋਂ ਫੜ ਕੇ ਸਾਗਰ ਦੇ ਵਿਚ ਡੋਬ ਦਿਆਂਗਾ।
ਅੱਖਾਂ ਕੱਢ ਕੱਢ ਵੇਖੇਂ ਮੈਨੂੰ
ਸਵਾਸ ਅਸਮਾਨੇ ਚਾੜ੍ਹ ਦਿਆਂਗਾ।

ਮਰਦ ਉਸ ਨੂੰ ਆਪਣਾ ਘਰ ਸੰਭਾਲਣ ਲਈ ਵੰਗਾਰਦਾ ਹੈ: *"ਦੂਜੇ ਨੂੰ ਡੋਬਣ ਤੋਂ ਪਹਿਲਾਂ/ਪਤ ਤਾਈਂ ਤਾਰਨਾ ਸਿੱਖ।"* ਪਤੀ ਗੁੱਸੇ ਵਿਚ ਚੀਕਦਾ ਹੈ: *"ਸਿੱਖਿਆ ਦੇਵੇ ਕਿੰਝ ਸ਼ੈਤਾਨ/ ਬੇਗਾਨੀਆਂ ਗ ਦਾ ਇਹ ਸਾਹਨ।"* ਮਰਦ ਤੇ ਪਤੀ ਦੇ ਸੰਵਾਦ ਦੇ ਪ੍ਰਮੁੱਖ ਵੇਰਵੇ ਕੁਝ ਇਸ ਪ੍ਰਕਾਰ ਹਨ:

ਮਰਦ : *ਗੁੱਸਾ ਛੱਡ ਦਲੀਲ ਅਪਣਾ ਲੈ*
ਤੇਰੇ ਮਨ ਜੋ, ਸੋ ਸੋ ਕਹਿ ਲੈ।

ਪਤੀ : *ਤੈਨੂੰ ਸ਼ਰਮ ਰਤਾ ਨਾ ਆਵੇ*
ਕੀ ਤੇਰਾ ਕਿਰਦਾਰ...
ਤੇਰੇ ਘਰ ਪਤਨੀ, ਦੋ ਬੱਚੇ
ਦੇਸ਼ ਤਾਂ ਛੱਡਿਆ, ਉਹ ਵੀ ਛੱਡੇ।

ਮਰਦ : *ਨੇਰ੍ਹੇ ਦੇ ਵਿਚ ਵਿਚਰ ਰਿਹਾ ਸਾਂ*
ਮਾਂ ਬਾਪ ਨੇ ਗੰਢਾਂ ਬੰਨ੍ਹੀਆਂ
ਅੱਖ ਅਜੇ ਖੁੱਲ੍ਹੀ ਨਾ ਮੇਰੀ
ਪਸ਼ੂਆਂ ਵਾਂਗੂ ਬੱਚੇ ਹੋ ਗਏ।

ਪਤੀ : *ਪਤਨੀ ਝੱਲਿਆ ਤੇਰਾ ਚੜ੍ਹਾ*
ਉਸ ਵਿਚ ਹੜਿਆ ਤੇਰਾ ਸ਼ੁਦਾ।
ਬੱਚਿਆਂ ਦਾ ਦੱਸ ਕੀ ਕਸੂਰ?
ਕੀ ਇਹ ਹੀ ਤੇਰਾ ਦਸਤੂਰ?

ਮਰਦ : *ਤਨ ਨੂੰ ਤਨ ਨੇ ਤਨ ਤਕ ਤੱਕਿਆ*
ਮਨ ਦਾ ਕੋਈ ਦੀਪ ਨਾ ਜਗਿਆ।

ਮਨ ਬਿਨ ਕਾਹਦੇ ਰਿਸ਼ਤੇ ਯਾਰਾ
ਮਨ ਬਿਨ ਕਦੇ ਵੀ ਮੀਤ ਨਾ ਮਿਲਿਆ।

ਪਤੀ : *ਚਿੱਟੇ ਚੰਮ ਨੂੰ ਮਨ ਕਹਿੰਦਾ ਹੈਂ?*
ਸੂਤ ਜਿਵੇਂ ਨਾਉਂ ਧਰ ਲੈਂਦਾ ਹੈ...
ਰਿਸ਼ਤਾ ਤੇਰਾ ਆਦਮ ਖੋਰ
ਤਿੰਨ ਜਾਨਾਂ ਨੂੰ ਖਾ ਜਾਵੇਗਾ...
ਨਿਰਦੋਸ਼ਾਂ ਨੂੰ ਚਾੜ੍ਹ ਕੇ ਸੂਲੀ
ਮਨ ਦਾ ਮੀਤ ਦੱਸ ਕੀ ਪਾਵੇਗਾ?

ਮਰਦ : *ਮੇਰੇ ਅੰਦਰ ਮੀਤ ਹੈ ਮੇਰਾ*
ਅੰਬਰ ਜੇਡਾ ਗੀਤ ਹੈ ਮੇਰਾ।

ਪਤੀ : *ਲਾਸ਼ਾਂ ਦੀ ਸੜ੍ਹਿਆਂਦ ਆਵੇਗੀ*
ਤੈਨੂੰ, ਉਸ ਨੂੰ, ਖਾ ਜਾਵੇਗੀ
ਗੁਨਾਹਗਾਰ ਹੈਂ ਤੂੰ ਉਹਨਾਂ ਦਾ।

ਮਰਦ : *ਮੈਂ ਨਾ ਗੁਨਾਹਗਾਰ ਕਿਸੇ ਦਾ*
ਕਾਮ ਇਸਤਰੀ ਦਾ ਹੈ ਖਾਸਾ...
ਜਿਸਮ ਹੰਢਾਏ, ਵਟਿਆ ਪਾਸਾ...
ਰਿਸ਼ਤੇ ਮਨ ਦੇ ਹਾਣ ਬਣਾਵਣ
ਇਹਨਾਂ ਦੀ ਪਹਿਚਾਣ ਬਣਾਵਣ...

ਉਪਰੋਕਤ ਸੰਵਾਦ ਮਰਦ ਪ੍ਰਧਾਨ ਸਮਾਜ ਦੀ ਨਾਰੀ ਪ੍ਰਤੀ ਵਿਕ੍ਰਿਤ ਸੋਚ ਨੂੰ ਉਜਾਗਰ ਕਰਦਾ ਹੈ। ਇਸ ਵਿਚਲੇ ਪਤੀ ਦੇ ਪਤਨੀ ਨੂੰ ਇਕ ਵਸਤੂ ਸਮਝਣ ਵਰਤਣ ਨਾਲ ਹੀ ਤਾਂ ਪਤਨੀ ਬਗ਼ਾਵਤ ਦੇ ਰਾਹ ਤੁਰੀ ਹੈ, ਪਰ ਜਿਸ ਨੂੰ ਉਹ ਮਨ ਦਾ ਮੀਤ ਬਣਾ ਰਹੀ ਹੈ, ਉਸ ਦੀ ਸੋਚ ਵਿਚ ਵੀ ਕਾਣ ਹੈ। ਉਹ ਨਾਰੀ ਨੂੰ ਕਾਮ ਤਕ ਸੀਮਤ ਕਰ ਕੇ ਹੀ ਵੇਖ ਰਿਹਾ ਹੈ। ਉਹ ਸਮਝਦਾ ਹੈ ਕਿ 'ਨਾਰੀ ਜਿਸਮ ਹੰਢਾ ਕੇ ਪਾਸਾ ਵੱਟਣ ਵਾਲਾ ਜੀਵ' ਹੀ ਹੈ। ਉਹ ਭਾਰਤ ਵਿਚੋਂ ਬਦੇਸ਼ੀ ਧਰਤੀ ਉੱਤੇ ਆਇਆ ਹੈ। ਹੋਸ਼ ਸੰਭਾਲਣ ਤੋਂ ਪਹਿਲਾਂ ਕੱਚੀ ਉਮਰੇ ਮਾਂ ਪਿਓ ਨੇ ਮਨ ਮਰਜ਼ੀ ਨਾਲ ਉਸ ਨੂੰ ਵਿਆਹ ਦੇ ਬੰਧਨ ਵਿਚ ਬੰਨ੍ਹ ਦਿੱਤਾ। ਹੋਸ਼ ਆਉਣ ਤਕ ਉਸ ਦੇ ਦੋ ਬੱਚੇ ਵੀ ਹੋ ਗਏ। ਰੁਜ਼ਗਾਰ ਖਾਤਰ ਪਰਦੇਸ ਆ ਗਿਆ। ਮਰਦ ਔਰਤ ਦੇ ਖੁਲ੍ਹੇ ਸੰਪਰਕ ਨਾਲ ਉਸ ਦੇ ਪੈਰ ਉਖੜ ਰਹੇ ਹਨ। ਉਹ ਪਤਨੀ ਤੇ ਦੋਵੇਂ ਬੱਚਿਆਂ ਨੂੰ ਮਨ ਦੇ ਮੀਤ ਖਾਤਰ ਛੱਡ ਦੇਣ ਲਈ ਤਿਆਰ ਹੈ। 'ਪਤੀ' ਭਾਵੇਂ ਆਪਣੀ ਪਤਨੀ ਦੇ ਪ੍ਰਸੰਗ ਵਿਚ ਕਸੂਰਵਾਰ ਹੈ, ਪਰੰਤੂ ਉਸ ਦੀ ਸੋਚ ਤੇ ਦਲੀਲ ਮਰਦ ਦੀ ਪਤਨੀ ਤੇ ਬੱਚਿਆਂ ਪ੍ਰਤਿ ਪਹੁੰਚ ਪੱਖੋਂ ਸਾਰਥਕ, ਸਵਸਥ ਤੇ ਵਿਵੇਕਪੂਰਨ ਹੈ।

ਰਵੀ ਦੀ ਇਹ ਪਾਤਰ ਚੋਣ ਨਾਰੀ ਦੀ ਤ੍ਰਾਸਦੀ ਨੂੰ ਤ੍ਰਾਸਦਕ ਸੰਭਾਵਨਾਵਾਂ ਤਕ ਫੈਲਾਣ ਵਾਲੀ ਹੈ। ਉਹ ਪਤਨੀ ਦੇ ਮਨ ਦੇ ਮੀਤ ਵਜੋਂ ਕੋਈ ਆਦਰਸ਼ ਪਾਤਰ ਨਹੀਂ ਲੈ ਰਿਹਾ। ਉਸ ਵੱਲੋਂ ਪੇਸ਼ ਮਨ ਦਾ ਮੀਤ ਕਿਸੇ ਹੋਰ ਪਤਨੀ ਦਾ ਘਰ ਉਜਾੜ ਰਿਹਾ ਹੈ। ਉਹ ਆਪਣੀ ਪਤਨੀ ਤੇ ਬੱਚਿਆਂ ਦਾ ਕਸੂਰਵਾਰ ਹੈ। ਅਜਿਹੀ ਕਾਣ ਵਾਲੇ ਮਰਦ ਨੂੰ ਮੀਤ ਵਜੋਂ ਅਪਨਾ ਕੇ ਸਿਰਜਿਆ ਨਵਾਂ ਰਿਸ਼ਤਾ ਕਿੰਨੀ ਕੁ ਦੇਰ ਨਿਭੇਗਾ? ਕਿਵੇਂ ਨਿਭੇਗਾ? ਇਸ ਨਾਲ ਕੀ ਨਵੀਆਂ ਤ੍ਰਾਸਦਕ ਸਥਿਤੀਆਂ ਨਹੀਂ ਪੈਦਾ ਹੋਣਗੀਆਂ? ਕੀ ਇਕ ਪਤਨੀ ਨੂੰ ਛੱਡਣ ਵਾਲਾ ਦੂਜੀ ਨੂੰ ਨਹੀਂ ਛੱਡ ਜਾਵੇਗਾ? ਤੇ ਕੀ ਇਕ ਪਤੀ ਨੂੰ ਛੱਡਣ ਵਾਲੀ ਪਤਨੀ ਦੂਜੇ ਮਰਦ ਨੂੰ ਨਹੀਂ ਛੱਡ ਜਾਵੇਗੀ? ਇਸ ਤ੍ਰਾਸਦਕ ਯਥਾਰਥ ਨੂੰ ਪੇਸ਼ ਕਰਨ ਵਾਲੀ ਹੈ, ਇਹ ਪਾਤਰ ਚੋਣ। ਇਸ ਦੌਰਾਨ ਪਤੀ ਤੇ ਮਰਦ ਦੋਹਾਂ ਦੇ ਚਰਿੱਤਰ ਅਤੇ ਸੰਵਾਦ ਨੂੰ ਉੱਤਰ-ਆਧੁਨਿਕ ਲੀਹਾਂ ਉੱਤੇ ਸਿਰਜਿਆ ਹੈ। ਦੋਹਾਂ ਦੇ ਮਾੜੇਪਣ ਵਿਚ ਵੀ ਕਿਤੇ ਕੁਝ ਚੰਗਾ ਹੈ। ਦੋਹਾਂ ਦੇ ਚੰਗੇਪਣ ਵਿਚ ਵੀ ਕਿਤੇ ਕੁਝ ਮਾੜਾ ਹੈ। ਦੋਵੇਂ ਆਪੋ ਆਪਣੀਆਂ ਸੀਮਾਵਾਂ ਵਿਚ ਬੱਝੇ ਹਨ। ਪਤੀ ਨੂੰ ਗੁੱਸਾ ਤੇ ਪਰੇਸ਼ਾਨੀ ਹੈ ਕਿ ਉਸ ਦੀ ਪਤਨੀ ਪਰਾਏ ਮਰਦ ਵੱਲ ਝੁਕ ਰਹੀ ਹੈ। ਮਰਦ ਆਪਣੀ ਪਤਨੀ ਅਤੇ ਬੱਚਿਆਂ ਨੂੰ ਛੱਡ ਕੇ ਕਿਸੇ ਹੋਰ ਦੀ ਪਤਨੀ ਨਾਲ ਸਾਥ ਜੋੜਨ ਦੀ ਸੋਚ ਰਿਹਾ ਹੈ। ਮਰਦ ਦਾ ਤਰਕ ਹੈ:

ਰਿਸ਼ਤੇ ਮਨ ਦੇ ਹਾਣ ਬਣਾਵਣ
ਇਹਨਾਂ ਦੀ ਪਹਿਚਾਣ ਬਣਾਵਣ।

ਮਰਦ ਤੇ ਪਤੀ ਦੋਵੇਂ ਆਪੋ ਆਪਣੀ ਥਾਂ ਤਣੇ ਖਲੋਤੇ ਹਨ ਅਤੇ ਇਸੇ ਸਿਖਰ ਉੱਤੇ ਦ੍ਰਿਸ਼ ਖਤਮ ਹੋ ਜਾਂਦਾ ਹੈ।

ਪੰਜਵਾਂ ਦ੍ਰਿਸ਼ ਥੀਮ ਗੀਤ ਦੇ ਅੰਤਰੇ ਨਾਲ ਉਸ ਗੀਤ ਦਾ ਪੰਜਵਾਂ ਬੰਦ ਜੋੜ ਕੇ ਗਾਣ ਨਾਲ ਆਰੰਭ ਹੁੰਦਾ ਹੈ। ਇਹ ਬੰਦ ਇਉਂ ਹੈ: *"ਮਨ ਦੀ ਭਾਸ਼ਾ ਬੋਲੇ ਜਿਹੜਾ/ਉਸ ਨੂੰ ਕਾਫ਼ਰ ਕਹਿੰਦੇ/ ਖਿੜਕੀਆਂ ਬੰਦ, ਭੀੜੀਆਂ ਨਜ਼ਰਾਂ/ਬੰਦੇ ਕਿੱਥੇ ਰਹਿੰਦੇ?"*

ਹੁਣ ਮੰਚ ਉੱਤੇ ਹਨੇਰਾ ਹੈ। ਹਨੇਰੇ ਵਿਚ ਘਿਰਿਆ ਮਰਦ ਹੈ। ਉਹ ਹਨੇਰੇ ਵਿਚੋਂ ਹੀ ਉਭਰਦਾ ਹੈ ਜਿਵੇਂ ਉਹ ਹਨੇਰੇ ਚੀਰ ਕੇ ਰਾਹ ਬਣਾ ਰਿਹਾ ਹੈ ਜਾਂ ਚਾਨਣ ਵਿਚੋਂ ਹੀ ਕੋਈ ਰਾਹ ਉਸ ਨੂੰ ਮਿਲ ਰਿਹਾ ਹੈ। ਇਸ ਦੌਰਾਨ ਉਦਾਸ ਸੁਰ ਵਿਚ ਗੀਤ ਦੇ ਬੋਲ ਉਭਰਦੇ ਹਨ: *ਅਸੀਂ ਤਾਂ ਆਪਣਾ ਦੀਪ ਜਗਾਇਆ...*। ਗੀਤ ਦੇ ਸਮਾਪਤ ਹੁੰਦਿਆਂ ਹੁੰਦਿਆਂ ਪਤਨੀ ਪ੍ਰਗਟ ਹੁੰਦੀ ਹੈ ਤੇ ਪੁੱਛਦੀ ਹੈ: *"ਕਿਸ ਦਾ ਦੀਪ ਜਗਾ ਕੇ ਬੈਠਾ? ਕਿਸ ਨੂੰ ਕੋਲ ਬਿਠਾ ਕੇ ਬੈਠਾ?"* ਮਰਦ ਦਾ ਉੱਤਰ ਹੈ- *"ਮੇਰੇ ਦੀਪ 'ਚ ਤੇਰੀ ਲੋਅ ਹੈ। ਤੇਰੀ ਲੋਅ 'ਚ ਡੁੱਲ੍ਹਦਾ ਮੋਹ ਹੈ।"* ਇਸ ਸਪਸ਼ਟ ਸੰਵਾਦ ਉੱਤੇ ਗੱਲ ਮੁਕਾਣ ਦੀ ਥਾਂ ਇਹ ਦ੍ਰਿਸ਼ ਪਤਨੀ ਦੇ ਵਿਵਹਾਰ, ਉਸ ਦੀ ਸੋਚ ਅਤੇ ਉਸ ਪ੍ਰਤਿ ਮਰਦ ਦੇ ਬਦਲਦੇ ਪ੍ਰਤਿਕਰਮ ਦੀ ਵਿਸਥਾਰ ਨਾਲ ਪੇਸ਼ਕਾਰੀ ਕਰਦੇ ਹੋਏ ਸਥਿਤੀਆਂ ਦੇ ਵਿਵੇਕ ਨੂੰ ਸਾਡੇ ਸਾਹਮਣੇ ਰੱਖਦਾ ਹੈ ਕਿ ਪਤਨੀ ਆਖਰ ਬਗ਼ਾਵਤ ਦੇ ਰਾਹ ਕਿਉਂ ਪੈ ਰਹੀ ਹੈ। ਉਹ ਆਖਦੀ ਹੈ: *ਮੇਰਾ ਪਤੀ ਹੁਣ ਪਤੀ ਰਿਹਾ ਨਾ/ਪੈਸਿਆਂ ਦੀ ਮਸ਼ੀਨ ਬਣ ਗਿਆ/ਡਾਲਰ ਖਾਵੇ, ਡਾਲਰ ਉਗਲੇ/ਵਿਚ ਕਸੀਨੋ ਜਿੱਤ ਹਰ ਗਿਆ/...ਔਰਤ ਨਿੱਘੀ ਬੁੱਕਲ ਮੰਗੇ/ਪਤੀ ਸੁੰਗੜਿਆ ਚੜ੍ਹੀਆਂ ਠਾਰਾਂ/ਤਣਨੋਂ ਪਹਿਲਾਂ ਉਹ ਝੁਕ ਜਾਵੇ।"*...ਪਤਨੀ ਦੇ ਬੋਲ ਇਕ ਪਾਸੇ ਪਤੀ ਦੀ ਪੈਸੇ ਪਿੱਛੇ ਉਲਾਰ ਭਟਕਣ ਨੂੰ ਉਸ ਦਾ ਦੋਸ਼ ਦੱਸਦੇ ਹਨ ਅਤੇ ਦੂਜੇ ਪਾਸੇ ਉਸ ਤੋਂ ਜਿਨਸੀ ਅਸੰਤੁਸ਼ਟੀ ਵੱਲ ਸਪਸ਼ਟ ਸੰਕੇਤ ਕਰਦੇ ਹਨ। ਪੱਛਮੀ ਤਰਜ਼-ਏ-ਜ਼ਿੰਦਗੀ ਦੀਆਂ ਇਹ ਬੜੀਆਂ ਉਘੜਵੀਆਂ ਅਲਾਮਤਾਂ ਹਨ। ਆਪਣੇ ਕਾਮ-ਜੀਵਨ ਬਾਰੇ ਅਜਿਹੀ ਬੇਬਾਕ ਸੁਰ ਵਿਚ ਗੱਲ ਪੱਛਮ ਦੀ ਔਰਤ ਹੀ ਕਰ ਸਕਦੀ ਹੈ, ਪੰਜਾਬਣ ਨਹੀਂ। ਪੰਜਾਬ ਤੋਂ ਗਏ ਮਰਦ ਨੂੰ ਵੀ ਇਹ ਬੋਲ ਓਪਰੇ ਲਗਦੇ ਹਨ। ਇਸ ਲਈ ਉਹ 'ਪਤਨੀ' ਨੂੰ ਮੋੜਵੇਂ ਪ੍ਰਸ਼ਨ ਕਰਦਾ ਹੈ: *"ਤੇਰਾ ਰਸਤਾ ਕਿਧਰ ਜਾਵੇ? ਭੁੱਲੇ ਖੁਦ? ਜਾਂ ਰਾਹ ਦਿਖਲਾਵੇ?"* ਦੋਹਾਂ ਦਾ ਅਗਲਾ ਸੰਵਾਦ ਕੁਝ ਇਹਨਾਂ ਲੀਹਾਂ ਉੱਤੇ ਹੈ:

ਪਤਨੀ : *ਮੈਂ ਨਾ ਪਾਣੀ, ਭਰਮ ਹਾਂ ਜਲ ਦਾ।*
ਹਰ ਪਿਆਸੇ ਲਈ ਸੁਪਨਾ ਜਲ ਦਾ।

ਮਰਦ : *ਬੱਦਲ ਬਣ ਕੇ ਵਸ ਸਕਦਾ ਹਾਂ।*
ਤੈਨੂੰ ਰਸਤਾ ਦੱਸ ਸਕਦਾ ਹਾਂ...
ਸਾਰੀ ਕੁਦਰਤ ਤੇਰੇ ਦਰ 'ਤੇ
ਸੁਪਨੇ ਤੋਂ ਸੱਚ ਬਣ ਸਕਦੀ ਹੈ।
ਤੇਰੀ ਤਲੀ 'ਤੇ ਫੂਕ ਮਾਰ ਕੇ
ਸੱਚ 'ਚੋਂ ਸੱਚ ਨੂੰ ਜਣ ਸਕਦੀ ਹੈ।

ਪਤਨੀ : *ਸੱਚ ਵੀ ਭਰਮ ਜੇਹਾ ਲਗਦਾ ਹੈ*
ਮੈਨੂੰ ਖੁਦ ਤੋਂ ਡਰ ਲਗਦਾ ਹੈ...
ਮੇਰਾ ਪਤੀ ਟਰੱਕ ਹੋ ਗਿਆ...

ਮਰਦ : *ਹਰ ਇਕ ਮਰਦ ਟਰੱਕ ਨਹੀਂ ਹੁੰਦਾ*
ਦਰਦ ਉੱਠੇ ਪੱਥਰ ਸਿਮ ਪੈਂਦਾ।

ਪਤਨੀ ਦੇ ਬੋਲ ਦੱਸਦੇ ਹਨ ਕਿ ਪਤੀ ਡਾਲਰ ਕਮਾਉਣ ਪਿੱਛੇ ਪਤਨੀ ਨੂੰ ਭੁਲ ਚੁੱਕਾ ਹੈ। ਉਸ ਦਾ ਪਤੀ ਨਾਲ ਰਿਸ਼ਤਾ ਇਕ ਵਸਤੂ ਵਰਗਾ ਰਹਿ ਗਿਆ ਹੈ। ਮਰਦ ਉਸ ਦੇ ਡਰ, ਭਰਮ ਦੂਰ ਕਰ ਕੇ ਦਿਲਾਸਾ ਦਿੰਦਾ ਹੈ ਤਾਂ ਪਤਨੀ ਨਾ ਕੇਵਲ ਫਿਸ ਪੈਂਦੀ ਹੈ, ਸਗੋਂ ਉਸ ਦੀਆਂ ਬਾਹਵਾਂ

ਵਿਚ ਡਿੱਗ ਪੈਂਦੀ ਹੈ। ਲਗਦਾ ਹੈ ਕਿ ਪਤਨੀ ਨੇ ਨਵੇਂ ਰਾਹ ਉੱਤੇ ਤੁਰਨ ਦਾ ਨਿਰਣਾ ਲਗਪਗ ਲੈ ਹੀ ਲਿਆ ਹੈ। ਇਸ ਲਈ ਨਵਾਂ ਦ੍ਰਿਸ਼ ਥੀਮ ਗੀਤ ਦੇ ਪਹਿਲੇ ਹੀ ਦੋ ਬੰਦਾਂ ਦੇ ਗਾਇਣ ਨਾਲ ਨਵੇਂ ਸਿਰਿਉਂ ਆਰੰਭ ਹੁੰਦਾ ਹੈ, ਤਾਂ ਕਿ ਕਥਾ-ਵਸਤੂ ਦੇ ਕੁਝ ਨਵੇਂ ਵਿਸਤਾਰ ਸਾਹਮਣੇ ਲਿਆਂਦੇ ਜਾਣ। ਇਸ ਨਵੇਂ ਦ੍ਰਿਸ਼ ਵਿਚ 'ਮਰਦ' ਬਾਰ ਦੇ ਇਕ ਖੂੰਜੇ ਵਿਚ ਬੈਠਾ ਬੀਅਰ ਦੀਆਂ ਚੁਸਕੀਆਂ ਭਰਦੇ ਹੋਏ, 'ਪਤਨੀ' ਦੀ ਉਡੀਕ ਕਰ ਰਿਹਾ ਹੈ। ਉਹ ਆਪਣੇ ਆਪ ਨੂੰ ਹੀ ਮੁਖਾਤਬ ਹੈ: *"ਮਨ ਤੇ ਤਨ ਦਾ ਗੋਰਖਧੰਦਾ/ਆਪਣੇ ਅੰਦਰ ਉਲਝ ਗਿਆ ਹੈ।...ਤਨ ਨੂੰ ਟੱਕਰ ਮਿਲ ਜਾਂਦਾ ਹੈ/ ਮਨ ਦੀ ਬਾਤ ਨਹੀਂ ਬਣਦੀ।"* ਏਸੇ ਦੌਰਾਨ 'ਪਤਨੀ' ਉੱਥੇ ਆ ਪਹੁੰਚਦੀ ਹੈ। ਦੋਵੇਂ ਹਮ-ਪਿਆਲਾ ਹੁੰਦੇ ਹਨ ਅਤੇ ਇਕੱਠੇ ਹੀ ਬੋਲਦੇ ਹਨ: *"ਇਕੋ ਬਾਰ 'ਚ ਬੈਠੇ ਆਪਾਂ/ਇਕੋ ਜਹੇ ਪਿਆਲੇ/ਇਕੋ ਜਹੇ ਹਨੇਰੇ ਏਥੇ/ਇਕੋ ਜਹੇ ਉਜਾਲੇ।"* ਇਹ ਬੋਲ ਦੋਹਾਂ ਦੀ ਮਨ ਦੇ ਹਾਣੀ ਤੋਂ ਬਿਨਾਂ ਦੀ ਇਕੋ ਜੇਹੀ ਸਥਿਤੀ ਦਾ ਬਖਾਨ ਹਨ। ਇਸ ਸਥਿਤੀ ਦੇ ਸੁਲਝਾਣ ਲਈ ਪਹਿਲ 'ਪਤਨੀ' ਹੀ ਕਰਦੀ ਹੈ: *"ਦੇਹ ਨੂੰ ਦੇਹ ਦੀ ਦੌਲਤ ਦੇਵੋ/ਮਨ ਨੂੰ ਦਿਓ ਫਕੀਰੀ।"* ਦੋਹਾਂ ਵਿਚ ਅਗਲਾ ਸੰਵਾਦ ਕੁਝ ਇੰਝ ਹੈ:

ਮਰਦ : *ਕਾਮਣਹਾਰੀ, ਕਾਮ ਦੀ ਮਾਰੀ?*

ਪਤਨੀ : *ਮਨ ਨਾਲ ਤਨ ਦੀ ਧੁਰ ਤੋਂ ਯਾਰੀ।...*
ਤੇਰੇ ਤਨ ਮੇਰਾ ਮਨ ਵਸਦਾ ਹੈ।

ਮਰਦ : *ਕੌਣ ਜੋ ਤੈਨੂੰ ਇਹ ਦਸਦਾ ਹੈ?*

ਪਤਨੀ : *ਦੱਸਿਆਂ ਰਸਤਾ ਨਜ਼ਰ ਨਾ ਆਵੇ।...*
ਮਨ ਦੇ ਰਸਤੇ, ਮਨ ਹੀ ਜਾਣੇ।

ਮਰਦ : *ਪਤਾ ਨਹੀਂ, ਕਿਉਂ ਹਰ ਪਾਸੇ ਹੀ*
ਦਿਸਦੇ ਦੁਬਿਧਾ ਦੇ ਪਰਛਾਵੇਂ
ਰੂਪ ਛਲਾਵਾ ਪਤਾ ਨਾ ਲੱਗੇ
ਕਦ ਆਵੇਂ ਤੂੰ, ਕਦ ਤੁਰ ਜਾਵੇਂ?...
ਤੇਰਾ ਬਣਦਾ ਬਣਦਾ ਕਿਧਰੇ
ਸਦਾ, ਸਦਾ ਲਈ ਮੁੱਕ ਨਾ ਜਾਵਾਂ।
ਪ੍ਰੇਮ ਕਹਾਣੀ ਤੋਰਨ ਲੱਗਾ
ਸਦਾ, ਸਦਾ ਲਈ ਰੁਕ ਨਾ ਜਾਵਾਂ।

ਪਤਨੀ : *ਜਦ ਵੀ ਬੰਦਾ ਡਰ ਜਾਂਦਾ ਹੈ*
ਤੁਰਿਆ ਤੁਰਿਆ ਖੜ੍ਹ ਜਾਂਦਾ ਹੈ

ਦੁਬਿਧਾ ਗ੍ਰਸਤ ਮਰਦ ਸਾਹਵੇਂ ਉਸ ਨੂੰ ਨਵੇਂ ਰਾਹਾਂ ਲਈ ਤਿਆਰ ਕਰਦੀ 'ਪਤਨੀ' ਦੇ ਬੋਲਾਂ ਨਾਲ ਹੀ ਇਹ ਦ੍ਰਿਸ਼ ਵੀ ਖਤਮ ਹੋ ਜਾਂਦਾ ਹੈ। ਅਗਲਾ ਦ੍ਰਿਸ਼ ਥੀਮ-ਗੀਤ ਦੇ ਦੁਹਰਾਅ ਵਾਲੇ ਅੰਤਰੇ ਨਾਲ ਦੂਜੇ ਬੰਦ ਦੇ ਗਾਇਣ ਨਾਲ ਆਰੰਭ ਹੁੰਦਾ ਹੈ। ਦ੍ਰਿਸ਼ ਦੀ ਸੈਟਿੰਗ ਪੱਛਮੀ ਸੁੱਖ ਸੁਵਿਧਾਵਾਂ ਵਾਲੇ ਇਕ ਧਨੀ ਪਰਿਵਾਰ ਦੇ ਡਰਾਇੰਗ ਰੂਮ ਦੀ ਹੈ। ਸਵੇਰ ਸਮੇਂ ਕਾਫ਼ੀ ਦੇ ਕੱਪ ਫੜੀ ਵਾਰੋ ਵਾਰੀ ਪਤੀ/ਪਤਨੀ ਇਕ ਦੂਜੇ ਦੇ ਆਹਮੋ ਸਾਹਮਣੇ ਵੱਖ-ਵੱਖ ਸੋਫ਼ਿਆਂ ਉੱਤੇ ਆ ਬਹਿੰਦੇ ਹਨ। ਆਹਮੋ ਸਾਹਮਣੇ ਤੇ ਵੱਖ-ਵੱਖ ਦੀ ਸਥਿਤੀ, ਦੋਹਾਂ ਦੀ ਮਾਨਸਿਕਤਾ ਦੇ ਟਕਰਾਓ ਉਪਰੰਤ ਵੱਖ ਹੋਣ ਦਾ ਬਾਹਰਮੁਖੀ ਪ੍ਰਗਟਾਵਾ ਹੀ ਹੈ। ਇਸ ਦੌਰਾਨ ਪਤਨੀ ਦੀ ਵੇਸ਼ਭੂਸ਼ਾ ਦਾ ਸੂਹਾ ਰੰਗ;, ਉਸ ਦੇ ਵੇਗਵਾਨ ਪੈਸ਼ਨ ਦਾ ਅਤੇ ਪਤੀ ਦੀ ਵੇਸ਼ਭੂਸ਼ਾ ਦਾ ਕਾਲਾ ਰੰਗ ਉਸ ਦੇ ਦਮਨ ਤੇ ਜਬਰ ਦਾ ਸੰਕੇਤਕ ਹੈ। ਪਤੀ ਦਾ ਉਬਾਸੀ ਲੈਣਾ, ਪਤਨੀ ਤੋਂ ਉਸਦੇ ਉਕਤਾਏ ਹੋਣ ਅਤੇ ਰੁਝੇਵਿਆਂ ਕਾਰਨ ਥੱਕੇ ਰਹਿਣ ਦਾ ਬਾਹਰਮੁਖੀ ਪ੍ਰਗਟਾਵਾ ਹੈ। ਦੋਹਾਂ ਵਿਚਕਾਰ ਵਾਰਤਾਲਾਪ ਦਾ ਆਰੰਭ ਪਤਨੀ ਵੱਲੋਂ ਹੁੰਦਾ ਹੈ। ਇਹ ਉਹਨਾਂ ਦੇ ਇਕ ਦੂਜੇ ਪ੍ਰਤੀ ਗਿਲਿਆਂ ਤੇ ਰੋਸਿਆਂ ਦੀ ਗੱਲ ਇਉਂ ਪੇਸ਼ ਕਰਦੀ ਹੈ:

ਪਤਨੀ : *ਸੁਪਨੇ ਵਾਂਗੂੰ ਤੈਨੂੰ ਮਿਲੀ ਸਾਂ।*
ਸੱਚ ਵਾਂਗ ਹੱਸ ਖਿੜੀ ਸਾਂ।...

ਤੂੰ ਹੀ ਤਾਂ ਸੈਂ ਹੋਂਦ ਮੇਰੀ
ਧੁਰੀ ਮੇਰੀ, ਮੇਰਾ ਆਧਾਰ...
ਜਿਸ ਸ਼ੀਸ਼ੇ ਵਿਚ ਮੈਂ ਤੇਰੇ ਨਾਲ
ਇਕ ਬ੍ਰਹਿਮੰਡ ਉਤਾਰ ਲਿਆ ਸੀ
ਅੱਜ ਉਹ ਸ਼ੀਸ਼ਾ ਤਿੜਕ ਗਿਆ।

ਇਹਨਾਂ ਬੋਲਾਂ ਨਾਲ ਹੀ ਉਹ ਸਿਸਕੀਆਂ ਲੈਂਦੀ ਰੋਣ ਲਗਦੀ ਹੈ। ਭਾਵੇਂ ਉਹ ਪਤੀ ਤੋਂ ਵੱਖ ਹੋਣ ਬਾਰੇ ਲਗਪਗ ਤੈਅ ਹੀ ਕਰ ਚੁੱਕੀ ਹੈ, ਪਰੰਤੂ ਇਸ ਦਾ ਉਸ ਨੂੰ ਦੁੱਖ ਵੀ ਹੈ। ਪਤ ਨੂੰ ਉਸਦੇ ਗਿਲੇ ਤੇ ਤਰਕ ਫਜ਼ੂਲ ਲਗਦੇ ਹਨ। ਉਹ ਕਹਿੰਦਾ ਹੈ:

ਤੇਰੀਆਂ ਗੱਲਾਂ ਊਲ ਜਲੂਲ/ਤੂੰ ਵਾਹਿਯਾਤ, ਤੂੰ ਫਜ਼ੂਲ/ਤੀਵੀਂ ਮਰਦ ਦਾ ਰਿਸ਼ਤਾ/ਭੋ ਦਾ ਹੀ ਰਿਸ਼ਤਾ ਹੈ/...ਔਰਤ, ਬੱਚੇ ਜੰਮਣ ਲਈ ਮਸ਼ੀਨ/ਨਾ ਉਹ ਅੰਬਰ/ਨਾ ਉਹ ਸਾਗਰ/ਨ ਹੀ ਉਹ ਜ਼ਮੀਨ। ਦੋਹਾਂ ਦਾ ਅਗਲਾ ਸੰਵਾਦ ਇਸ ਪ੍ਰਕਾਰ ਹੈ:

ਪਤਨੀ : ਤੂੰ ਕਹਿੰਦਾ ਸੈਂ/ਮੈਂ ਹੀ ਤੇਰੀ ਜਾਨ...
ਪਤੀ : ਗੱਲ ਦਾ ਹੁਨਰ ਤਾਂ ਗੱਲ ਤਕ ਸੀਮਤ...
ਪਤਨੀ : ਕੀ ਉਹ ਤੇਰਾ ਸ਼ਬਦ ਜਾਲ ਸੀ।
ਰਿਸ਼ਤਿਆਂ ਨੂੰ ਗੰਦੀ ਗਾਲ੍ਹ ਸੀ।
ਪਤੀ : ਔਰਤ ਹੋਣ ਦਾ ਇਕੋ ਮਕਸਦ
ਮਰਦਾਂ ਲਈ ਬਣਨਾ ਮਨੋਰੰਜਨ।...
ਨਰ ਮਦੀਨ ਬਿਨ, ਰੰਗ ਨਾ ਬੱਝੇ
ਨਾ ਧੀ ਜੰਮੇ, ਨਾ ਪੁੱਤ ਜੰਮੇ।
ਪਤਨੀ : ਧੀ, ਪੁੱਤ ਗੋਦੀ ਲੈ ਲੈਂਦੋਂ
ਮੈਨੂੰ ਉਮਰ ਭਰ ਦੀ ਮੁਹੱਬਤ ਦਾ ਸੁਪਨਾ ਨਾ ਦੇਂਦੋਂ।
ਪਤੀ : ਗੱਲਾਂ ਨਾਲ ਹੀ ਤੈਨੂੰ ਤੋੜਿਆ ਜਾ ਸਕਦਾ ਸੀ।
ਹੋਰਨਾਂ ਤੋਂ ਜੁਦਾ ਕਰ, ਖੁਦ ਨਾਲ ਜੋੜਿਆ ਜਾ ਸਕਦਾ ਸੀ।
ਪਤਨੀ : ਤਾਂ ਇਹ ਸੁਆਰਥ ਸੀ ਤੇਰਾ?
ਔਰਤ ਅੰਦਰ ਮਾਂ ਹੀ ਨਹੀਂ
ਮਹਿਬੂਬ ਵੀ ਵਸਦੀ ਹੈ।
ਮਹਿਬੂਬ ਨੂੰ ਮਾਂ ਬਣਾ, ਰਿਸ਼ਤਾ ਤੋੜ ਲਿਆ।
ਆਪਣੀ ਭੁੱਖ ਤ੍ਰੇਹ ਨੂੰ, ਜਿਸਮਾਂ ਨਾਲ ਜੋੜ ਲਿਆ।
ਪਤੀ : ਤੂੰ ਸ਼ੱਕੀ, ਤੇਰੀ ਸੋਚ ਗੰਧਲੀ ਹੈ।...
ਕਾਮ ਹੀ ਨਹੀਂ, ਕਿੱਤਾ ਵੀ ਜ਼ਿੰਦਗੀ ਹੈ।...
ਇਕ ਟਰੱਕ ਤੋਂ ਕਈ ਟਰੱਕ ਬਣਾ ਲਏ...
ਅਜੇ ਤਾਂ ਲੈਣੇ ਨੇ ਬਹੁਤ ਟਰੱਕ...
ਛੱਡਣਾ ਪੈਂਦਾ ਹੈ ਬਹੁਤ ਕੁਝ, ਕੁਝ ਪਾਵਣ ਵਾਸਤੇ।
ਪਤਨੀ : ਤਾਂ ਫਿਰ ਮੈਂ ਤੇਰੀ ਮੰਜ਼ਲ ਹੀ ਨਹੀਂ
ਇਕ ਪੜਾ ਹੀ ਸਾਂ।...
ਪਤੀ : ਘਰ ਸੰਭਾਲ ਤੇ ਬੱਚੇ ਪਾਲ
ਆਉਂਦੇ ਜਾਂਦੇ ਗੇੜੇ ਮੈਂ ਵੀ
ਪੈ ਜਾਂਦਾ ਹਾਂ ਤੇਰੇ ਨਾਲ।
ਪਤਨੀ : ਜਿਸਮ ਤਕ ਸੀਮਤ ਹੈ ਕੀ ਤੇਰਾ ਰਿਸ਼ਤਾ...
ਮਨ ਦੇ, ਦਿਲ ਦੇ, ਰੂਹ ਦੇ ਹਾਣ ਦੀ, ਗੱਲ ਨਹੀਂ ਕਰਦਾ।
ਪਤੀ : ਮਤ ਤੇ ਰੂਹ ਨਾਲ ਢਿੱਡ ਨਹੀਂ ਭਰਦਾ
ਪਤਨੀ : ਤੂੰ ਜਿਸਮਾਂ ਤੋਂ ਉੱਪਰ ਨਾ ਉੱਠੋਂ
ਮੈਂ ਚਾਹਾਂ ਪਉਣਾਂ ਨੂੰ ਫੜਨਾ
ਤੂੰ ਮਾਇਆ ਦੀ ਗਿਣਤੀ ਮਿਣਤੀ
ਮੈਂ ਖੁਸ਼ਬੂਆਂ ਦਾ ਇਕ ਝਰਨਾ।

ਪਤੀ : ਤੂੰ ਜਿੱਥੇ ਜਾਣਾ ਹੈ ਜਾ
ਤੇਰੇ ਵਿਚ ਜੋ ਰੁਕ ਕੇ ਖੜ੍ਹ ਜਾਵੇ
ਐਸਾ ਨਹੀਂ ਹਾਂ, ਮੈਂ ਦਰਿਆ।...
ਕਿੱਤਾ ਹੀ ਸੰਤੁਸ਼ਟੀ ਮੇਰੀ
ਕਿੱਤਾ ਹੀ ਮੇਰਾ ਵਿਸ਼ਵਾਸ।
ਪਤਨੀ : ਕਿੱਤੇ ਨੂੰ ਹੀ ਪਤਨੀ ਆਪਣੀ, ਕਿੱਤੇ ਨੂੰ ਹੀ ਮਾਂ ਬਣਾ ਲੈ।
ਅੰਦਰ ਬਾਹਰ ਭਰਿਆ ਘਰ ਹੈ
ਪਤੀ : ਕੀ ਥੋੜਾਂ, ਦੱਸ ਕੀ ਚਾਹੀਦਾ?
ਪਤਨੀ : ਨਿਰਜਿੰਦ ਵਸਤਾਂ ਹੀ ਕੀ ਜੀਵਨ?...
ਪਸ਼ੂਉਂ ਬਣੇ ਇਨਸਾਨ ਤਾਂ ਜਾਣਾਂ।...
ਚੰਮ ਤੋਂ ਚੰਮ ਤਕ ਤੁਰੇ ਜੋ ਨਿਸਦਿਨ
ਮੇਰਾ ਸੁਪਨਾ ਹੋ ਨਹੀਂ ਸਕਦਾ...
ਖਿੜਾਂ ਖਿੜਾਵਾਂ ਸਹਿਜ ਸੁਹਜ ਵਿਚ
ਮਹਿਕੀ ਲੋਅ, ਅੰਧਿਆਰ ਨਹੀਂ ਹਾਂ।...
ਦਰ ਹਾਂ ਮੈਂ, ਦੀਵਾਰ ਨਹੀਂ ਹਾਂ।
ਸਵਸਥ ਸੋਚ, ਬੀਮਾਰ ਨਹੀਂ ਹਾਂ।...

ਇਹ ਸੰਵਾਦ ਦੋ ਸੋਚਾਂ ਦੇ ਟਕਰਾਅ ਦੀ ਸਿਖਰ ਹੈ। ਇਕ ਪਾਸੇ ਰੂਹ ਦੇ ਹਾਣ, ਸਹਿਜ ਸੁਹਜ, ਖੇੜੇ ਦੀ ਗੱਲ ਹੈ। ਔਰਤ ਦੀ ਪੂਰੀ ਦੀ ਪੂਰੀ ਜਿਊਂਦੀ ਜਾਗਦੀ ਹੋਂਦ ਦੀ ਸਵੀਕ੍ਰਿਤੀ ਦਾ ਹੱਠ। ਦੂਜੇ ਪਾਸੇ, ਉਸ ਨੂੰ ਭੋਗ ਦੀ ਵਸਤੂ ਮਾਤਰ ਮੰਨ ਕੇ ਉਸ ਨੂੰ ਪਦਾਰਥਕ/ਸਰੀਰਕ ਸੁੱਖਾਂ ਸੁਵਿਧਾਵਾਂ ਨਾਲ ਸੰਤੁਸ਼ਟ ਕਰਨ ਦਾ ਯਤਨ। ਪਤੀ ਦਾ ਪਤਨੀ ਨੂੰ ਹਰ ਸੁੱਖ ਸੁਵਿਧਾ ਦੇਣ ਦਾ ਦਾਅਵਾ ਪਤਨੀ ਨੂੰ ਵਿਅਰਥ ਲਗਦਾ ਹੈ। ਉਹ ਕਿੱਤੇ ਨੂੰ, ਮਾਇਆ ਲਈ ਭੱਜ-ਦੌੜ ਨੂੰ ਉਹੋ ਜੇਹਾ ਮਹੱਤਵ ਦੇਣ ਨੂੰ ਤਿਆਰ ਨਹੀਂ ਜੇਹੋ ਜਿਹਾ ਪਤੀ ਦਿੰਦਾ ਹੈ। ਇਸੇ ਤਕਰਾਰ ਵਿਚ ਇਹ ਦ੍ਰਿਸ਼ ਸਮਾਪਤ ਹੋ ਜਾਂਦਾ ਹੈ।

ਥੀਮ-ਗੀਤ ਦੇ ਮੁੱਖ ਅੰਤਰੇ ਨਾਲ ਛੇਵੇਂ ਬੰਦ ਦੇ ਗਾਇਣ ਨਾਲ ਅੰਤਿਮ ਦ੍ਰਿਸ਼ ਆਰੰਭ ਹੁੰਦਾ ਹੈ। ਪਤੀ ਪਤਨੀ ਦੇ ਤਕਰਾਰ ਉਪਰੰਤ ਨਾਈਟ-ਗਾਊਨ ਪਾਈ ਕਾਫ਼ੀ ਦੇ ਪਿਆਲੇ ਪੀ ਰਹੇ ਕੁਈਨ ਸਾਈਜ਼ ਬੈੱਡ ਕੋਲ ਇਕ ਦੂਜੇ ਨੂੰ ਨਿਹਾਰ ਰਹੇ ਮਰਦ ਤੇ ਪਤਨੀ ਇਕ ਦੂਜੇ ਨੂੰ ਵੇਖ ਕੇ ਮੁਸਕਰਾਂਦੇ ਹਨ। ਇਹ ਦੋਹਾਂ ਦੇ ਆਪੋ ਆਪਣੀ ਸਫਲਤਾ ਉੱਤੇ ਖੁਸ਼ ਹੋਣ ਦਾ ਸੰਕੇਤ ਹੈ। ਉਹਨਾਂ ਦਾ ਸੰਵਾਦ ਪਤੀ ਦੀ ਕਬਜ਼ੇ ਦੀ ਦ੍ਰਿਸ਼ਟੀ ਤੋਂ ਸ਼ੁਰੂ ਹੋ ਕੇ ਇਸ ਦੋਸ਼ਪੂਰਨ ਸੋਚ ਨਾਲ ਸਮਕਾਲੀ ਸਮਾਜਕ ਰਾਜਨੀਤਕ ਵਾਤਾਵਰਣ ਵਿਚ ਪੈਦਾ ਹੋਏ ਤਣਾਵਾਂ ਤੇ ਵਿਗਾੜਾਂ ਵੱਲ ਫੈਲਦਾ ਹੈ। ਪਤਨੀ ਦੀ ਵੇਸ਼ਭੂਸ਼ਾ ਦਾ ਸੂਹਾ ਰੰਗ ਤੇ ਮਰਦ ਦੀ ਵੇਸ਼ ਭੂਸ਼ਾ ਦਾ ਕਾਲਾ ਰੰਗ ਮੁੜ ਪਤਨੀ ਦੇ ਹਮਲਾਵਰ ਰੁਖ ਅਤੇ ਮਰਦ ਦੀ ਚਿੰਤਨਸ਼ੀਲ ਸ਼ਾਂਤ ਮੁਦਰਾ ਦੇ ਸੰਕੇਤਕ ਹਨ। ਦੋਹਾਂ ਦਾ ਸੰਵਾਦ ਇਸ ਪ੍ਰਕਾਰ ਹੈ:

ਪਤਨੀ : ਉਸ ਦੀਆਂ ਅੱਖਾਂ ਵਿਚ ਅੰਗਾਰੇ
ਮਨ, ਦਿਲ ਅੰਦਰ ਮਾਰੂ ਰੋਹ ਹੈ।
ਮਰਦ : ਤੈਨੂੰ ਪਾਵਣ ਨਾਲੋਂ ਉਸ 'ਤੇ
ਤੇਰੇ ਖੁੱਸਣ ਦਾ ਭੈ ਹਾਵੀ।...
ਤੈਂ 'ਤੇ ਕਬਜ਼ਾ ਕਰ ਨਹੀਂ ਸਕਦਾ।
ਤੈਂ 'ਤੇ ਕਬਜ਼ਾ ਜਰ ਨਹੀਂ ਸਕਦਾ।
ਪਤਨੀ : ਕਬਜ਼ੇ ਦੇ ਹਨ ਸਭ ਪੁਆੜੇ...
ਕਬਜ਼ੇ ਨੇ ਹੀ ਦੇਸ਼ਾਂ ਦੇ ਵਿਚ
ਕਬਜ਼ੇ ਨੇ ਹੀ ਕੌਮਾਂ ਦੇ ਵਿਚ
ਕਬਜ਼ੇ ਨੇ ਹੀ ਵਾਦਾਂ ਦੇ ਵਿਚ
ਛੇੜੇ ਯੁੱਧ ਵਿਵਾਦਾਂ ਅੰਦਰ।...
ਹਿਟਲਰ, ਟੋਜੋ, ਮਸੋਲੀਨੀ ਤੇ
ਇਕ ਤੋਂ ਵੱਧ, ਨਾ ਇਕ ਤੋਂ ਭਾਰੇ...
ਬੁਸ਼ ਇਤਿਹਾਸ ਨੇ ਪੈਦਾ ਕੀਤਾ

ਸੁਪਰਮੇਸੀ ਦੇ ਤੋੜਨ ਤਾਰੇ।
ਵਿਚ ਇਰਾਕ ਤੇ ਮਧ ਪੂਰਬ ਵਿਚ
ਜਿਧਰ ਜਾਵੇ, ਜ਼ਹਿਰ ਖਿਲਾਰੇ।...
ਦੋਗਲੀ ਨੀਤੀ, ਘੜੇ ਬਹਾਨੇ
ਜੋ ਅੜਦਾ ਇਹ ਉਸ ਨੂੰ ਮਾਰੇ...
ਪਾਕਿਸਤਾਨ 'ਚ ਇਸ ਕੀ ਕੀਤਾ?
ਬਿਨ ਲਾਦਨ ਕਿਸ ਪੈਦਾ ਕੀਤਾ?
ਰੂਸ ਹਰਾਵਣ ਖਾਤਰ ਦੱਸੋ
ਕਿਸ ਨੇ ਸਨ ਅਫ਼ਗਾਨ ਲਤਾੜੇ?...
ਕਬਜ਼ਾ, ਕਬਜ਼ਾ, ਕਬਜ਼ਾ ਲੋੜੇ
ਸਾਹਾਂ 'ਤੇ ਆਵਾਜ਼ 'ਤੇ ਕਬਜ਼ਾ
ਸ਼ਬਦਾਂ 'ਤੇ ਅਰਥਾਂ 'ਤੇ ਕਬਜ਼ਾ
ਸੁਰ 'ਤੇ ਕਬਜ਼ਾ, ਸਾਜ਼ 'ਤੇ ਕਬਜ਼ਾ।

ਮਰਦ : *ਕਬਜ਼ਾ ਅਸਰ ਰਸੂਖ 'ਤੇ ਕਬਜ਼ਾ*
ਉਤਪਾਦਨ ਵਿਕਰੀ ਤੇ ਕਬਜ਼ਾ।
ਵਿਸ਼ਵੀਕਰਨ, ਅਜਾਰਾਦਾਰੀ
ਤਾਕਤਵਰ ਦੀ ਇਹ ਸਰਦਾਰੀ

ਪਤਨੀ : *ਰਿਸ਼ਤੇ ਕਬਜ਼ਾ ਬਣ ਨਹੀਂ ਸਕਦੇ*
ਕਬਜ਼ੇ ਰਿਸ਼ਤਾ ਜਣ ਨਹੀਂ ਸਕਦੇ।
ਰਿਸ਼ਤੇ ਬਣਦੇ ਮਨ ਦੇ ਹਾਣੀ।
ਰਿਸ਼ਤੇ ਜਣਦੇ ਮਨ ਦੇ ਹਾਣੀ।

ਪਤਨੀ ਤੇ ਮਰਦ ਦਾ ਇਹ ਸੰਵਾਦ ਨਾਟਕ ਦੇ ਕੱਥ ਨੂੰ ਵਿਅਕਤੀਗਤ ਸੀਮਾਵਾਂ ਤੋਂ ਚੁੱਕ ਕੇ ਸਮਾਜਕ/ਰਾਜਨੀਤਕ ਦਿਸ਼ਾਵਾਂ ਵਿਚ ਫੈਲਾਂਦਾ ਹੈ। ਭਾਵੇਂ ਇਹ ਫੈਲਾਓ ਨਾਟਕ ਦੇ ਕਥਾ-ਵਸਤੂ ਦੀਆਂ ਸੀਮਾਵਾਂ ਵਿਚ ਬੱਝਣ ਕਾਰਨ ਸੀਮਤ ਹੈ, ਪਰੰਤੂ ਇਸ ਦਾ ਉਚਾਰ ਥੋੜ੍ਹੇ ਜਿਹੇ ਸੰਵਾਦਾਂ ਨਾਲ ਹੀ ਅਤਿ ਸ਼ਕਤੀਸ਼ਾਲੀ ਤਰੀਕੇ ਨਾਲ ਕਰਨ ਵਿਚ ਰਵੀ ਸਫ਼ਲ ਰਿਹਾ ਹੈ। ਇਸ ਉਚਾਰ ਵਿਚ ਪਤਨੀ ਤੇ ਮਰਦ ਦੀ ਸੋਚ ਅਤੇ ਦ੍ਰਿਸ਼ਟੀ ਇਕੋ ਹੈ। ਦੋਵੇਂ ਇਕ ਦੂਜੇ ਨਾਲ ਚਿੰਤਨ/ਭਾਵਨਾਵਾਂ/ਦ੍ਰਿਸ਼ਟੀ ਦੀ ਸਾਂਝ ਰੱਖਣ ਕਾਰਨ ਇਕ ਦੂਜੇ ਨਾਲ ਇਕ ਸੁਰ ਹੋ ਕੇ ਗਾ ਉਠਦੇ ਹਨ: *"ਰਿਸ਼ਤੇ ਮਹਿਕ ਜਿਉਂ ਵਿਚ ਹਵਾਵਾਂ/ਫੁੱਲ ਖਿੜਦੇ ਜਿਉਂ ਅੰਦਰ ਸਾਹਵਾਂ।"*

ਇਸੇ ਸਮੇਂ ਦਰਵਾਜ਼ੇ ਉੱਤੇ ਦਸਤਕ ਹੁੰਦੀ ਹੈ ਅਤੇ ਪਤੀ ਦਾਖਲ ਹੁੰਦਾ ਹੈ। ਹੱਥ ਵਿਚ ਪਿਸਤੌਲ। ਚਿਹਰੇ ਉੱਤੇ ਗੁੱਸਾ। ਉਹ ਪਹਿਲਾਂ ਮਰਦ ਤੇ ਫਿਰ ਪਤਨੀ ਵੱਲ ਨਿਸ਼ਾਨਾ ਸੇਧਣ ਦਾ ਯਤਨ ਕਰਦਾ ਹੈ, ਪਰ ਦੋਹਾਂ ਦਾ ਇਕ ਸੁਰ ਵਿਚ ਕੀਤਾ ਨਿਮਨ ਅੰਕਤ ਸਤਰਾਂ ਦਾ ਗਾਇਣ ਉਸ ਨੂੰ ਕੰਬਣੀ ਛੇੜ ਦਿੰਦਾ ਹੈ:

...ਜਦ ਜਦ ਰਿਸ਼ਤੇ ਮਨ ਤਨ ਦਿਲ ਤੋਂ
ਹੱਕ ਮੰਗਣ ਲਈ ਉੱਠ ਖਲੋਏ.
ਤਦ ਤਦ ਰੁਖ ਪਲਟੇ ਦਰਿਆਵਾਂ।...

ਪਤੀ ਦੇ ਹੱਥੋਂ ਪਿਸਤੌਲ ਡਿੱਗ ਪੈਂਦੀ ਹੈ। ਉਸ ਦੀ ਨਜ਼ਰ ਨੀਵੀਂ ਪੈ ਜਾਂਦੀ ਹੈ ਅਤੇ ਉਹ ਕਹਿ ਉੱਠਦਾ ਹੈ: *"ਦਸਤਕ ਦੇ ਕੇ ਦਰ ਖੜਕਾਇਆ/ਸ਼ਾਇਦ ਗ਼ਲਤ ਜਗ੍ਹਾ ਮੈਂ ਆਇਆ।"* ਪਤਨੀ ਇਸ ਦਾ ਮੂੰਹ-ਤੋੜ ਉੱਤਰ ਦਿੰਦੀ ਹੈ: *"ਇਸ ਦਰ ਤੋਂ ਇਕ ਰਸਤਾ ਜੇਕਰ/ਦਸਤਕ 'ਤੇ ਅੰਦਰ ਵੱਲ ਖੁੱਲ੍ਹੇ/ਭੁੱਲ ਮੰਨਣ 'ਤੇ ਉਹ ਹੀ ਰਸਤਾ/ਭੁੱਲੇ ਲਈ ਬਾਹਰ ਵੱਲ ਖੁੱਲ੍ਹੇ/ਦਰ ਦਾ ਖੁੱਲ੍ਹਣਾ ਤੇ ਬੰਦ ਹੋਣਾ/ਮਨ ਦੇ ਮੌਸਮ ਦੀਆਂ ਦਿਸ਼ਾਵਾਂ/ਮੱਥੇ ਸੂਰਜ ਬਲ ਉੱਠਦੇ ਨੇ। ਖੁੱਲ੍ਹ ਜਾਵਣ ਖ਼ੁਦ ਸਗਲ ਦਿਸ਼ਾਵਾਂ।"*

ਇਹੋ ਜਹੇ ਉੱਤਰ ਉਪਰੰਤ ਬਾਕੀ ਕੁਝ ਵੀ ਨਹੀਂ ਬਚਦਾ। ਪਤੀ ਹੌਲੀ ਹੌਲੀ ਦਰਵਾਜ਼ੇ ਵਿਚੋਂ ਬਾਹਰ ਨਿਕਲਣ ਲਗਦਾ ਹੈ ਤੇ ਰਿਸ਼ਤਿਆਂ ਦਾ ਸਵਸਥ ਵਿਵੇਕ ਪੇਸ਼ ਕਰਦੇ ਕਾਵਿ ਬੋਲਾਂ ਦੇ ਗਾਇਣ ਨਾਲ ਹੀ ਨਾਟਕ ਸਮਾਪਤ ਹੋ ਜਾਂਦਾ ਹੈ। ਮਰਦ ਤੇ ਪਤਨੀ ਮਿਲ ਕੇ ਦੂਰ ਅਸਮਾਨ ਵੱਲ ਵੇਖਦੇ ਦਿਸਦੇ ਹਨ। ਉਹਨਾਂ ਨੂੰ ਨਵੇਂ ਭਵਿੱਖ ਦੀ ਉਡੀਕ ਹੈ। ❑❑

[ਮਕਾਨ ਨੰਬਰ 2, ਗਲੀ ਨੰਬਰ 9, ਗੁਰੂ ਨਾਨਕ ਨਗਰ, ਪਟਿਆਲਾ]

ਕੇਸਰ ਸਿੰਘ ਨੀਰ ਦਾ ਕਾਵਿ-ਨਾਇਕ

ਚੰਦਰ ਮੋਹਨ

ਕਵਿਤਾ ਵਿਚ ਨਾਇਕ ਦੇ ਸਰੂਪ ਦਾ ਨਿਰਧਾਰਨ ਇਸ ਮਾਨਤਾ ਉੱਤੇ ਆਧਾਰਤ ਹੈ ਕਿ ਕੋਈ ਕਵੀ ਕਵਿਤਾ ਸਿਰਜਣ ਵੇਲੇ ਕਿਹਨਾਂ ਕਲਾਤਮਕ ਤੇ ਵਿਚਾਰਧਾਰਕ ਸ਼ਕਤੀਆਂ ਦਾ ਸਹਾਰਾ ਲੈ ਕੇ ਮਨੁੱਖੀ ਬਿੰਬ ਨੂੰ ਸਾਕਾਰਦਾ ਹੈ। ਇਸ ਪ੍ਰਸ਼ਨ ਦਾ ਸਿੱਧਾ ਸੰਬੰਧ ਕਵਿਤਾ ਨੂੰ ਜਨਮ ਦੇਣ ਵਾਲੀਆਂ ਕਲਾਤਮਕ ਅਤੇ ਸਮਾਜਕ ਸ਼ਕਤੀਆਂ ਨਾਲ ਜੁੜਿਆ ਹੋਇਆ ਹੈ। ਕਾਵਿ-ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਮੰਨਿਆ ਜਾਂਦਾ ਹੈ ਕਿ ਕਵਿਤਾ ਦੀ ਉਤਪਤੀ ਦਾ ਮੂਲ ਆਧਾਰ ਕਵੀ ਦੀ ਸਵੈ-ਪ੍ਰਗਟਾਅ ਦੀ ਇੱਛਾ ਹੁੰਦੀ ਹੈ। ਉਸਦੀ ਅਜਿਹੀ ਇੱਛਾ ਸਮਾਜ ਵਿਚ ਵਿਚਰਦੇ ਵਿਅਕਤੀਆਂ ਦੇ ਕਾਰਜਾਂ ਅਤੇ ਸਮਾਜ ਨੂੰ ਵੇਖਣ ਦੀ ਉਸਦੀ ਵਿਚਾਰਧਾਰਕ ਦ੍ਰਿਸ਼ਟੀ ਦੀ ਟੱਕਰ 'ਚੋਂ ਉਤਪੰਨ ਹੁੰਦੀ ਹੈ। ਇੰਝ ਟੱਕਰ, ਤਣਾਉ ਦੇ ਦਵੰਦ ਦੀ ਯੁੱਧ-ਭੂਮੀ ਕਵੀ ਦਾ ਕਲਪਨਾ ਜਗਤ ਬਣਦਾ ਹੈ। ਆਪਣੇ ਕਲਪਨਾ ਜਗਤ ਨੂੰ ਰੂਪ ਦੇਣ ਲਈ ਹੀ ਕਵੀ ਪ੍ਰਚੱਲਤ ਕਾਵਿ ਰੂਪਾਂ ਵਿਚੋਂ ਕਿਸੇ ਇਕ ਜਾਂ ਇਕ ਤੋਂ ਵੱਧ ਦੀ ਚੋਣ ਕਰਦਾ ਹੈ, ਜਿਹਨਾਂ ਰਾਹੀਂ ਉਹ ਵਿਅਕਤੀ ਦੀ ਸਮਾਜਕਤਾ ਅਤੇ ਕੁਦਰਤ ਦੀ ਸੁੰਦਰਤਾ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ ਵਿਅਕਤੀ ਤੇ ਪ੍ਰਕਿਰਤੀ ਦੇ ਚਿਤਰਣ ਰਾਹੀਂ ਕਿਸੇ ਵਿਸ਼ੇਸ਼ ਕਾਵਿ ਰੂਪਾਕਾਰ ਦੇ ਕਾਵਿਕ ਸੰਗਠਨ ਵਿਚ ਨਾਇਕ ਸਹਿਜ-ਭਾਂਤ ਪ੍ਰਵੇਸ਼ ਕਰ ਜਾਂਦਾ ਹੈ। ਦ੍ਰਿਸ਼ਟੀ-ਬਿੰਦੂ ਪੱਖੋਂ ਨਾਇਕ ਨੂੰ ਕਾਵਿਕ ਸੰਗਠਨ ਵਿਚ ਇਤਿਹਾਸਕ-ਮਿਥਿਹਾਸਕ, ਆਦਰਸ਼ਕ-ਰੁਮਾਂਸਕ, ਪਦਾਰਥਕ-ਯਥਾਰਥਕ-ਮਨੋਵਿਗਿਆਨਕ ਇਤਿਆਦਿ ਜੀਵਨ-ਦ੍ਰਿਸ਼ਟੀਆਂ ਦੇ ਆਧਾਰ ਉੱਤੇ ਵਿਚਰਨਾ ਪੈਂਦਾ ਹੈ। ਇਥੋਂ ਹੀ ਗੁਣਾਤਮਕ ਅਥਵਾ ਵਿਚਾਰਧਾਰਕ ਪੱਧਰ ਉੱਤੇ ਨਾਇਕ ਦੀ ਵਰਗ-ਵੰਡ ਸੁਨਿਸਚਤ ਹੋ ਜਾਂਦੀ ਹੈ। ਗਿਣਾਤਮਕ ਤੌਰ ਉੱਤੇ ਇਹ ਵਰਗ-ਵੰਡ ਵਿਅਕਤੀ-ਨਾਇਕ ਅਤੇ ਸਮੂਹ-ਨਾਇਕ ਵਜੋਂ ਕੀਤੀ ਜਾ ਸਕਦੀ ਹੈ। ਵਿਅਕਤੀ-ਨਾਇਕਾਂ ਵਿਚ ਇਕ ਸਾਧਾਰਨ ਵਿਅਕਤੀ ਤੇ ਵਿਸ਼ੇਸ਼ ਪ੍ਰਤਿਸ਼ਠਾ ਪ੍ਰਾਪਤੀ ਵਿਅਕਤੀ ਆ ਜਾਂਦੇ ਹਨ ਅਤੇ ਇੰਝ ਹੀ ਸਮੂਹ-ਨਾਇਕ ਨੂੰ ਆਮ ਲੋਕਾਈ ਤੇ ਵਿਸ਼ੇਸ਼ ਸਮਾਜਕ ਜਾਂ ਰਾਜਨੀਤਕ ਸੰਗਠਨ ਵਾਲੀ ਲੋਕਾਈ ਵਿਚ ਵੰਡਿਆ ਜਾ ਸਕਦਾ ਹੈ।

ਉਪਰੋਕਤ ਵਿਚਾਰਾਂ ਦੀ ਰੌਸ਼ਨੀ ਵਿਚ ਜਦੋਂ ਕੇਸਰ ਸਿੰਘ ਨੀਰ ਦੇ ਕਾਵਿ-ਨਾਇਕ ਦੀ ਤਲਾਸ਼ ਕਰੀਏ ਤਾਂ ਇਹ ਗੱਲ ਸਹਿਜੇ ਹੀ ਸਮਝ ਆ ਜਾਂਦੀ ਹੈ ਕਿ ਉਸਦਾ ਸਿਰਜਿਆ ਕਾਵਿ-ਨਾਇਕ ਉਸਦੇ ਕਵੀ-ਦਿਲ ਦੀ ਉਪਜ ਹੈ। ਸ਼ਾਇਦ ਕਵੀ-ਦਿਲ ਦੀ ਉਪਜ ਹੋਣ ਕਾਰਨ ਨੀਰ ਦੀ ਕਵਿਤਾ ਵਿਚ ਉਸਦਾ 'ਆਪਾ' ਨਾਇਕ ਦੇ ਤੌਰ 'ਤੇ ਵਿਚਰਦਾ ਹੈ। ਪਿਆਰ, ਇਸ਼ਕ ਤੇ ਇਹਨਾਂ ਤੋਂ ਉਪਜੀ ਪੀੜ ਨਾਲ ਸੰਬੰਧਤ ਕਵਿਤਾਵਾਂ ਦੀ ਸਿਰਜਣਾ ਕਰਦੇ ਨਾਇਕ ਦੇ ਭਾਵ ਲੋਕਾਈ ਨਾਲ ਰਲ਼ੇ-ਮਿਲੇ ਕੇਸਰ ਸਿੰਘ ਨੀਰ ਦੇ ਆਪੇ ਦਾ ਪ੍ਰਤਿਬਿੰਬ ਜਾਪਦੇ ਹਨ। ਨੀਰ ਦੀ ਕਵਿਤਾ ਆਤਮ ਸਿਰਜਣ ਦੀ ਕਵਿਤਾ ਹੈ। ਇਸੇ ਲਈ ਉਸਦੀ ਕਵਿਤਾ ਵਿਚੋਂ ਉਸ ਰਾਹੀਂ ਜੀਵੀ ਅਮਲੀ ਜ਼ਿੰਦਗੀ ਦਾ ਪ੍ਰਕਾਸ਼ ਸਾਫ਼-ਸਾਫ਼ ਦਿਖਾਈ ਦਿੰਦਾ ਹੈ। ਇਸ ਪ੍ਰਸੰਗ ਲਈ ਉਸ ਦੀਆਂ ਜੇਲ੍ਹ ਨਾਲ ਸੰਬੰਧਤ ਕਵਿਤਾਵਾਂ ਨੂੰ ਵਿਚਾਰਿਆ ਜਾ ਸਕਦਾ ਹੈ ਜਿਹਨਾਂ ਵਿਚੋਂ ਮੂਰਤੀਮਾਨ ਹੋਇਆ ਨਾਇਕ ਉਸਦੇ ਆਪੇ ਦੇ ਮਜ਼ਦੂਰ-ਮੁਲਾਜ਼ਮ-ਅਧਿਆਪਕ ਤੇ ਲੋਕ-ਪੱਖੀ ਲਹਿਰਾਂ ਦੀ ਕਰਮਸ਼ੀਲਤਾ ਦਾ ਪਰਤੌ ਹੀ ਹੈ। ਇੰਝ ਆਪੇ ਨੂੰ ਪੇਸ਼ ਕਰਨ ਦੇ ਬਾਵਜੂਦ ਕਲਾਤਮਕ ਪੱਧਰ ਉੱਤੇ ਕੇਸਰ ਸਿੰਘ ਨੀਰ ਦਾ ਕਾਵਿ-ਨਾਇਕ ਵਿਸ਼ੇਸ਼ ਮਾਨਵ ਦੇ ਜੀਵਨ ਬਿਰਤਾਂਤ ਨੂੰ ਪੇਸ਼ ਕਰਨ ਵਾਲਾ ਮਹਾਂ ਨਾਇਕ ਨਹੀਂ ਸਗੋਂ ਆਮ ਵਿਅਕਤੀ ਦੇ ਜੀਵਨ ਬਿਰਤਾਂਤਾਂ ਨੂੰ ਪੇਸ਼ ਕਰਨ ਵਾਲਾ ਸਾਧਾਰਨ ਨਾਇਕ ਹੋ ਨਿਬੜਦਾ ਹੈ। ਸਾਧਾਰਨ ਨਾਇਕ ਦੀ ਸਿਰਜਣਾ ਕਰਨ ਵਾਲੀ ਸਮਾਜਕ ਸ਼ਕਤੀ ਅਤੇ

ਕਾਵਿ-ਸ਼ੈਲੀ ਆਧੁਨਿਕ ਸਮਾਜ 'ਚੋਂ ਪਨਪੀ ਆਧੁਨਿਕ ਕਲਾ ਵਿਚੋਂ ਜਨਮਦੀ ਹੈ, ਜਿਸਦਾ ਵਿਚਾਰਧਾਰਕ ਮਕਸਦ ਬਾਹਰਮੁਖੀ ਅਤੇ ਅੰਦਰਮੁਖੀ ਦਬਾਵਾਂ ਦੇ ਬਾਵਜੂਦ ਘੱਟੋ-ਘੱਟ ਆਪਣੀ ਸਾਧਾਰਨ ਹੋਂਦ ਨੂੰ ਬਚਾਈ ਰੱਖਣ ਦੀ ਜੱਦੋ-ਜਹਿਦ ਵਿਚ ਪਏ ਰਹਿਣਾ ਹੈ।

ਕੇਸਰ ਸਿੰਘ ਨੀਰ ਦੀ ਕਵਿਤਾ ਤੇ ਗ਼ਜ਼ਲ ਦੇ ਅਨੇਕਾਂ ਕਾਵਿ-ਬੰਦ ਤੇ ਸ਼ਿਅਰ ਅਜਿਹੇ ਹੀ ਸਾਧਾਰਨ ਨਾਇਕ ਦੀ ਸਿਰਜਣਾਤਮਕ ਸ਼ਾਹਦੀ ਭਰਦੇ ਹਨ। ਇਕ ਤਰ੍ਹਾਂ ਨਾਲ ਇਹ ਸ਼ਾਹਦੀ ਉਸਦੀ ਕਲਾਤਮਕ ਤੇ ਵਿਚਾਰਧਾਰਕ ਪ੍ਰਤਿਬੱਧਤਾ ਨੂੰ ਪੇਸ਼ ਕਰਨ ਵਾਲਾ ਕਾਵਿ-ਸਿਧਾਂਤ ਹੈ। ਨੀਰ ਦੇ ਇਸ ਕਾਵਿ-ਸਿਧਾਂਤ ਨੂੰ ਸਪਸ਼ਟ ਕਰਦੀਆਂ ਕੁਝ ਮਿਸਾਲਾਂ ਲੈਂਦੇ ਹਾਂ:

ਦਿਲ-ਧਰਤੀ 'ਤੇ ਦਿਲਬਰ ਸਾਡੇ ਯਾਦਾਂ ਬੀਜ ਖਿੰਡਾਏ।
ਬੂਟੇ ਉੱਗੇ ਪੀੜਾਂ ਵਾਲੇ, ਚੀਸਾਂ-ਪੱਤਰ ਆਏ।
ਖ਼ੂਨ ਜਿਗਰ ਪਾ, ਸਬਰ ਅਸਾਡੇ, ਮਾਲੀ ਵਾਕਰ ਪਾਲੇ,
ਫੁੱਲ ਇਹਨਾਂ ਦੇ ਕਵਿਤਾ ਬਣਕੇ, ਮਹਿਕੇ ਤੇ ਮੁਸਕਾਏ।

ਪੀੜ ਪੀਂਦਾ ਰਹੇ ਕੋਈ ਕਿੰਨਾ ਕੁ ਚਿਰ?
ਜ਼ਖ਼ਮ ਸੀਂਦਾ ਰਹੇ ਕੋਈ ਕਿੰਨਾ ਕੁ ਚਿਰ?
ਪੀੜ ਮੇਰੀ ਦੀ ਹੀ ਇਹ ਕਰਾਮਾਤ ਹੈ,
ਮੈਂ ਤਾਂ ਲਿਖਦਾ ਰਿਹਾ, ਉਹ ਲਿਖਾਉਂਦੀ ਰਹੀ।

ਖਲੋਤੇ ਪਾਣੀਆਂ ਦੀ ਗੱਲ ਵੀ, ਕੁਈ ਗੱਲ ਹੈ ਯਾਰਾ!
ਕਰੋ ਜੇ ਕਰਨੀਆਂ ਨੇ ਹੁਣ ਤਾਂ ਤੂਫ਼ਾਨਾਂ ਦੀਆਂ ਗੱਲਾਂ!
ਜਿਹਨਾਂ ਨੂੰ ਸੁਣਦੇ ਦਿਲ ਅੰਦਰ, ਅਣੋਖਾ ਜੋਸ਼ ਅੰਗੜਾਵੇ,
ਕਰੋ ਤਬਦੀਲੀ, ਯੁਗ-ਗਰਦੀ ਤੇ ਸੰਗਰਾਮਾਂ ਦੀਆਂ ਗੱਲਾਂ।

ਇਹ ਕਲਮ ਅਸਾਡੀ ਦਰਦਣ ਹੈ, ਇਹ ਕਲਮ ਅਸਾਡੀ ਮਹਿਰਮ ਹੈ,
ਕਿ ਨਾਲ ਇਸੇ ਦੇ ਜੀਵਨ ਦਾ, ਦੁੱਖ-ਦਰਦ ਵੰਡਾਈ ਬੈਠੇ ਹਾਂ।

ਕਿਸੇ ਦੁਖੀਏ ਦੇ ਨੈਣਾਂ 'ਚੋਂ, ਜਦੋਂ ਵੀ 'ਨੀਰ' ਵਗਦਾ ਏ,
ਕਲਮ ਉਦੋਂ ਹੀ ਛੁਹ ਦਿੰਦੀ ਏ ਗ਼ਮਖ਼ਾਰਾਂ ਦੀਆਂ ਗੱਲਾਂ।

ਮੇਰੀ ਧਰਤੀ ਲਹੂ ਨਾਲ ਰੰਗੀ ਗਈ,
ਜਾਨ ਲੋਕਾਂ ਦੀ ਸੂਲੀ 'ਤੇ ਟੰਗੀ ਗਈ
ਮੇਰਾ ਕੀ ਦੋਸ਼ ਹੈ? ਮੇਰੇ ਗੀਤਾਂ 'ਚ ਜੇ
ਇਸ ਲਹੂ ਦੀ ਹੀ ਰੰਗਤ ਹੈ ਆਉਂਦੀ ਰਹੀ।

ਮੇਰੀ ਗ਼ਜ਼ਲ ਤਾਂ ਜਨਮੀ ਹੈ, ਜੇਲ੍ਹਾਂ ਦੇ ਨੇੜ 'ਚੋਂ,
ਗੂੰਜੇਗੀ ਬਣ ਕੇ ਨੂਰ ਦਾ ਐਲਾਨ ਦੋਸਤੋ!

ਸਾਰੀ ਗੱਲ ਕਿੰਝ ਖੋਲ੍ਹ ਕੇ ਸਮਝਾਵੇ ਤੈਨੂੰ 'ਨੀਰ'
ਹੁੰਦੀ ਗਜ਼ਲਾਂ ਦੇ ਵਿਚ ਤਾਂ ਇਸ਼ਾਰਿਆਂ ਦੀ ਗੱਲ।

'ਨੀਰ' ਗ਼ਜ਼ਲ ਤੇਰੀ ਵੀ ਕਿਉਂ ਨ ਲੋਕਾਂ ਨੂੰ ਖਿੱਚ ਪਾਏ,
ਪਾ ਕੇ ਰੱਤ ਅਮਲ ਦੀ ਜਦ ਮੈਂ ਦਿਨ ਦਿਨ ਹੋਰ ਨਿਖਾਰਾਂ।

ਪੇਸ਼ ਕੀਤੀਆਂ ਮਿਸਾਲਾਂ ਵਿਚੋਂ ਨਾਇਕ ਦੇ ਤਿੰਨ ਰੂਪ ਉਘੜਦੇ ਹਨ। ਪਹਿਲਾ, ਕਵੀ-ਆਪੇ ਵਾਲਾ। ਦੂਸਰਾ, ਪ੍ਰੇਮ ਦੇ ਪੁਜਾਰੀ ਵਾਲਾ। ਤੀਸਰਾ, ਲੋਕ-ਦਰਦ ਨੂੰ ਸਮਝਣ ਵਾਲੇ ਹਮਦਰਦ ਵਾਲਾ। ਨਾਇਕ ਦੇ ਇਹ ਤਿੰਨੇ ਰੂਪ ਸਾਧਾਰਨ ਵਿਅਕਤੀ ਦੇ ਵਿਸ਼ੇਸ਼ ਕਾਰਗੁਜ਼ਾਰੀ ਕਰ ਗੁਜ਼ਰਨ ਵਾਲੀ ਸੋਚ ਨਾਲ ਓਤਪੋਤ ਵਿਅਕਤੀ ਦੇ ਦਰਸ਼ਨ ਕਰਵਾਉਂਦੇ ਹਨ। ਇਹ ਤਿੰਨੇ ਰੂਪ

ਕਵੀ-ਪਿਆਰ-ਹਮਦਰਦੀ ਦੀ ਸਮੀਕਰਨ ਵਿਚ ਬੱਝੇ ਨਜ਼ਰ ਆਉਂਦੇ ਹਨ ਅਤੇ ਜਿਹਨਾਂ ਨੂੰ ਕਵਿਤਾ ਦੇ ਸਦੀਵੀ ਅੰਗਾਂ ਵਜੋਂ ਮਾਨਤਾ ਪ੍ਰਾਪਤ ਹੈ।

ਕੇਸਰ ਸਿੰਘ ਨੀਰ ਦੀ ਕਵਿਤਾ ਵਿਚਲੇ ਇਹ ਸਦੀਵੀ ਅੰਗ ਉਸ ਦੁਆਰਾ ਸਿਰਜੇ ਨਾਇਕ ਦੇ ਨਾਇਕਤਵ ਰਾਹੀਂ ਹੀ ਕਾਰਜਸ਼ੀਲ ਹੁੰਦੇ ਹਨ। ਕਿਉਂਜ, ਨੀਰ ਦੀ ਕਵਿਤਾ ਵਿਚ ਕਵੀ ਦੇ ਰੂਪ ਵਿਚ ਉਸਦਾ ਵਿਅਕਤੀਗਤ ਜੀਵਨ ਭਾਰੂ ਰਹਿੰਦਾ ਹੈ ਜਿਹੜਾ ਪਿਆਰ ਤੇ ਹਮਦਰਦੀ ਵਰਗੇ ਸਰਬ ਸਮਿਆਂ ਦੇ ਸਾਂਝੇ ਮਾਨਵਵਾਦ ਦਾ ਵਿਚਾਰਧਾਰਕ ਨਾਅਰਾ ਬਣਦਾ ਹੈ। ਇਸੇ ਮਾਨਵਵਾਦ ਦੇ ਕਲਾਤਮਕ ਪ੍ਰਚਾਰ ਲਈ ਕੇਸਰ ਸਿੰਘ ਨੀਰ ਨੇ ਕਵਿਤਾ, ਗ਼ਜ਼ਲ ਤੇ ਗੀਤ ਕਾਵਿ ਰੂਪਾਕਾਰਾਂ ਦੀਆਂ ਪੁਸਤਕਾਂ ਲਿਖੀਆਂ ਜਿਹਨਾਂ ਦਾ ਤੱਥਾਤਮਕ ਵੇਰਵਾ ਇਸ ਪ੍ਰਕਾਰ ਹੈ: 'ਕਸਕਾਂ' (1960), 'ਗ਼ਮ ਨਹੀਂ' (1981), 'ਕਿਰਨਾਂ ਦੇ ਬੋਲ' (1989), 'ਅਣਵਗੇ ਅੱਥਰੂ' (1996) ਅਤੇ ਇਹਨਾਂ ਸਾਰੀਆਂ ਕਾਵਿ ਪੁਸਤਕਾਂ ਦਾ ਸਮੁੱਚਾ ਸੰਗ੍ਰਹਿ 'ਨੈਣਾਂ ਦੇ ਮੋਤੀ' (2006)।

ਕੇਸਰ ਸਿੰਘ ਨੀਰ ਦੀਆਂ ਇਹਨਾਂ ਕਾਵਿ ਪੁਸਤਕਾਂ ਵਿਚ ਪੇਸ਼ ਹੋਇਆ ਨਾਇਕ ਜਿਹਨਾਂ ਖੇਤਰੀ, ਰਾਸ਼ਟਰੀ ਤੇ ਅੰਤਰਰਾਸ਼ਟਰੀ ਸਮਾਜਕ, ਆਰਥਿਕ ਤੇ ਰਾਜਨੀਤਕ ਪਰਿਸਥਿਤੀਆਂ ਸੰਗ ਖਹਿੰਦਾ ਹੈ ਉਸ ਖਹਿਣ-ਪ੍ਰਕਿਰਿਆ ਤੋਂ ਪਤਾ ਚਲਦਾ ਹੈ ਕਿ ਉਹ ਆਪਣੇ ਵੇਲੇ ਦੀ ਆਵਾਜ਼ ਨੂੰ ਗਹੁ ਨਾਲ ਸੁਣਦਾ, ਪੜਚੋਲਦਾ ਤੇ ਉਸ ਪ੍ਰਤੀ ਇਕ ਕ੍ਰਾਂਤੀਸ਼ੀਲ ਭਾਵਨਾ ਦਾ ਨਿਰਮਾਣ ਕਰਦਾ ਹੈ। ਉਹ ਇਕ ਸਾਧਾਰਨ ਨਾਇਕ ਦੇ ਤੌਰ 'ਤੇ ਵੀ ਵਿਚਰਦਾ ਹੈ ਅਤੇ ਸਮੂਹ-ਨਾਇਕ ਦੇ ਤੌਰ 'ਤੇ ਵੀ। ਕਿਉਂਜ, ਕੇਸਰ ਸਿੰਘ ਨੀਰ ਦੀ ਕਾਵਿਕ ਸਿਰਜਣਾ ਸਮੇਂ ਇਹਨਾਂ ਦੋਵਾਂ ਕਿਸਮਾਂ ਦੇ ਨਾਇਕ ਉਭਾਰਨ ਦੀ ਪ੍ਰਵਿਰਤੀ ਭਾਰੂ ਸੀ। ਪੰਜਾਹਵਿਆਂ ਵਿਚ ਉਪਜੀ ਕੇਸਰ ਸਿੰਘ ਨੀਰ ਦੀ ਸ਼ਾਇਰੀ, ਪ੍ਰਗਤੀਵਾਦੀ ਪੰਜਾਬੀ ਕਵਿਤਾ ਦੇ ਜੋਬਨ ਤੋਂ ਢਲਨ ਵੱਲ ਜਾ ਰਹੀ ਉਸਦੀ ਜੋਬਨੀ ਚਾਲ ਨੂੰ ਰੋਕਣ ਦਾ ਠੁੰਮਣਾ ਦਿੰਦੀ ਹੈ, ਜਿਸਦਾ ਸਿੱਧਾ ਸਿੱਧਾ ਸੰਬੰਧ ਸੰਸਾਰ ਅਮਨ ਲਹਿਰ ਤੋਂ ਪ੍ਰਭਾਵਤ ਪੰਜਾਬੀ ਕਵਿਤਾ ਨਾਲ ਬਣਦਾ ਹੈ।

ਸੰਸਾਰ ਅਮਨ ਲਹਿਰ ਦਾ ਮੁੱਢ 1948 ਵਿਚ ਬੱਝਾ ਅਤੇ ਇਹ ਸੰਸਾਰ ਦੇ ਰਾਜਨੀਤਕ ਸੰਦਿਸ਼ ਉੱਤੇ ਰੂਸ ਦੇ ਪ੍ਰਮਾਣੂ ਸ਼ਕਤੀ ਵਜੋਂ ਦੂਸਰੀ ਧਿਰ ਬਣ ਕੇ ਉਭਰਨ ਤਕ ਸਰਗਰਮ ਰਹੀ। ਇਸਦੇ ਮੁੱਢ ਬੱਝਣ ਦਾ ਮੂਲ ਕਾਰਨ ਪਹਿਲੀ ਤੇ ਦੂਸਰੀ ਸੰਸਾਰ ਜੰਗ ਪਿੱਛੋਂ ਸੰਸਾਰ ਦੇ ਪੂੰਜੀਵਾਦੀ ਤੇ ਸਮਾਜਵਾਦੀ ਗੁੱਟਾਂ ਵਿਚਾਲੇ ਛਿੜੀ ਠੰਢੀ ਜੰਗ ਸੀ, ਜਿਹੜੀ ਤੀਸਰੀ ਸੰਸਾਰ ਜੰਗ ਦੀ ਸੰਭਾਵਨਾ ਨੂੰ ਪੈਦਾ ਕਰ ਰਹੀ ਸੀ। ਇਸ ਜੰਗ ਦੀ ਸੰਭਾਵਨਾ ਨੂੰ ਖਤਮ ਕਰਨ ਲਈ ਹੀ ਸੰਸਾਰ ਦੀਆਂ ਅਮਨ ਪਸੰਦ ਸ਼ਕਤੀਆਂ ਨੇ ਸੰਸਾਰ 'ਚ ਅਮਨ ਦਾ ਨਾਅਰਾ ਦੇ ਕੇ ਇਸਨੂੰ ਲਹਿਰ ਦੇ ਰੂਪ ਵਿਚ ਪੈਦਾ ਕੀਤਾ, ਜਿਸਦਾ ਮੂਲ ਨਿਸ਼ਾਨਾ ਸਮੁੱਚੀ ਦੁਨੀਆਂ ਸਾਹਵੇਂ ਸਾਮਰਾਜੀ ਸ਼ਕਤੀਆਂ ਦੀ ਇਸ ਸਾਜ਼ਸ਼ ਨੂੰ ਨੰਗਿਆਂ ਕਰਨਾ ਸੀ ਕਿ ਆਪਣੇ ਹਿਤਾਂ ਲਈ ਇਹ ਸ਼ਕਤੀਆਂ ਦੁਨੀਆਂ ਨੂੰ ਜੰਗਾਂ ਯੁੱਧਾਂ ਵਿਚ ਸੁੱਟ ਕੇ ਆਪਣੀ ਮੰਡੀ ਦੇ ਰੂਪ ਵਿਚ ਵਰਤਣਾ ਚਾਹੁੰਦੀਆਂ ਹਨ। ਸੰਸਾਰ ਅਮਨ ਲਹਿਰ ਤੋਂ ਪ੍ਰਭਾਵਤ ਸਾਹਿਤਕਾਰਾਂ ਦੀ ਸਾਹਿਤਕਾਰੀ ਨੇ ਇਸ ਨਾਅਰੇ ਦਾ ਪ੍ਰਭਾਵ ਕਬੂਲਿਆ ਤੇ ਆਪਣੀਆਂ ਲਿਖਤਾਂ ਵਿਚ ਇਸ ਨਾਅਰੇ ਦੇ ਮਨੋਰਥ ਨੂੰ ਵਰਤਿਆ। ਸੰਸਾਰ ਅਮਨ ਲਹਿਰ ਤੋਂ ਪ੍ਰਭਾਵਤ ਸਾਹਿਤਕਾਰਾਂ ਨੇ ਆਪਣੇ ਨਿੱਜੀ ਅਨੁਭਵ ਉੱਤੇ ਆਧਾਰਤ ਵਿਅਕਤੀ ਮਾਨਸਿਕਤਾ ਨੂੰ ਤਿੱਖਿਆਂ ਕਰਕੇ ਨਿਆਂ ਦੀ ਪ੍ਰਾਪਤੀ ਲਈ ਬਿਗਲ ਵਜਾਇਆ। ਕੇਸਰ ਸਿੰਘ ਨੀਰ 'ਅਮਨ ਦੇ ਟੱਪੇ', 'ਪਹਿਰਾ ਅਮਨ ਦਾ ਰਹੇ ਪੰਜਾਬ ਅੰਦਰ', 'ਵੀਅਤਨਾਮ' ਸਿਰਲੇਖਾਂ ਨਾਲ ਸੰਬੰਧਤ ਕਵਿਤਾਵਾਂ ਵਿਚ ਸਿਰਜੇ ਕਾਵਿ-ਨਾਇਕ ਰਾਹੀਂ ਅਜਿਹਾ ਕਾਰਜ ਕਰਦਾ ਦਿਖਾਈ ਦਿੰਦਾ ਹੈ। ਇਹਨਾਂ ਕਵਿਤਾਵਾਂ ਵਿਚਲਾ ਸਮੂਹ-ਨਾਇਕ 'ਤੀਜੀ ਜੰਗ ਨਹੀਉ ਲੱਗਣੀ', 'ਜੀਓ ਤੇ ਜੀਣ ਦਿਓ' ਅਤੇ 'ਅਮਨਾਂ ਦੀ ਨੀਤੀ' ਨੂੰ ਨਾਅਰੇ ਦੇ ਰੂਪ ਵਿਚ ਪ੍ਰਚਾਰਦਾ ਹੈ। ਪ੍ਰਚਾਰਨ ਦਾ ਮੂਲ ਕਾਰਨ

ਉਸਦੀ ਗ਼ਜ਼ਲ ਦੇ ਇਕ ਸ਼ਿਅਰ ਵਿਚ ਇੰਝ ਅੰਕਤ ਹੈ:

ਅਜੇ ਸੰਸਾਰ ਇਹ ਜੋਕਾਂ ਦਾ ਹੈ, ਲੋਕਾਂ ਦਾ ਨਹੀਂ ਬਣਿਆ,
ਅਸੀਂ ਤਾਂ ਲੋਚਦੇ ਹਾਂ ਬਣ ਜਾਏ ਸੰਸਾਰ ਲੋਕਾਂ ਦਾ।

ਸੰਸਾਰ ਨੂੰ ਲੋਕਾਂ ਦਾ ਬਣਾਉਣ ਲਈ ਹੀ ਕਵੀ ਨੇ ਆਪਣੀ ਕਵਿਤਾ ਵਿਚ ਸਾਮਰਾਜ
ਦੇ ਖ਼ਿਲਾਫ਼ ਸੰਗਰਾਮ ਦੇ ਨਾਅਰੇ ਨੂੰ ਕਾਵਿ-ਸੰਦੇਸ਼ ਦੇ ਰੂਪ ਵਿਚ ਸੰਚਾਰਿਆ ਹੈ। ਇਸ ਪਰਥਾਇ
ਉਸਦੀ ਕਵਿਤਾ ਚੋਂ ਕੁਝ ਮਿਸਾਲਾਂ ਲੈਂਦੇ ਹਾਂ:

ਜੱਗ ਦਾ ਇਤਿਹਾਸ ਆਖੇ ਸਰਫ਼ਰੋਸ਼ਾਂ ਨੇ ਸਦਾ,
ਖ਼ੂਨ ਦੇ ਕੇ ਜ਼ੁਲਮ ਵਾਲੇ ਆਪ ਬਦਲਾਏ ਨੇ ਦਿਨ।

ਮਜਬੂਰੀ, ਗ਼ੁਰਬਤ, ਬਰਬਾਦੀ, ਦੁੱਖ-ਦਰਦ, ਦਲਿੱਦਰ ਦੁਨੀਆਂ ਦੇ,
ਜੀਵਨ ਦੀ ਜਾਚ ਸਿਖਾਉਂਦੇ ਨੇ, ਸੰਗਰਾਮ ਨਰੋਆ ਕਰ ਕਰਕੇ।

ਕਦ ਤਕ ਇਹ ਲੋਕ ਆਖ਼ਰ ਪਰਚਣਗੇ ਲਾਰਿਆਂ 'ਤੇ,
ਧਾਵਾ ਇਹਨਾਂ ਨੇ ਕਰਨਾ, ਇਕ ਦਿਨ ਮੁਨਾਰਿਆਂ 'ਤੇ।

ਜੀਵਨ ਦੇ ਬਾਗ਼ ਅੰਦਰ, ਉਹਨਾਂ ਹੀ ਮਹਿਕ ਵੰਡੀ,
ਜੋ ਪੁਸ਼ਪ ਜਾਣ ਤੁਰਦੇ, ਮਘਦੇ ਅੰਗਾਰਿਆਂ 'ਤੇ।

ਉੱਠੋ! ਇਸ ਧਰਤੀ ਦੇ ਲਾਲੋ, ਧਾਰੋ ਰੂਪ ਹਨ੍ਹੇਰੀ ਦਾ।
ਜਥੇਬੰਦੀ ਹੈ ਨਾਂ ਸ਼ਕਤੀ ਦਾ, ਜਿੱਤ, ਵਿਸ਼ਵਾਸ ਦਲੇਰੀ ਦਾ।

ਨਿਆਂ ਦੀ ਗੱਲ, ਅਮਨ ਦੀ ਗੱਲ ਅਤੇ ਗੱਲ ਲੋਕ-ਹਿੱਤਾਂ ਦੀ,
ਸਦਾ ਹੀ ਜ਼ਿੰਦਗੀ ਦੇ ਆਸ਼ਕਾਂ ਛੋਹੀ ਏ ਦੁਨੀਆਂ 'ਤੇ।

ਬੇਈਮਾਨੀ, ਮੱਕਾਰੀ, ਧੋਖਾ, ਠੱਗੀ, ਲੁੱਟ, ਹੱਕ-ਤਲਫ਼ੀ,
ਸਦਾ ਹੀ ਜੱਗ 'ਤੇ ਰਹੀਆਂ, ਇਹ ਸ਼ੈਤਾਨਾਂ ਦੀਆਂ ਗੱਲਾਂ।

ਜ਼ਮਾਨੇ ਦੀ ਹਕੂਮਤ ਨਾਲ ਇਉਂ ਮੱਥਾ ਲਗਾਵਾਂਗੇ।
ਕਿ ਬਦਲਾਂਗੇ ਜ਼ਮਾਨੇ ਨੂੰ ਨਹੀਂ ਤਾਂ ਜੂਝ ਜਾਵਾਂਗੇ।

ਕਿਸੇ ਦੇ ਖ਼ੂਨ ਥੀਂ ਉਸਰੇ, ਮੁਨਾਰੇ ਢਹਿਣ ਵਾਲੇ ਨੇ।
ਜਿਹਨਾਂ ਨੇ ਲੋਕ-ਹੜ੍ਹ ਰੋਕੇ, ਕਿਨਾਰੇ ਢਹਿਣ ਵਾਲੇ ਨੇ।

ਸਮੇਂ ਦੀ ਚਾਲ ਕਹਿੰਦੀ ਏ-ਸਮਾਂ ਉਹ ਔਣ ਵਾਲਾ ਏ,
ਜਦੋਂ ਮਿਹਨਤ ਦੇ ਪੈਰਾਂ 'ਤੇ, ਸਿਤਾਰੇ ਢਹਿਣ ਵਾਲੇ ਨੇ।

ਜਗਾ ਕੇ ਦੀਪ ਅਣਖੀ ਖ਼ੂਨ ਆਪਣੇ ਦੇ ਮੈਂ ਥਾਂ ਥਾਂ 'ਤੇ,
ਕਰਾਂਗਾ ਜ਼ਿੰਦਗੀ ਤੋਂ ਦੂਰ ਜਬਰਾਂ ਦੇ ਗ਼ੁਬਾਰਾਂ ਨੂੰ।

ਉਪਰੋਕਤ ਮਿਸਾਲਾਂ ਵਿਚ ਨੀਰ ਦਾ ਕਾਵਿ-ਨਾਇਕ ਜਾਬਰ ਦੇ ਜਬਰ ਦੀ ਇਤਿਹਾਸਕ
ਪ੍ਰਕਿਰਿਆ ਤੋਂ ਪੂਰਨ ਭਾਂਤ ਜਾਣੂ ਜਾਪਦਾ ਹੈ, ਹਕੂਮਤ ਦੇ ਲਾਰਿਆਂ ਨੂੰ ਸਮਝਦਾ ਤੇ ਇਹਨਾਂ
ਪ੍ਰਤੀ ਤਿੱਖੀ ਸੁਰ ਅਲਾਪਦਾ ਹੈ। ਰੋਟੀ-ਨਿਆਂ-ਅਮਨ-ਲੋਕ-ਹਿੱਤ ਦੀ ਰਾਖੀ ਲਈ ਜੱਥੇਬੰਦਕ
ਤਰੀਕੇ ਨਾਲ ਸੰਗਰਾਮ ਕਰਨ ਦਾ ਉੱਦਮ ਰੱਖਦਾ ਹੈ। ਕਾਵਿ-ਨਾਇਕ ਦਾ ਅਜਿਹਾ ਉੱਦਮ ਕੇਸਰ
ਸਿੰਘ ਨੀਰ ਦੀ ਸਮਾਜਕ ਅਥਵਾ ਮਾਨਵਵਾਦੀ ਪ੍ਰਗਤੀਸ਼ੀਲ ਕ੍ਰਾਂਤੀਕਾਰੀ ਸੋਚ ਦਾ ਪ੍ਰਮਾਣ ਬਣਦਾ
ਹੈ। ਨੀਰ ਨੇ ਇਸੇ ਸੋਚ ਮੁਜਬ ਭਾਰਤੀ ਲੋਕਤੰਤਰ ਦੀਆਂ ਪੰਜ-ਸਾਲਾਂ ਯੋਜਨਾਵਾਂ ਦੇ ਅਸਲ ਨੂੰ
ਮਹਿੰਗਾਈ, ਗ਼ਰੀਬੀ, ਬੇਰੁਜ਼ਗਾਰੀ, ਸਨਅਤਕਾਰੀ, ਖੇਤੀਬਾੜੀ, ਨਵ-ਉਸਾਰੀ ਆਦਿ ਪ੍ਰਸੰਗਾਂ
ਤਹਿਤ ਮਿਣਿਆ ਹੈ, ਵੀਹਵੀ ਸਦੀ ਦੇ ਨੌਵੇਂ-ਦਹਾਕੇ ਵਿਚ ਪੈਦਾ ਹੋਏ ਪੰਜਾਬ ਅੰਦਰਲੇ ਅੱਤਵਾਦੀ
ਦੌਰ ਵਿਚ ਤ੍ਰਾਸਦਕ ਸਥਿਤੀ ਨੂੰ ਹੰਢਾਉਂਦੇ ਆਮ ਵਿਅਕਤੀ ਨੂੰ ਦਰਸਾਇਆ ਹੈ। ਮਜ਼ਦੂਰ-ਮੁਲਾਜ਼ਮ
ਲਹਿਰ 'ਚ ਸ਼ਾਮਲ ਵਿਅਕਤੀ ਦੀ ਜੇਲ੍ਹਾਂ ਅੰਦਰ ਡੱਕੇ ਜਾਣ ਦੀ ਵੇਦਨਾ, ਸੰਵੇਦਨਾ ਤੇ ਚੇਤਨਾ
ਨੂੰ ਪਕੜਿਆ ਹੈ, ਵਿਸ਼ਵ ਅੰਦਰ ਮਨਾਏ ਜਾਂਦੇ ਸਿੱਖ ਗੁਰੂ ਸਾਹਿਬਾਨ ਦੇ ਸ਼ਤਾਬਦੀ ਗੁਰਪੁਰਬਾਂ ਦੇ

ਚਿਤਰਣ ਰਾਹੀਂ ਅਖੌਤੀ ਧਰਮਤੰਤਰ ਨੂੰ ਤਤਕਾਲੀਨ ਆਰਥਿਕ ਵਿਵਸਥਾ ਤੇ ਡਾਵਾਂ-ਡੋਲ ਮਨੁੱਖੀ ਮਾਨਸਿਕਤਾ ਦੇ ਸੰਦਰਭ 'ਚ ਪਛਾਣਿਆ ਹੈ, ਰਾਜਨੀਤਗਾਂ ਦੇ ਨਾਅਰਿਆਂ ਨੂੰ ਸਾਂਝੀਵਾਲਤਾ ਦੀ ਅਸਲ ਪਰਿਭਾਸ਼ਾ ਰਾਹੀਂ ਮਾਪਿਆ ਹੈ। ਲਗਦੈ, ਕੇਸਰ ਸਿੰਘ ਨੀਰ ਨੇ ਅਜਿਹੇ ਵਿਸ਼ੈਮੂਲਕ ਚਿਤਰਣ ਦੀ ਵਿਚਾਰਧਾਰਕ ਸ਼ਕਤੀ ਵਿਸ਼ੇਸ਼ ਵਿਅਕਤੀ ਨਾਇਕਾਂ ਦੀ ਵਿਚਾਰਧਾਰਾਈ ਪ੍ਰੇਰਣਾ ਵਿਚੋਂ ਹਾਸਲ ਕੀਤੀ ਹੈ। ਸੁਕਰਾਤ, ਈਸਾ, ਮਨਸੂਰ, ਮਹਾਤਮਾ ਬੁੱਧ, ਰਾਮ, ਗੁਰੂ ਨਾਨਕ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ, ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਵਰਗੇ ਵਿਸ਼ੇਸ਼ ਵਿਅਕਤੀਆਂ ਦਾ ਜ਼ਿਕਰ ਨੀਰ ਦੀ ਕਵਿਤਾ 'ਚ ਆਇਆ ਹੈ। ਉਸਦਾ ਸਿਰਜਿਆ ਕਾਵਿ ਨਾਇਕ ਇਹਨਾਂ ਸਾਰੇ ਵਿਅਕਤੀ ਨਾਇਕਾਂ ਦੇ ਵਿਭਿੰਨ ਕਰਮ ਰੂਪਾਂ ਨੂੰ ਨਾ ਕੇਵਲ ਧਿਆਉਂਦਾ ਹੈ ਸਗੋਂ ਆਪ ਇਹਨਾਂ ਦੇ ਅਮਲੀ ਰਾਹ ਉੱਤੇ ਤੁਰਿਆ ਵੀ ਨਜ਼ਰੀਂ ਪੈਂਦਾ ਹੈ।

ਕੇਸਰ ਸਿੰਘ ਨੀਰ ਨੇ ਆਪਣੇ ਕਾਵਿ ਨਾਇਕ ਨੂੰ ਵਿਚਾਰਧਾਰਕ ਨਿਆਂ ਦੁਵਾਉਣ ਅਤੇ ਕਾਵਿ ਰਚਨਾ ਵਿਚ ਉਸਨੂੰ ਖੇੜੇ ਸਹਿਤ ਪੇਸ਼ ਕਰਨ ਲਈ ਦਿਲਕਸ਼ ਤੇ ਢੁਕਵੀਂ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਹੈ। ਸ਼ਬਦਾਵਲੀ : ਇਸ਼ਕ ਦੀ ਵੰਨਗੀ, ਇਸ਼ਕ ਦੇ ਸੌਦੇ, ਇਸ਼ਕ ਦੇ ਅੰਗਾਰ, ਪਿਆਰ ਦਾ ਸੁਪਨਾ, ਪਿਆਰ ਦੇ ਬੂਹੇ, ਕੁਆਰੀ ਪ੍ਰੀਤ, ਪ੍ਰੀਤ ਦੀ ਡੰਗੋਰੀ, ਪ੍ਰੀਤ ਦੀ ਅਰਥੀ, ਪ੍ਰੀਤ ਦਾ ਝੰਡਾ, ਹਿਜਰ ਦੀ ਭੱਠੀ, ਹਿਜਰ ਦੀ ਰਾਤ, ਹਿਜਰ ਦਾ ਪਰਬਤ, ਹਿਜਰ ਦੀ ਸ਼ਮ੍ਹਾਂ, ਹਿਜਰ ਦੀ ਰੁੱਤ, ਵਿਛੋੜੇ ਵਾਲੀ ਵੇਲ, ਵਿਛੋੜੇ ਦੇ ਸਮੁੰਦਰ, ਬਿਰਹੋਂ ਦੇ ਤੂਫਾਨ, ਪੀੜ ਦੇ ਸਾਗਰ, ਪੀੜ ਦੀ ਮਹਿਕ, ਹਉਕਿਆਂ ਦੇ ਪੂਰ, ਹੰਝੂਆਂ ਦੇ ਦੀਵੇ, ਦਿਲ ਦੇ ਵਿਹੜੇ, ਦਿਲ ਦੀ ਹੀਰ, ਦਿਲ ਦੇ ਦਾਗ਼, ਦਿਲ ਦੀ ਤਖ਼ਤੀ, ਦਿਲ ਦੀ ਨਗਰੀ, ਦਿਲ ਦੀ ਸਿੱਪੀ, ਦਿਲ ਦੇ ਬੂਹੇ, ਦਿਲ ਦੀ ਧਰਤੀ, ਦਿਲ ਦਾ ਛਲਾਵਾ, ਰੀਝਾਂ ਦੀ ਦੇਵੀ, ਰੀਝਾਂ ਦੀ ਬਹਾਰ, ਰੀਝਾਂ ਦੇ ਫੁੱਲ, ਰੀਝਾਂ ਦੇ ਲਾਰੇ, ਰੀਝਾਂ ਦੀਆਂ ਕਬਰਾਂ, ਰੀਝ ਦਾ ਮੰਦਰ, ਸਿਦਕਾਂ ਦਾ ਜਜ਼ਬਾ, ਸਿਦਕਾਂ ਦਾ ਮੂੰਹ, ਸਿਦਕ ਦਾ ਮੈਦਾਨ, ਸਿਦਕ ਦਾ ਦੀਵਾ, ਸਿਦਕਾਂ ਦੀ ਅਗਨ, ਸਿਦਕਾਂ ਦੇ ਕਾਫ਼ਲੇ, ਸਿਦਕ ਦੀ ਖ਼ੁਸ਼ਬੂ, ਸੱਧਰਾਂ ਦੀ ਟਹਿਣੀ, ਸੱਧਰਾਂ ਦੇ ਅੰਗਾਰੇ, ਸੱਧਰਾਂ ਦੇ ਚਮਨ, ਸੱਧਰਾਂ ਦੇ ਸੀਨੇ, ਸੱਧਰਾਂ ਦਾ ਖ਼ੂਨ, ਸੱਚ ਦਾ ਨਾਅਰਾ, ਸੱਚ ਦੀ ਸੰਗਤ, ਸੱਚ ਦਾ ਤੂਫ਼ਾਨ, ਯਾਦਾਂ ਦਾ ਮੀਂਹ, ਯਾਦਾਂ ਦੀ ਬਿਜਲੀ, ਯਾਦਾਂ ਦੇ ਕੋਲੇ, ਯਾਦ ਦੀ ਉਂਗਲ, ਨੈਣਾਂ ਦੀ ਝੀਲ, ਨੈਣਾਂ ਦਾ ਚਾਨਣ, ਨੈਣਾਂ ਦੇ ਸਾਗਰ, ਹਸਰਤਾਂ ਦੀ ਚਿਤਾ, ਵਾਅਦਿਆਂ ਦੀ ਰਾਸ, ਖ਼ੁਸ਼ੀ ਦੀ ਲੱਛਮੀ, ਖ਼ੁਸ਼ੀ ਦੇ ਮਹਿਲ, ਖ਼ੁਸ਼ੀਆਂ ਦੇ ਖ਼ਾਬ, ਖ਼ੁਸ਼ੀ ਦੀ ਆਸ, ਆਸ ਦੇ ਬੂਟੇ, ਆਸ ਦੀ ਗੁਲਜ਼ਾਰ, ਆਸ ਦਾ ਮੋਤੀ, ਆਸ ਦਾ ਪੰਛੀ, ਸੁਪਨਿਆਂ ਦਾ ਮਹਿਲ, ਤਲਖੀਆਂ ਦਾ ਜ਼ਹਿਰ, ਨਫ਼ਰਤ ਦੇ ਅੰਗਾਰ, ਬਹਾਰਾਂ ਦੀ ਸੁਗੰਧ, ਚਿੰਤਾ ਦੇ ਵਾਰ, ਖੇੜਿਆਂ ਦਾ ਲਾਲ, ਫਰੇਬਾਂ ਦੇ ਦਿਲਾਸੇ, ਬੇਵਸੀ ਦੇ ਹੰਝੂ, ਜਿੰਦ ਵਾਲੀ ਛੰਨ, ਮਨ ਦੇ ਪੰਘੂੜੇ, ਜ਼ਿੰਦਗੀ ਦੀ ਧਰਤ, ਜੀਵਨ ਦੀ ਚਿਣਗ, ਸਿਤਮ ਦੀ ਪਤਝੜ, ਉਮੀਦਾਂ ਦਾ ਬੂਰ, ਨਿਰਾਸ਼ਾ ਦੇ ਸਮੁੰਦਰ, ਸਮੇਂ ਦੀ ਦੌੜ, ਹਨੇਰੇ ਦੇ ਸਮੁੰਦਰ, ਫਿਕਰਾਂ ਦਾ ਪਾਣੀ, ਸਿਤਾਰਿਆਂ ਦਾ ਪੰਧ, ਅਮਲ ਦੀ ਕੁਠਾਲੀ, ਜੀਭਾਂ ਦੇ ਜੰਦਰੇ, ਮਜਬੂਰੀ ਦਾ ਪਿੰਜਰਾ, ਮਜਬੂਰੀਆਂ ਦੀ ਕੰਧ, ਵਸਲਾਂ ਦੀ ਸਵੇਰ, ਵਸਲਾਂ ਦੇ ਕਿਨਾਰੇ, ਵਿਸ਼ਵਾਸ ਦਾ ਚੱਪੂ, ਸੋਚਾਂ ਦੇ ਸਾਗਰ, ਸੋਚਾਂ ਦਾ ਵਿਹੜਾ, ਸੋਚ ਦੀ ਸੂਲੀ, ਸੱਚ ਦੇ ਦੀਵੇ, ਸੱਚਾਂ ਦੀ ਤਾਣੀ, ਆਸਾਂ ਦਾ ਲੜ, ਆਸਾਂ ਦੇ ਤਾਰੇ, ਆਸ ਦੇ ਦੀਵੇ, ਆਸ ਦੇ ਖਿਡੌਣੇ, ਆਸ ਦਾ ਚਾਨਣ, ਦ੍ਰਿੜ-ਵਿਸ਼ਵਾਸ ਦਾ ਤੇਲ, ਕਿਸਮਤ ਦੀ ਦੇਵੀ, ਹਿੰਮਤ ਦੇ ਹੌਂਸਲੇ ਦੀ ਬਲੀ, ਗਗਨ ਦੇ ਖੀਸੇ, ਸਫਲਤਾ ਦੇ ਦੀਵੇ, ਚਿੰਤਾ ਦੀ ਬਿਜਲੀ, ਫਿਕਰਾਂ ਦੀ ਰੇਖਾ, ਜਬਰ ਦੀ ਲੰਕਾ, ਜੇਰੇ ਦੀ ਭੱਠੀ, ਅਣਖ ਦੀ ਵੰਗਾਰ, ਭਟਕਣ ਦਾ ਪੈਂਡਾ, ਖਿਆਲਾਂ ਦੇ ਬਗ਼ੀਚੇ, ਸਬਰ ਦੀ ਸ਼ਕਤੀ, ਸਬਰਾਂ ਦਾ ਲਹੂ, ਸਮੇਂ ਦੀ ਧੁੱਪ, ਕਲਮ ਦੀ ਜੀਭ।

ਉਪਰੋਕਤ ਪ੍ਰਤੀਕਮਈ ਸ਼ਬਦਾਵਲੀ ਵਿਚੋਂ ਜਿੱਥੇ ਕੇਸਰ ਸਿੰਘ ਨੀਰ ਦੇ ਕਾਵਿ ਨਾਇਕ

ਦੇ ਸਰੂਪ ਨੂੰ ਖੋਜਿਆ ਜਾ ਸਕਦਾ ਹੈ ਉੱਥੇ ਕੇਸਰ ਸਿੰਘ ਨੀਰ ਦੀ ਸ਼ਖ਼ਸੀਅਤ ਨੂੰ ਵੀ ਮਾਪਿਆ
ਜਾ ਸਕਦਾ ਹੈ ਅਤੇ ਇਸੇ ਸ਼ਬਦਾਵਲੀ ਰਾਹੀਂ ਕਾਵਿ-ਸ਼ੈਲੀ ਨੂੰ ਸ਼ਬਦ ਦੇ ਅਰਥ ਦੇ ਵਿਭਿੰਨ ਪ੍ਰਸੰਗਾਂ
ਤਹਿਤ ਮਾਣਿਆ, ਮਹਿਸੂਸਿਆ ਤੇ ਸਮਝਿਆ-ਪੜਚੋਲਿਆ ਜਾ ਸਕਦਾ ਹੈ। ਕਿਉਂਜੁ, ਨੀਰ ਨੇ
ਗ਼ਜ਼ਲ, ਨਜ਼ਮ ਤੇ ਗੀਤ ਨਾਲ ਸੰਬੰਧਤ ਸ਼ਿਲਪਾਂ-ਵਿਧਾਨ ਦਾ ਪੂਰਾ ਪੂਰਾ ਧਿਆਨ ਰੱਖਦਿਆਂ
ਸ਼ਬਦਾਂ ਰਾਹੀਂ ਕਾਵਿ-ਵਸਤੂ ਨੂੰ ਇਸ ਤਰ੍ਹਾਂ ਗੁੰਦਿਆ, ਚਿਣਿਆ, ਜੜਿਆ, ਪਰੋਇਆ ਤੇ
ਦੁਹਰਾਇਆ ਹੈ ਕਿ ਸੰਬੰਧਤ ਕਾਵਿ ਰੂਪਕਾਰਾਂ ਦਾ ਸ਼ਿਲਪ ਵਿਧਾਨ ਆਪਣੇ ਆਪ 'ਚ ਸੰਪੂਰਨ
ਰੂਪਾਤਮਕ ਇਕਾਈ ਵੀ ਜਾਪਦਾ ਹੈ ਅਤੇ ਇਕ ਦੂਸਰੇ ਤੋਂ ਅੱਡਰਾ ਅੱਡਰਾ ਵੀ ਪਹਿਚਾਣਿਆ
ਜਾਂਦਾ ਹੈ। ਕਾਵਿ ਵਿਚ ਸ਼ਬਦਾਂ ਦੀ ਉਚਿਤ ਥਾਂ ਉੱਤੇ ਯੋਗ ਵਰਤੋਂ ਵਾਲੀ ਕਲਾਤਮਕ ਜੁਗਤ
ਹੀ ਕਾਵਿ ਨੂੰ ਸੁਹਜਮਈ ਰੂਪ ਪ੍ਰਦਾਨ ਕਰਦੀ ਹੈ। ਲਗਦੈ, ਨੀਰ ਨੇ ਆਪਣੀ ਕਵਿਤਾ ਵਿਚ
ਕਲਾਤਮਕ ਸੁਹਜ ਨੂੰ ਦੂਣਾ-ਚੌਣਾ ਕਰਨ ਲਈ ਜਿੱਥੇ ਵਿਸ਼ੇਸ਼ਣੀ ਸ਼ਬਦਾਂ ਦੀ ਭਰਪੂਰ ਵਰਤੋਂ ਕੀਤੀ
ਹੈ ਉੱਥੇ, ਜਿਵੇਂ ਕਿ ਡਾ. ਰਘਬੀਰ ਸਿੰਘ ਨੇ ਨੋਟ ਕੀਤਾ ਹੈ, ਪ੍ਰਸ਼ਨਾਂ ਦੀ ਵੀ ਬਹੁਤਾਤ ਹੈ।
ਵਿਸ਼ੈ-ਵਸਤੂ ਅਤੇ ਰੂਪ ਅਨੁਕੂਲ ਉਸਨੇ ਕਿਉਂ, ਕਿਹੜਾ, ਕੀ, ਦੱਸੋ ਵਰਗੇ ਸੰਬੋਧਨੀ ਅਤੇ
ਪ੍ਰਸ਼ਨਵਾਚਕ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿਸਦਾ ਮੂਲ ਮਨੋਰਥ ਆਪਣੇ ਕਾਵਿ-ਨਾਇਕ ਨੂੰ ਬਲ
ਦੇਣਾ ਮੰਨਿਆ ਜਾ ਸਕਦਾ ਹੈ। ਇਸੇ ਤਰ੍ਹਾਂ ਉਸਨੇ-ਨਾ, ਹੈ, ਵੀ, ਕਿ, ਸੀ, ਦੇ, ਜੋ, ਦੀ-ਸ਼ਬਦਾਂ
ਉੱਤੇ ਦਬਾਉ ਪਾ ਕੇ ਸੁਹਜਾਤਮਕ ਚਮਤਕਾਰ ਪੈਦਾ ਕੀਤਾ ਹੈ। ਨੀਰ ਦੀ ਸ਼ਾਇਰੀ ਦਾ ਇਹ
ਵਿਚਿੱਤਰ ਲੱਛਣ ਹੈ, ਜੋ ਇਸਨੂੰ ਮਨੋਹਰ, ਰੌਚਕ ਤੇ ਦਿਲਕਸ਼ ਰੂਪ ਪ੍ਰਦਾਨ ਕਰਦਾ ਹੈ ਅਤੇ ਕਾਵਿ
ਦੀ ਵਸਤੂ ਨੂੰ ਨਾਇਕ ਦੀ ਸੋਚ ਦੇ ਅਨੁਕੂਲ ਰੱਖਦਾ ਹੈ। ਸੰਗੀਤਕ ਲੈਅ ਤੇ ਧੁਨੀਆਤਮਕ ਗੂੰਜ
ਪੈਦਾ ਕਰਨ ਲਈ ਕਵੀ ਨੇ ਅਨੁਨਾਸਕਾਂ ਜਾਂ ਟਿੱਪੀ ਬਿੰਦੀ ਦੀ ਸੁਚੱਜੀ ਵਰਤੋਂ ਵੀ ਕੀਤੀ ਹੈ।
ਕਵਿਤਾ ਲਿਖਣ ਲਈ ਸਮਾਸੀ ਸ਼ਬਦਾਂ ਦੀ ਭਰਪੂਰ ਵਰਤੋਂ ਕਰਨ ਦੇ ਨਾਲ ਨਾਲ ਕਿਤੇ ਕਿਤੇ
ਨਵੇਂ ਘੜੇ ਸ਼ਬਦ ਵੀ ਦਿਸ ਪੈਂਦੇ ਹਨ ਜਿਵੇਂ ਸਗਵਾਂ, ਪਹਿਰੂਆ, ਰਹਿਸਣ, ਚਮਤਕਾਰੇ, ਸਾਬਰਾਂ,
ਵੈਦਗੀ, ਪਛਤਾਵਣਾ, ਪੌਣਾ, ਲੇਹੜੇ, ਲੰਬੇਰੇ, ਗਿਸ਼ਮਾਣ ਇਤਿਆਦਿ। ਨੀਰ ਦੀ ਕਵਿਤਾ 'ਚੋਂ
ਉਭਰਦੀ ਸਮਾਸੀ ਸ਼ਬਦਾਂ ਦੀ ਸੂਚੀ ਇਸ ਪ੍ਰਕਾਰ ਬਣਦੀ ਹੈ: ਗ਼ਮ-ਝੋਲੀ, ਨੈਣ-ਜੋਤ, ਜੁਦਾਈ-ਰੁੱਤੇ,
ਸੁਪਨ-ਉਡਾਰੀ, ਤਾਂਘ-ਕੁੜੀ, ਖਿਆਲ-ਖਿਡੌਣੇ, ਮੇਲ-ਕਣੀ, ਮਾਰੂ-ਰਾਟਾ, ਬਿਰਹੋਂ-ਆਤਸ਼,
ਪ੍ਰੀਤ-ਫੁਹਾਰ, ਇੱਛਰਾਂ-ਧਰਤ, ਕਿਰਤੀ-ਪੂਰਨ, ਦਿਲ-ਵੰਗ, ਪ੍ਰੇਮ-ਨਦੀ, ਰੀਝ-ਕੁੜੀ-ਮੁਟਿਆਰ,
ਜੀਵਨ-ਪੂੰਜੀ, ਪ੍ਰੀਤ-ਬੇੜੀ, ਪ੍ਰੀਤ-ਬਗ਼ੀਚੀ, ਕੁਦਰਤ-ਰਾਣੀ, ਸੂਰਜ-ਲਾੜਾ, ਰੂਪ-ਕਟੋਰੇ,
ਜੀਵਨ-ਫੁੱਲ, ਦਿਲ-ਪਗਡੰਡੀ, ਜੋਬਨ-ਪੀੜਾ, ਨਵ-ਰੀਝ, ਨਵ-ਆਸ, ਦਰਦ-ਕਹਾਣੀ,
ਨੌਕਰੀ-ਕੈਦ, ਪੀੜ-ਬੂਟੇ, ਪ੍ਰੇਮ-ਨੈਣ, ਪ੍ਰੇਮ-ਪੈਂਡੇ, ਗ਼ਮ-ਹਨੇਰੀ, ਖ਼ੁਸ਼ੀ-ਰਾਣੀ, ਪ੍ਰੀਤ-ਸੁਗੰਧੀ,
ਦਿਲ-ਸਾਗਰ। ਇਹਨਾਂ ਸਮਾਸੀ ਸ਼ਬਦਾਂ ਦਾ ਅਰਥ-ਪ੍ਰਬੰਧ ਇਕ ਤਰ੍ਹਾਂ ਨਾਲ ਨੀਰ ਦੇ ਸਿਰਜੇ
ਕਾਵਿ-ਨਾਇਕ ਦੇ ਭਾਵ, ਵਿਚਾਰ ਤੇ ਮਾਹੌਲ ਹੀ ਹਨ ਜਿਹੜੇ ਦੱਸਦੇ ਹਨ ਕਿ ਉਹ (ਨਾਇਕ)
ਦਿਲ ਤੇ ਦਿਮਾਗ ਤੋਂ ਕੰਮ ਲੈਂਦਾ ਹੈ। ਜ਼ਿੰਦਗੀ ਦੇ ਗ਼ਮ ਖਾਂਦਾ ਹੈ। ਕੁਦਰਤ ਨਾਲ ਡੂੰਘੀ ਸਾਂਝ
ਪਾਉਂਦਾ ਹੈ। ਅਮਾਨਵੀ ਕਰਤੂਤਾਂ ਦਾ ਵਿਰੋਧੀ ਹੈ। ਮਾਨਵ ਦੀ ਪਹਿਚਾਣ ਉੱਤੇ ਜ਼ੋਰ ਦਿੰਦਾ ਹੈ।
ਮਾਨਵੀ ਦਰਦ ਵੰਡਾਉਂਦਾ ਹੈ। ਸਾਮਰਾਜੀ ਤੇ ਸਮਾਜਵਾਦੀ ਵਿਵਸਥਾਵਾਂ ਵਿਚਾਲੇ ਫ਼ਰਕ ਤੋਂ
ਜਾਣੂੰ ਹੈ। ਰੁਮਾਂਸ-ਪ੍ਰਗਤੀ-ਯਥਾਰਥ-ਕ੍ਰਾਂਤੀ ਦੇ ਬੋਲ ਸਿਰਜਦਾ ਹੈ। ਕਵਿਤਾ, ਵਿਅਕਤੀ ਅਤੇ
ਕੁਦਰਤ ਦੇ ਆਪਸੀ ਸੰਬੰਧਾਂ ਦਾ ਪਤਾ ਦਿੰਦਾ ਹੈ। ❑❑

[ਲੈਕਚਰਾਰ ਪੰਜਾਬੀ, ਈਵਨਿੰਗ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ]

'ਸੌ ਸਾਲ ਦਾ ਇਕਲਾਪਾ' ਅਤੇ ਪੰਜਾਬੀ ਨਾਵਲ

ਅਵਤਾਰ ਸਿੰਘ ਬਿਲਿੰਗ

'ਸੌ ਸਾਲ ਦਾ ਇਕਲਾਪਾ' ਲਾਤੀਨੀ ਅਮਰੀਕਾ ਦੇ ਸੰਸਾਰ ਪ੍ਰਸਿੱਧ ਨਾਵਲਕਾਰ ਗੈਬਰੀਅਲ ਗਾਰਸ਼ੀਆ ਮਾਰਕੇਜ਼ (ਜਨਮ 1928) ਦੇ 1968 ਵਿਚ ਸਪੇਨੀ ਭਾਸ਼ਾ ਵਿਚ ਛਪੇ ਸ਼ਾਹਕਾਰ One Hundred Years of Solitude ਦਾ ਪੰਜਾਬੀ ਅਨੁਵਾਦ ਹੈ, ਜੋ ਸਮਰੱਥ ਆਲੋਚਕ ਅਤੇ ਚਿੰਤਕ ਡਾ. ਤੇਜਵੰਤ ਸਿੰਘ ਗਿੱਲ ਨੇ ਪੰਜਾਬੀ ਯੂਨੀਵਰਸਿਟੀ ਦੇ ਸੱਦੇ ਉੱਤੇ ਕੀਤਾ ਹੈ। ਸਪੇਨੀ ਭਾਸ਼ਾ ਵਿਚ ਇਸਦੀਆਂ ਹੁਣ ਤਕ ਪੰਜਾਹ ਲੱਖ ਕਾਪੀਆਂ ਵਿਕ ਚੁੱਕੀਆਂ ਹਨ ਅਤੇ ਸੰਸਾਰ ਸਾਹਿਤ ਦਾ ਨੋਬਲ ਪੁਰਸਕਾਰ ਵੀ 1997 ਵਿਚ ਇਸ ਦੇ ਹਿੱਸੇ ਆਇਆ ਹੈ। ਮਹਿਮਾ ਤਾਂ ਪਿਛਲੇ ਵਰ੍ਹੇ ਅੰਗਰੇਜ਼ੀ ਵਿਚ ਛਪੇ ਡੈਨ ਬਰਾਊਨ ਦੇ ਨਾਵਲ The Da Vinci Code ਦੀ ਵੀ ਬਹੁਤੀ ਹੋਈ ਹੈ ਪਰ 'ਸੌ ਸਾਲ ਦਾ ਇਕਲਾਪਾ' ਦੇ ਮੁਕਾਬਲੇ ਉਹ ਇਕ ਜਾਸੂਸੀ ਅਤੇ ਅਣਯਥਾਰਥਕ ਰਚਨਾ ਹੈ।

ਅੰਗਰੇਜ਼ੀ ਭਾਸ਼ਾ ਵਿਚ 'ਸੌ ਸਾਲ ਦਾ ਇਕਲਾਪਾ' ਦੇ 421 ਸਫ਼ੇ ਹਨ ਅਤੇ ਇਹ ਅੰਤਾਂ ਦੀ ਸੰਘਣੀ ਬੁਣਤੀ ਵਾਲੀ ਅਤਿ ਰੌਚਿਕ ਕਿਰਤ ਹੈ, ਜਿਸਨੂੰ ਸਭ ਤੋਂ ਪਹਿਲਾਂ ਮੈਂ ਆਪਣੇ ਵੱਡ ਆਕਾਰੀ ਨਾਵਲ 'ਖੇੜੇ ਸੁੱਖ ਵਿਹੜੇ ਸੁੱਖ' ਲਿਖਣ ਤੋਂ ਪਹਿਲਾਂ ਅੰਗਰੇਜ਼ੀ ਵਿਚ ਹੀ ਪੜ੍ਹਿਆ ਸੀ। ਉਹਨੀ ਦਿਨੀਂ ਪੜ੍ਹਿਆ ਤਾਂ ਮੈਂ Lust for life ਵੀ ਸੀ। ਪਰ ਮੈਨੂੰ ਇਸਦੀ ਅੰਗਰੇਜ਼ੀ Lust for Life ਅਤੇ ਬਾਅਦ ਵਿਚ ਪੜ੍ਹੇ Disgrace ਨਾਲੋਂ ਬਹੁਤ ਔਖੀ ਲੱਗੀ ਸੀ ਅਤੇ ਵਾਕ ਬਹੁਤ ਲੰਬੇ ਅਤੇ ਗੁੰਝਲਦਾਰ ਸਨ। ਪੰਜਾਬੀ ਭਾਸ਼ਾ ਵਿਚ ਉਥਲਾਉਂਦੇ ਸਮੇਂ ਡਾ. ਤੇਜਵੰਤ ਸਿੰਘ ਗਿੱਲ ਨੇ ਜਿੱਥੇ ਇਸਦੀ ਰੂਹ ਨੂੰ ਇੰਨ ਬਿੰਨ ਪਕੜਨ ਦਾ ਯਤਨ ਕੀਤਾ ਹੈ ਉੱਥੇ ਇਸ ਨੂੰ ਅੰਗਰੇਜ਼ੀ ਅਨੁਵਾਦ ਦੇ ਮੁਕਾਬਲੇ ਆਸਾਨ ਵੀ ਬਣਾਇਆ ਹੈ। ਉਦਾਹਰਨ ਵਜੋਂ ਮੁਖਬੰਦ ਵਿਚ ਸੰਖੇਪ ਵਿਚ ਸਾਰੀ ਕਹਾਣੀ ਦੇ ਦਿੱਤੀ ਹੈ। ਮਾਰਕੇਜ਼ ਦਾ ਸਾਹਿਤਕ ਵੇਰਵਾ, ਨਾਵਲ ਦੀਆਂ ਸੰਸਾਰ ਸਾਹਿਤ ਅਨੁਸਾਰ ਵਿਲੱਖਣਤਾਵਾਂ ਬਾਰੇ ਪੂਰਾ ਚਾਨਣਾ ਪਾਇਆ ਹੈ। ਪਾਠਕਾਂ ਦੀ ਸੌਖ ਲਈ ਇਸਦੇ 20 ਅਧਿਆਏ ਬਣਾਏ ਹਨ। ਆਪਣੀ ਅਮਰੀਕਾ ਫੇਰੀ ਦੌਰਾਨ ਡਾ. ਗਿੱਲ ਹੋਰਾਂ ਨਾਵਲ ਦੇ ਪਾਤਰਾਂ ਦੇ ਨਾਵਾਂ ਅਤੇ ਥਾਵਾਂ ਦੇ ਅਸਲ ਸਪੇਨੀ ਉਚਾਰਨ ਬਾਰੇ ਉਚੇਚ ਨਾਲ ਜਾਨਣ ਦੀ ਖੇਚਲ ਵੀ ਕੀਤੀ।

ਇਹ ਨਾਵਲ ਗੈਬੀ ਅਤੇ ਵਚਿੱਤਰ ਘਟਨਾਵਾਂ ਨਾਲ ਭਰਪੂਰ ਹੈ। ਹੋਮਰ ਦੇ ਮਹਾਂਕਾਵਿ 'ਉਡੀਸੀ' ਨਾਲ ਤੁਲਨਾਈ ਗਈ ਇਸ ਰਚਨਾ ਨੂੰ ਲਿਖਣ ਦਾ ਫੁਰਨਾ ਵੀ ਮਾਰਕੇਜ਼ ਨੂੰ ਉਸ ਵਕਤ ਫੁਰਿਆ ਜਦੋਂ ਉਹ ਇਕ ਨਿਰਧੜਕ ਪੱਤਰਕਾਰ ਵਜੋਂ ਵਿਚਰਦਿਆਂ ਆਪਣੇ ਸਟੇਟ ਦੇ ਅਤਿਆਚਾਰ ਤੋਂ ਬਚਦਾ-ਬਚਾਉਂਦਾ ਯੂਰਪ ਵਿਚ ਭਟਕਦਾ ਮੈਕਸੀਕੋ ਜਾ ਵਸਿਆ ਸੀ। ਪੱਤਰਕਾਰੀ ਨੂੰ ਛੱਡ ਛੁਡਾ ਕੇ ਉਸਨੇ ਬਚਪਨ ਵਿਚ ਸੁਣੀਆਂ ਆਪਣੀ ਨਾਨੀ ਦੀਆਂ ਬਾਤਾਂ ਤੋਂ ਪ੍ਰਭਾਵਤ ਹੋ ਕੇ ਇਹ ਨਾਵਲ ਲਿਖਣ ਦਾ ਮਨ ਬਣਾਇਆ ਅਤੇ ਡੇਢ ਸਾਲ ਲਈ ਆਪਣੇ ਆਪ ਨੂੰ ਕਮਰੇ ਵਿਚ ਬੰਦ ਕਰ ਲਿਆ। ਇਸ ਦੌਰਾਨ ਘਰ ਦਾ ਸਾਰਾ ਕੀਮਤੀ ਸਾਮਾਨ, ਘਰਵਾਲੀ ਦੇ ਗਹਿਣੇ ਅਤੇ ਕਾਰ ਆਦਿ ਵੀ ਵਿਕ ਗਏ ਅਤੇ ਘਰ ਗ੍ਰਹਿਸਤੀ ਚਲਦੀ ਰੱਖਣ ਖ਼ਾਤਰ ਗਲ ਗਲ ਕਰਜ਼ਾ ਚੜ੍ਹ ਗਿਆ। ਇਸ ਮਗਰੋਂ ਉਸ ਨੇ ਇਕ ਦਰਜਨ ਦੇ ਕਰੀਬ ਹੋਰ ਨਾਵਲ ਲਿਖੇ ਜਿਹਨਾਂ ਦੇ ਸਰੋਤ ਕਿਤੇ ਨਾ ਕਿਤੇ ਇਸ ਸ਼ਾਹਕਾਰ ਰਚਨਾ ਵਿਚੋਂ ਲੱਭੇ ਜਾ ਸਕਦੇ ਹਨ। ਉਸਦੀ ਮਹਿਮਾ ਤੋਂ ਪ੍ਰਭਾਵਤ ਹੋ ਕੇ ਸੰਸਾਰ ਪ੍ਰਸਿੱਧ ਇਨਕਲਾਬੀ ਨੇਤਾ ਅਤੇ ਸਿਆਸਤਦਾਨ ਫੀਦਲ ਕਾਸਤਰੋ ਨੇ ਅਗਲੇ ਜਨਮ ਵਿਚ ਆਪਣਾ ਮੌਜੂਦਾ ਰੰਗ ਬਿਰੰਗਾ ਜੀਵਨ ਤਿਆਗ ਕੇ ਮਾਰਕੇਜ਼ ਵਰਗਾ ਲੇਖਕ ਬਣਨ ਦੀ ਲਾਲਸਾ ਜ਼ਾਹਰ ਕੀਤੀ ਹੈ। ਮਾਰਕੇਜ਼ ਦਾ ਸਿਰਜਿਆ ਕਾਲਪਨਿਕ ਸੰਸਾਰ ਪਾਠਕ ਨੂੰ ਧੁਰ ਅੰਦਰ ਤਕ ਹਲੂਣਦਾ ਅਤੇ ਪਰਖ ਪੜਚੋਲ ਕਰਨ ਵਾਲੇ ਨੂੰ ਵੀ ਬੰਨ੍ਹ ਕੇ ਬਿਠਾ ਲੈਂਦਾ ਹੈ।

ਆਮ ਪਾਠਕ ਲਈ ਇਹ ਮਾਕੋਂਦੋ ਨਾਂ ਦੇ ਪਿੰਡ ਦਾ ਸੰਸਾਰ ਹੈ ਜਿਸਨੂੰ ਬੂਇੰਦੀਆ ਪਰਿਵਾਰ ਕੁਝ ਹੋਰ ਟੱਬਰਾਂ ਨੂੰ ਨਾਲ ਲੈ ਕੇ ਕੋਲੰਬੀਆ ਦੇ ਦਲਦਲੀ ਖੇਤਰ ਵਿਚ ਆ ਕੇ ਵਸਾਉਂਦਾ ਹੈ। ਹੋਸਿ ਆਰਕਾਦੀਓ ਬੂਇੰਦੀਆ ਇਸ ਨਵੀਂ ਵਸਾਈ ਨਗਰੀ ਦਾ ਮੁਖੀ ਹੈ ਜੋ ਆਪਨੀ ਪਤਨੀ ਉਰਸੂਲਾ ਅਤੇ ਦੋ ਨਿੱਕੇ ਪੁੱਤਰਾਂ-ਔਰਲਿਆਨੋ ਅਤੇ ਛੋਟੇ ਹੋਸਿ ਨਾਲ ਏਥੇ ਵਸ ਜਾਂਦਾ ਹੈ। ਉਹਨਾਂ ਦਾ ਪਹਿਲਾ ਪਿੰਡ ਸਵਰਗ ਬਰਾਬਰ ਸੀ ਪਰ ਉੱਥੇ ਨਵੀਂ-ਵਿਆਹੁਲੀ ਆਈ ਉਰਸੂਲਾ ਦੇ ਧੁਰ ਅੰਦਰ ਇਕ ਅਜੀਬ ਡਰ ਵਹਿਮ ਬਣ ਕੇ ਵਸ ਗਿਆ ਸੀ ਕਿ ਜੇ ਕਿਸੇ ਪੁਸ਼ਤ ਵਿਚ ਇਸ ਨਵੀਂ-ਜੋੜੀ ਦੇ ਵੱਡੇ ਵਡੇਰੇ ਖ਼ੂਨ ਦੇ ਸੰਬੰਧੀ ਹੋਏ ਤਾਂ ਇਸ ਤੋਂ ਪੈਦਾ ਹੋਣ ਵਾਲੇ ਸੰਭਾਵੀ ਬੱਚੇ ਪੂਛਾਂ ਵਾਲੇ ਜੰਮਣਗੇ। ਇਸ ਡਰ ਨਾਲ ਦਹਿਲੀ ਹੋਈ ਅਤੇ ਆਪਨੀ ਮਾਂ ਦੀ ਸਿਖਾਈ ਪੜ੍ਹਾਈ ਉਰਸੂਲਾ ਆਪਨੇ ਪਤੀ ਦਾ ਸੰਗ ਨਹੀਂ ਕਰਦੀ। ਹੋਸਿ ਬੂਇੰਦੀਆ ਵੱਲੋਂ ਜ਼ਬਰਦਸਤੀ ਕਰਨ ਦੇ ਡਰੋਂ ਉਹ ਖੁਰਦਰੇ, ਮੋਟੇ ਕੱਪੜੇ ਦੀ ਚੱਡੀ ਪਹਿਨ ਕੇ ਰੱਖਦੀ ਹੈ ਜਿਸਨੂੰ ਚਮੜੇ ਦੀਆਂ ਬੱਧਰੀਆਂ ਅਤੇ ਬਕਸੂਏ ਲੱਗੇ ਹੋਏ ਹਨ। ਪਰ ਕਈ ਮਹੀਨੇ ਬਾਅਦ ਕੁੱਕੜਾਂ ਦੀ ਲੜਾਈ ਵਿਚ ਵੱਡੇ ਹੋਸਿ ਪਾਸੋਂ ਹਾਰਿਆ ਪਰੋਦੈਂਸੀਓ ਨਾਂ ਦਾ ਇਕ ਸ਼ਰੀਕ ਉਸ ਨੂੰ ਨਿਪੁੰਸਕ ਹੋਣ ਦਾ ਮਿਹਣਾ ਮਾਰਦਾ ਹੈ ਤਾਂ ਹੋਸਿ ਬੂਇੰਦੀਆ ਘਰੋਂ ਦੰਦੇਦਾਰ ਬਰਛਾ ਲਿਆ ਕੇ ਸ਼ਰੀਕ ਦੀ ਗਰਦਨ ਵੱਢ ਦਿੰਦਾ ਹੈ ਅਤੇ ਘਰ ਆ ਕੇ ਉਰਸੂਲਾ ਨਾਲ ਜਬਰੀ ਸੰਭੋਗ ਕਰਦਾ ਹੈ। ਉਹ ਸ਼ਰੀਕ ਭੂਤ ਬਣ ਕੇ ਹਰ ਰੋਜ਼ ਰਾਤ ਨੂੰ ਪਾਨੀ ਨਾਲ ਆਪਨੀ ਗਰਦਨ ਧੋਂਦਾ ਇਸ ਦੰਪਤੀ ਨੂੰ ਦਿਖਾਈ ਦਿੰਦਾ ਰਹਿੰਦਾ ਹੈ। ਉਸਦੇ ਸਤਾਏ ਹੋਏ ਪਤੀ ਪਤਨੀ ਪਹਾੜਾਂ ਤੋਂ ਪਾਰ ਜਾ ਕੇ ਮਾਂਕੋਂਦੋ ਨਾਂ ਦਾ ਪਿੰਡ ਵਸਾਉਂਦੇ ਹਨ। ਉਦੋਂ ਤਕ ਉਹਨਾਂ ਦੇ ਦੋ ਪੁੱਤਰਾਂ ਤੋਂ ਇਲਾਵਾ ਇਕ ਧੀ ਅਮਰਾਂਤਾ ਦੀ ਪੈਦਾਇਸ਼ ਵੀ ਹੋ ਜਾਂਦੀ ਹੈ।

ਔਰਲਿਆਨੋ ਅਤੇ ਛੋਟਾ ਹੋਸਿ ਵੱਡੇ ਹੁੰਦੇ ਹਨ ਤਾਂ ਪਿਲਾਰ ਤਰਨੇਰਾ ਨਾਂ ਦੀ ਪੱਤਿਆਂ ਨਾਲ ਕਿਆਫੇ ਲਾਉਣ ਵਾਲੀ ਨਜੂਮਣ ਨਾਲ ਸਰੀਰਕ ਸੰਬੰਧ ਜੋੜ ਲੈਂਦੇ ਹਨ। ਛੋਟੇ ਹੋਸਿ ਤੋਂ ਪੈਦਾ ਹੋਈਆਂ ਚਾਰ ਪੀੜ੍ਹੀਆਂ ਜਿਵੇਂ ਸੰਘਰਸ਼ਮਈ ਜੀਵਨ ਜੀਊਂਦੀਆਂ ਹਨ, ਔਰਲਿਆਨੋ ਕਰਨਲ ਬਣਕੇ ਜਿਵੇਂ ਘਰੇਲੂ ਯੁੱਧ ਦੀ ਅਗਵਾਈ ਕਰਦਾ ਹੈ, ਰਾਜਸੀ ਸੰਕਟ ਝੁਲਦੇ ਅਤੇ ਕਤਲ ਹੁੰਦੇ ਹਨ, ਇਸ ਸਭ ਕੁਝ ਦਾ ਬਿਰਤਾਂਤ ਇਸ ਨਾਵਲ ਵਿਚ ਉਜਾਗਰ ਹੁੰਦਾ ਹੈ। ਮੈਲਈਆਦਿ ਨਾਂ ਦੇ ਖਾਨਾਬਦੋਸ਼ ਦੇ ਪ੍ਰਭਾਵ ਥੱਲੇ ਉਰਸੂਲਾ ਦਾ ਘਰਵਾਲਾ ਵੱਡਾ ਹੋਸਿ ਚੁੰਬਕੀ ਔਜ਼ਾਰਾਂ, ਵੱਡਦਰਸ਼ੀ ਸ਼ੀਸ਼ੇ ਅਤੇ ਹੀਰੇ ਵਾਂਗ ਲਿਸ਼ਕਦੀ ਬਰਫ਼ ਤੋਂ ਏਨਾ ਪ੍ਰਭਾਵਤ ਹੁੰਦਾ ਹੈ ਕਿ ਪਤਨੀ ਦੇ ਗਹਿਣਿਆਂ ਤੋਂ ਹੋਰ ਸੋਨਾ ਬਣਾਉਣ ਦਾ ਝੱਸ ਉਸ ਦੇ ਮਨ ਉੱਪਰ ਸਵਾਰ ਹੋ ਜਾਂਦਾ ਹੈ। ਉਸਦਾ ਦਿਮਾਗ਼ ਹਿੱਲ ਜਾਂਦਾ ਹੈ ਅਤੇ ਉਸਨੂੰ ਵਿਹੜੇ ਵਿਚਲੇ ਇਕ ਬਿਰਖ ਨਾਲ ਬੰਨ੍ਹ ਦਿੱਤਾ ਜਾਂਦਾ ਹੈ, ਜਿੱਥੇ ਬਾਕੀ ਜੀਵਨ ਭਰ ਨੂੜਿਆ ਉਹ ਆਪਨੀ ਕਲਪਨਾ ਦੇ ਸੰਸਾਰ ਵਿਚ ਗੁਆਚਿਆ ਝੂਰਦਾ ਰਹਿੰਦਾ ਹੈ, ਕਿਉਂਕਿ ਉਸਦਾ ਸੋਨਾ ਬਣਾਉਣ ਦਾ ਸੁਫਨਾ ਪੂਰਾ ਨਹੀਂ ਹੁੰਦਾ।

ਪਰਿਵਾਰ ਦੇ ਪਾਲਣ ਦੀ ਸਾਰੀ ਜ਼ਿੰਮੇਵਾਰੀ ਉਰਸੂਲਾ ਨਿਭਾਉਂਦੀ ਹੈ। ਸਿੱਟੇ ਵਜੋਂ ਘਰ ਵਿਚ ਖੁਸ਼ਹਾਲੀ ਵੀ ਆਉਂਦੀ ਹੈ। ਨਾਲ ਹੀ ਪਿਲਰ ਤਰਨੇਰਾ ਨਾਂ ਦੀ ਪੱਕੜ ਔਰਤ ਦੀ ਉਸਦੀ ਰਸੋਈ ਤਕ ਪਹੁੰਚ ਹੋ ਜਾਂਦੀ ਹੈ। ਛੋਟੇ ਹੋਸਿ ਤੋਂ ਗਰਭਵਤੀ ਹੋਈ ਨਜੂਮਣ ਜੰਗਲੀ ਬਿਰਤੀ ਵਾਲੇ ਆਰਕਾਦੀਓ ਨੂੰ ਜਨਮ ਦਿੰਦੀ ਹੈ। ਫੇਰ ਏਹੀ ਹੋਸਿ ਖਾਨਾਬਦੋਸ਼ਾਂ ਦੀ ਇਕ ਨਬਾਲਗ ਲੜਕੀ ਨਾਲ ਰਚਾਈ ਕਾਮ ਕ੍ਰੀੜਾ ਤੋਂ ਪ੍ਰਭਾਵਤ ਹੋਇਆ ਖਾਨਾਬਦੋਸ਼ਾਂ ਨਾਲ ਰਲ ਕੇ ਪਿੰਡ ਛੱਡ ਜਾਂਦਾ ਹੈ। ਮੁੱਦਤ ਮਗਰੋਂ ਜਦੋਂ ਕਬਾਇਲੀਆਂ ਦੀ ਸੰਗਤ ਵਿਚ ਰਹਿੰਦਾ, ਉਹ ਦੁਨੀਆਂ ਗਾਹ ਕੇ, ਸਾਗਰਾਂ ਦੇ ਤੂਫਾਨਾਂ ਨਾਲ ਟਕਰਾ ਕੇ ਘਰ ਵੜਦਾ ਹੈ ਤਾਂ ਪਰਿਵਾਰ ਵਿਚ ਜਿਵੇਂ ਭੂਚਾਲ ਆ ਜਾਂਦਾ ਹੈ। ਇਸ ਸਮੇਂ ਦੌਰਾਨ ਬੂਇੰਦੀਆ ਪਰਿਵਾਰ ਦੀ ਕਿਸੇ ਦੂਰ ਦੀ ਰਿਸ਼ਤੇਦਾਰੀ ਵਿਚੋਂ ਅਨਾਥ ਹੋਈ ਬੱਚੀ

ਰੈਬੇਕਾ ਆਪਨੇ ਮੋਏ ਮਾਪਿਆਂ ਦੀਆਂ ਅਸਥੀਆਂ ਵਾਲੀ ਪੋਟਲੀ ਨੂੰ ਹੱਥ ਵਿਚ ਛਣਕਾਉਂਦੀ, ਉਹਨਾਂ ਦੀ ਸ਼ਰਨ ਵਿਚ ਆ ਕੇ ਰਹਿਨ ਲੱਗ ਚੁੱਕੀ ਹੁੰਦੀ ਹੈ, ਜਿਸ ਦੀ ਘਰ ਦੀ ਸਕੀ ਧੀ ਅਮਰਾਂਤਾ ਨਾਲ ਖੜਕ ਪੈਂਦੀ ਹੈ। ਇਹ ਸ਼ਰੀਕੇਬਾਜ਼ੀ ਖੋਰੀ ਕਿਸਮ ਦੇ ਵੈਰ ਵਿਰੋਧ ਵਿਚ ਬਦਲ ਜਾਂਦੀ ਹੈ। ਦੋਵੇਂ ਲੜਕੀਆਂ ਉਹਨਾਂ ਨੂੰ ਸੰਗੀਤ ਅਤੇ ਨਾਚ ਸਿਖਾਉਣ ਆਏ ਸੰਗੀਤਕਾਰ ਕਰੇਸਪੀ ਉੱਤੇ ਮੋਹਿਤ ਹੋ ਜਾਂਦੀਆਂ ਹਨ। ਰੈਬੇਕਾ ਅਤੇ ਕਰੇਸਪੀ ਦਾ ਲਗਾਓ ਕੁਝ ਜ਼ਿਆਦਾ ਦੇਖ ਕੇ ਸੜੀ ਬਲੀ ਅਮਰਾਂਤਾ ਅੜਿੱਕੇ ਡਾਹੁੰਦੀ ਹੈ, ਜਿਸ ਤੋਂ ਖਿਝ ਕੇ ਰੈਬੇਕਾ ਖਾਨਾ ਬਦੋਸ਼ਾਂ ਨਾਲੋਂ ਮੁੜੇ ਜੰਗਲੀ ਹੋਸਿ ਨਾਲ ਵਿਆਹ ਰਚਾ ਲੈਂਦੀ ਹੈ। ਅਮਰਾਂਤਾ ਹੁਣ ਕਰੇਸਪੀ ਨੂੰ ਆਪ ਵੀ ਠੁਕਰਾ ਦਿੰਦੀ ਹੈ ਜਿਹੜਾ ਬੇਵੱਸ ਹੋਇਆ ਖੁਦਕੁਸ਼ੀ ਕਰ ਲੈਂਦਾ ਹੈ।

ਪਿਲਾਰ ਤਰਨੇਰਾ ਜੋ ਛੋਟੇ ਹੋਸਿ ਦੇ ਘਰ ਛੱਡ ਜਾਣ ਮਗਰੋਂ ਔਰਲਿਆਨੋ ਨਾਲ ਲੱਗ ਗਈ ਸੀ, ਨੇ ਔਰਲਿਆਨੋ ਤੋਂ ਵੀ ਇਕ ਮੁੰਡੇ ਨੂੰ ਜਨਮ ਦਿੱਤਾ ਸੀ ਜਿਹੜਾ ਆਪਨੀ ਭੂਆ ਅਮਰਾਂਤਾ ਦੇ ਸਾਥ ਵਿਚ ਪਲਦਾ, ਬਚਪਨ ਤੋਂ ਭੂਆ ਦਾ ਨੰਗੇਜ ਦੇਖਦਾ, ਵੱਡਾ ਹੋ ਕੇ ਉਸ ਉੱਤੇ ਹੀ ਮੋਹਿਤ ਹੋ ਜਾਂਦਾ ਹੈ ਜਿਹੜੀ ਉਸਦੀ ਮਾਂ ਸਾਮਾਨ ਹੋਣ ਦਾ ਵਾਸਤਾ ਪਾ ਕੇ ਉਸ ਤੋਂ ਬਚਦੀ ਹੈ। ਉਸ ਦਾ ਬਾਪ ਔਰਲਿਆਨੋ ਪਿਲਾਰ ਤਰਨੇਜਾ ਦਾ ਖਹਿੜਾ ਛੱਡ ਕੇ ਪਿੰਡ ਵਿਚ ਹਾਕਮ ਬਣ ਕੇ ਆਏ ਅਪੋਲੀਨਾਰ ਮੋਸਕੋਤਿ ਦੀ ਸਭ ਤੋਂ ਛੋਟੀ ਲੜਕੀ ਰਮੇਦੀਓਸ ਨੂੰ ਆਪਣੇ ਪਿਤਾ ਵੱਡਾ ਹੋਸਿ, ਜੋ ਕਿ ਉਦੋਂ ਅਜੇ ਦਿਮਾਗੀ ਪੱਖੋਂ ਤੰਦਰੁਸਤ ਸੀ, ਦੀ ਪਰਵਾਨਗੀ ਨਾਲ ਵਿਆਹ ਲਿਆਉਂਦਾ ਹੈ, ਭਾਵੇਂ ਪਰਿਵਾਰ ਮੁਖੀ ਵੱਡਾ ਹੋਸਿ ਸ਼ੁਰੂ ਤੋਂ ਹੀ ਮਾਕੋਂਦੋ ਉੱਤੇ ਬਾਹਰੋਂ ਥੋਪੇ ਗਏ ਸ਼ਾਸਕ ਅਪੋਲੀਨਾਰ ਦਾ ਹਰੇਕ ਪੱਖ ਤੋਂ ਵਿਰੋਧ ਕਰਦਾ ਹੈ। ਰਮੇਦੀਓਸ ਆਪਨੀ ਸੱਸ ਉਰਸੂਲਾ ਨਾਲ ਘਰ ਗ੍ਰਹਿਸਤੀ ਵਿਚ ਪੂਰਾ ਹੱਥ ਵਟਾਉਂਦੀ ਹੈ, ਸਹੁਰੇ ਦੀ ਸੇਵਾ ਕਰਦੀ ਹੈ ਪਰ ਗੁੱਝੇ ਕਾਰਨਾਂ ਵੱਸ ਉਸ ਦੀ ਮੌਤ ਹੋ ਜਾਂਦੀ ਹੈ। ਉਪਰੰਤ ਨਿਰਾਸ ਹੋਇਆ ਔਰਲਿਆਨੋ ਬੇਮੁਹਾਰਾ ਹੋ ਜਾਂਦਾ ਹੈ। ਚੋਣਾਂ ਆ ਜਾਣ ਕਾਰਨ ਆਪਣੇ ਰੂੜ੍ਹੀਵਾਦੀ ਸਹੁਰੇ ਨੂੰ ਛੱਡ ਕੇ ਉਦਾਰਵਾਦੀਆਂ ਦੀ ਮਦਦ ਕਰਦਾ ਹੈ। ਘਰੇਲੂ ਜੰਗ ਛਿੜ ਪੈਂਦੀ ਹੈ। ਔਰਲਿਆਨੋ ਹੀਰੋ ਬਣ ਕੇ ਅਨੇਕ ਮੋਰਚਿਆਂ ਉੱਤੇ ਲੜਦਾ ਹੈ। ਜੰਗ ਦੌਰਾਨ ਲੋਕਾਂ ਦਾ ਹੀਰੋ ਬਣਨ ਕਰਕੇ ਗੁੰਮਨਾਮ ਮੁਟਿਆਰਾਂ ਤੋਂ ਉਸਦੇ ਸਤਾਰਾਂ ਪੁੱਤਰ ਜੰਮਦੇ ਹਨ।

ਰਾਤ ਦਿਨ ਕਾਮ ਕ੍ਰੀੜਾ ਵਿਚ ਮਸਤ ਛੋਟਾ ਹੋਸਿ ਜੰਗ ਵਿਚ ਨਾਮਣਾ ਖੱਟ ਰਹੇ ਭਰਾ ਕਰਨਲ ਔਰਲਿਆਨੋ ਦੀ ਘੁਮੇਰ ਵਿਚ ਨਾਲ ਲਗਦੇ ਖੇਤਾਂ ਉੱਪਰ ਕਬਜ਼ਾ ਜਮਾ ਲੈਂਦਾ ਹੈ ਪਰ ਇਕ ਦੁਪਹਿਰ ਉਸ ਦੇ ਸੌਣ ਕਮਰੇ ਵਿਚੋਂ ਗੋਲੀ ਦੀ ਆਵਾਜ਼ ਆਉਂਦੀ ਹੈ। ਖ਼ੂਨ ਦੀ ਤਤੀਰੀ ਉਰਸੂਲਾ ਦੀ ਰਸੋਈ ਤਕ ਚਲੀ ਜਾਂਦੀ ਹੈ। ਰੈਬੇਕਾ ਆਪਣੇ ਘਰ ਅੰਦਰ ਹੀ ਬੰਦ ਹੋ ਕੇ ਜਿਊਂਦੀ ਹੀ ਪ੍ਰੇਤ ਜੂਨ ਹੰਢਾਉਂਦੀ ਹੈ। ਅਮਰਾਂਤਾ ਵੀ ਅਖੀਰ ਮਰਨ ਕੰਢੇ ਪਹੁੰਚੀ ਹੋਈ, ਨੇਕੀ ਕਰਨੀ ਚਾਹੁੰਦੀ, ਅਜੀਬ ਹੋਕਾ ਦਿਵਾਉਂਦੀ ਹੈ ਕਿ ਉਹ ਪਿੰਡ ਦੇ ਵਸਨੀਕਾਂ ਦੇ ਪਹਿਲਾਂ ਮਰ ਚੁੱਕੇ ਪ੍ਰੇਤਾਂ ਲਈ ਹੁਣ ਆਪ ਸੁੱਖ ਸੁਨੇਹੇ ਲੈ ਕੇ ਜਾਵੇਗੀ ਤਾਂ ਉਸਦੇ ਘਰ ਮੂਹਰੇ ਚਿੱਠੀਆਂ ਦੇ ਢੇਰ ਲੱਗ ਜਾਂਦੇ ਹਨ।

ਇੰਝ ਹੀ ਪਰਿਵਾਰ ਦੀ ਅਗਲੀ ਪੁਸ਼ਤ ਵਿਚ ਰਮੇਦੀਓਸ ਨਾਂ ਦੀ ਹੋਰ ਹੁਸੀਨਾ ਪਰਵਾਨ ਚੜ੍ਹਦੀ ਹੈ ਜਿਹੜੀ ਸਦਾ ਨਗਨ ਰਹਿੰਦੀ ਹੈ। ਉਸਨੂੰ ਜਿਹੜਾ ਵੀ ਗੱਭਰੂ ਲਾਲਸਾ ਨਾਲ ਦੇਖਦਾ ਹੈ, ਨਸ਼ਟ ਹੋ ਜਾਂਦਾ ਹੈ। ਉਹ ਆਪ ਵੀ ਕਵਾਰੀ ਕੰਜਕ ਵਜੋਂ ਹੀ ਇਸ ਸੰਸਾਰ ਵਿਚੋਂ ਕੂਚ ਕਰ ਜਾਂਦੀ ਹੈ। ਉਸ ਦੇ ਨੰਗੇਜ ਵਾਂਗ ਉਸਦੀ ਵਿਦਾਇਗੀ ਵੀ ਚੁੰਧਿਆ ਦੇਣ ਵਾਲੀ ਹੈ। ਰੰਗੀਨ ਚਾਦਰਾਂ ਵਿਚ ਲਿਪਟੀ ਉਹ ਆਕਾਸ਼ ਵੱਲ ਉਡਾਰੀ ਮਾਰਦੀ ਹੈ। ਰੰਗਦਾਰ ਚਾਦਰਾਂ ਇਕ ਇਕ ਕਰਕੇ ਉਡਦੀਆਂ ਡਿਗਦੀਆਂ ਜਾਂਦੀਆਂ ਹਨ ਅਤੇ ਬਿਜਲੀ ਦਾ ਰੂਪ ਧਾਰ ਕੇ ਉਹ ਵੀ ਆਕਾਸ਼ ਵਿਚ ਅਲੋਪ ਹੋ ਜਾਂਦੀ ਹੈ।

ਇਸ ਤਰ੍ਹਾਂ ਦੀਆਂ ਅਨੇਕ ਘਟਨਾਵਾਂ ਨਾਲ ਨਾਵਲ ਓਤਪੋਤ ਹੈ। ਪਰ ਅਜਿਹੀਆਂ

ਜਿਨੀਆਂ ਵੀ ਆਦਿਕਾਲੀ ਜਾਂ ਸਮਕਾਲੀ ਘਟਨਾਵਾਂ ਵਾਪਰਦੀਆਂ ਹਨ, ਉਹਨਾਂ ਦੀ ਤੰਦ ਮੁੱਖ
ਜਿਨੀਆਂ ਵੀ ਆਦਿਕਾਲੀ ਜਾਂ ਸਮਕਾਲੀ ਘਟਨਾਵਾਂ ਵਾਪਰਦੀਆਂ ਹਨ, ਉਹਨਾਂ ਦੀ ਤੰਦ ਮੁੱਖ
ਪਲਾਟ ਨਾਲ ਜੁੜੀ ਜਾਪਦੀ ਹੈ। ਕੁਝ ਵੀ ਵਾਧੂ ਨਹੀਂ ਲਗਦਾ। ਨਾਵਲਕਾਰ ਨੇ ਲਾਤੀਨੀ
ਅਮਰੀਕਾ ਦੇ ਇਤਿਹਾਸ, ਮਿਥਿਹਾਸ, ਸਭਿਆਚਾਰ ਅਤੇ ਰਾਜਨੀਤੀ ਨੂੰ ਇਸ ਹੁਨਰ ਨਾਲ
ਗੁੰਦਿਆ ਹੈ ਕਿ ਉਹ ਦੱਖਣੀ ਅਮਰੀਕਾ ਦੇ ਹਰੇਕ ਖਿੱਤੇ ਦੀ ਹੋਣੀ ਜਾਪਦੀ ਹੈ। ਜਿਵੇਂ ਬੁਇੰਦੀਆ
ਪਰਿਵਾਰ ਨਿਘਾਰ ਵੱਲ ਜਾਂਦਾ ਹੈ, ਉਵੇਂ ਮਾਕੋਂਦੋ ਦਾ ਵੀ ਪਤਨ ਹੋ ਜਾਂਦਾ ਹੈ।

ਇਸ ਨਾਵਲ ਨੂੰ ਪੜ੍ਹਦਿਆਂ ਅੱਜੋਕੇ ਪੰਜਾਬੀ ਗਲਪ ਨੂੰ ਮੇਰਾ ਮਨ ਆਪ ਮੁਹਾਰੇ ਨਾਲੋ
ਨਾਲ ਤੁਲਨਾਤਮਕ ਦ੍ਰਿਸ਼ਟੀ ਤੋਂ ਵਿਚਾਰਦਾ ਰਿਹਾ ਹੈ। ਬੇਸ਼ੱਕ ਪੰਜਾਬੀ ਨਾਵਲ ਨੇ ਘੱਟ ਬੁਲੰਦੀਆਂ
ਨਹੀਂ ਛੋਹੀਆਂ। 'ਪਿਓ ਪੁੱਤਰ', 'ਪਰਸਾ' ਅਤੇ 'ਕੋਠੇ ਖੜਕ ਸਿੰਘ' ਵਰਗੀਆਂ ਗਲਪ ਰਚਨਾਵਾਂ
ਬਲੌਰ ਵਾਂਗ ਡਲ੍ਹਕਾਂ ਮਾਰਦੀਆਂ ਹਨ। ਪਰ ਆਮ ਤੌਰ ਉੱਤੇ ਅਸੀਂ ਨਾਵਲਾਂ ਵਿਚ ਅੱਧ ਪੱਕਿਆ
ਜਿਹਾ ਸੱਚ ਪਾਠਕਾਂ ਅੱਗੇ ਪਰੋਸ ਦਿੰਦੇ ਹਾਂ। ਆਮ ਨਾਵਲਾਂ ਵਿਚਲਾ ਯਥਾਰਥ ਅੱਧ ਰਿੱਝੀ ਖੀਰ
ਵਿਚਲੇ ਚੌਲਾਂ ਵਾਂਗ ਖਿੱਲਰਿਆ-ਖਿੱਲਰਿਆ ਅਲੱਗ ਦਿਸਦਾ ਰਹਿੰਦਾ ਹੈ। ਅਸੀਂ ਸਾਵਣ ਭਾਦੋਂ
ਦੇ ਗੰਧਲ਼ ਨੂੰ ਉਂਝ ਹੀ ਬੋਤਲਾਂ ਵਿਚ ਭਰ ਦਿੰਦੇ ਹਾਂ। ਮੱਘਰ ਮੋਹ ਦੀ ਉਡੀਕ ਨਹੀਂ ਕਰਦੇ ਜਦੋਂ
ਉਹੀ ਹੜ੍ਹ ਦਾ ਪਾਣੀ ਨਿਤਰ ਕੇ ਸ਼ੀਸ਼ੇ ਵਰਗਾ ਨਿਰਮਲ ਰੂਪ ਧਾਰ ਲੈਂਦਾ ਹੈ। ਹੁਣੇ ਵਰਤਿਆ
ਯਥਾਰਥ ਭਲਾ ਤੱਟ ਫੱਟ ਗਲਪੀ ਸੱਚ ਦਾ ਰੂਪ ਕਿਵੇਂ ਲੈ ਸਕਦਾ ਹੈ? ਇਸ ਲਈ ਕੁਝ ਵਕਫੇ ਦੀ
ਜ਼ਰੂਰਤ ਹੁੰਦੀ ਹੈ। ਇਸ ਲਈ ਸਾਡਾ ਗਲਪ ਨਿਰੀ ਯਥਾਰਥਵਾਦੀ ਅਤੇ ਵਿਹਾਰਕ ਜਿਹੀ ਪਹੁੰਚ
ਤੋਂ ਅੱਗੇ ਘੱਟ ਹੀ ਵਧਦਾ ਦਿਖਾਈ ਦਿੰਦਾ ਹੈ। ਸਾਡਾ ਬਿਰਤਾਂਤ ਵੀ ਆਮ ਕਰਕੇ ਇਕ ਲਕੀਰੀ
ਹੀ ਹੈ ਜਦੋਂ ਕਿ ਦ੍ਰਿਸ਼ਟ ਅਦ੍ਰਿਸ਼ਟ ਨੂੰ ਦਰਸਾਉਣ ਲਈ ਮਾਰਕੇਜ਼ ਨੇ ਤਲਿੱਸਮੀ ਯਥਾਰਥ ਦੀ ਵਰਤੋਂ
ਕੀਤੀ ਹੈ ਜਿਹੜਾ ਵਚਿੱਤਰ ਹੁੰਦਾ ਹੋਇਆ ਵੀ ਮੂਲੋਂ ਅਸਲ ਜਾਪਦਾ, ਪਾਠਕ ਉੱਤੇ ਇਕ ਜਾਦੂ
ਜਿਹਾ ਧੂੜ ਦਿੰਦਾ ਹੈ। ਤਕਨੀਕ ਪੱਖੋਂ ਵੀ ਇਹ ਨਾਵਲ ਅੱਧ ਵਿਚਕਾਰੋਂ ਸ਼ੁਰੂ ਹੁੰਦਾ ਹੈ ਜਿੱਥੇ
ਕਰਨਲ ਔਰਲਿਆਨੋ ਰੂੜ੍ਹੀਵਾਦੀਆਂ ਹੱਥੋਂ ਹਾਰਿਆ ਹੋਇਆ ਗੋਲੀਮਾਰ ਦਸਤੇ ਵੱਲੋਂ ਜੰਜ਼ੀਰਾਂ
ਵਿਚ ਜਕੜਿਆ, ਦੀਵਾਰ ਨਾਲ ਲੱਗਿਆ ਪਲ ਪਲ ਮੌਤ ਉਡੀਕਦਾ, ਹੁਣ ਤਕ ਵਾਪਰੇ ਸਾਰੇ
ਘਟਨਾ ਚੱਕਰ ਨੂੰ ਪਿੱਛਲਖੁਰੀ ਯਾਦ ਕਰਦਾ ਹੈ। ਹਾਰਦਾ ਜਿੱਤਦਾ ਅਖੀਰ ਉਹ ਜਿਹੜੇ ਆਦਰਸ਼
ਲਈ ਜੂਝਦਾ ਰਿਹਾ ਹੈ, ਉਸ ਤੋਂ ਹੀ ਨਿਰਾਸ ਹੋ ਜਾਂਦਾ ਹੈ ਜਿਵੇਂ ਪਰਿਵਾਰ ਦੀ ਆਖ਼ਰੀ ਪੁਸ਼ਤ
ਵਿਚਲਾ ਇਕ ਹੋਰ ਔਰਲਿਆਨੋ ਅਗਿਆਨ ਵੱਸ ਬੁਇੰਦੀਆਂ ਪਰਿਵਾਰ ਦੀ ਹੀ ਇਕ ਹੋਰ ਰਮੇਦੀਓਸ
ਨਾਲ ਵਿਭਚਾਰ ਰਚਾਉਂਦਾ, ਨਿਰੇ ਭੋਗ ਵਿਲਾਸ ਵਿਚ ਖੱਚਤ ਹੋਣ ਨੂੰ ਹੀ ਅਸਲ ਜੀਵਨ ਸਮਝਦਾ
ਅੰਤ ਵਿਚ ਨਿਰਾਸ ਹੋਇਆ ਪਾਗ਼ਲਾਂ ਵਾਂਗ ਭਟਕਦਾ ਆਪਣੇ ਮਰੇ ਹੋਏ ਜਵਾਕ ਨੂੰ ਟੋਕਰੀ ਵਿਚ
ਪਾਈ ਲਾਚਾਰ ਫਿਰਦਾ ਹੈ ਜਦੋਂ ਉਸਦੀ ਪਤਨੀ ਰਮੇਦੀਓਸ ਪਰਸੂਤੀ ਪੀੜਾ ਦੌਰਾਨ ਹੀ ਖ਼ੂਨ ਵਗ
ਜਾਣ ਕਰਕੇ ਮਰ ਜਾਂਦੀ ਹੈ। ਏਹੀ ਮਨੁੱਖ ਦੀ ਹੋਣੀ ਹੈ-ਆਦਰਸ਼ ਅਤੇ ਲਾਲਸਾ ਵਿਚਕਾਰ ਭਟਕਣਾ।
ਯੂਨਾਨੀ ਦੁਖਾਂਤ ਵਾਂਗ ਇਸ ਸਥਿਤੀ ਨੂੰ ਭੋਗਦਾ ਮਨੁੱਖ ਬੇਵੱਸ ਮਹਿਸੂਸ ਕਰਦਾ ਹੈ।

ਹੱਥਲੀ ਲਿਖਤ ਵਿਚ ਇੰਝ ਇਹ ਸੰਖੇਪ ਜਿਹਾ ਬਿਰਤਾਂਤ ਦਿੱਤਾ ਗਿਆ ਹੈ। ਸਮੁੱਚੇ
ਨਾਵਲ ਵਿਚਲੇ ਘਟਨਾਕ੍ਰਮ ਦਾ ਅਸਲੀ ਲੁਤਫ਼ ਤਾਂ ਇਸ ਅਦਭੁਤ, ਪਲ ਪਲ ਬਦਲਦੀ ਸਾਰੀ
ਰਚਨਾ ਨੂੰ ਆਪ ਪੜ੍ਹਕੇ ਹੀ ਉਠਾਇਆ ਜਾ ਸਕਦਾ ਹੈ, ਜਿਹੜੀ ਪੰਜਾਬੀ ਪਾਠਕਾਂ ਲਈ ਸੱਚਮੁੱਚ
ਇਕ ਤੋਹਫਾ ਸਾਬਤ ਹੋਵੇਗੀ। ਭਾਵੇਂ ਨਵੀਂ ਪੀੜ੍ਹੀ ਲਈ ਉਰਦੂ ਦੇ ਕੁਝ ਸ਼ਬਦ ਜ਼ਰਾ ਔਖੇ ਵੀ
ਲੱਗ ਸਕਦੇ ਹਨ। ਇਸ ਵਿਲੱਖਣ ਕਾਰਜ ਲਈ ਡਾਕਟਰ ਤੇਜਵੰਤ ਗਿੱਲ ਜਿਹੀ ਨਿੱਠ ਕੇ ਪੜ੍ਹਨ
ਲਿਖਣ ਅਤੇ ਡਟ ਕੇ ਬੈਠਣ ਵਾਲੀ ਸਿਰੜੀ ਸ਼ਖਸੀਅਤ ਦੀਆਂ ਸੇਵਾਵਾਂ ਪ੍ਰਾਪਤ ਕਰ ਲੈਣੀਆਂ,
ਪੰਜਾਬੀ ਯੂਨੀਵਰਸਿਟੀ ਦੀ ਵੀ ਇਕ ਗੌਲਣਯੋਗ ਪ੍ਰਾਪਤੀ ਹੈ। ❑❑

[ਪਿੰਡ ਤੇ ਡਾ. ਸੇਹ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ]

ਅਰਥਾਂ ਦਾ ਜੰਗਲ [ਅਮਰਦੀਪ ਗਿੱਲ]

ਅਮਰਦੀਪ ਗਿੱਲ ਨੇ 'ਅਰਥਾਂ ਦਾ ਜੰਗਲ' [ਪੰਨੇ 185, ਮੁੱਲ 100 ਰੁਪਏ, ਦ੍ਰਿਸ਼ਟੀਕੋਣ ਪ੍ਰਕਾਸ਼ਨ, ਬਠਿੰਡਾ] ਜਿੰਨੇ ਮੋਹ ਨਾਲ ਮੈਨੂੰ ਭੇਜਿਆ ਸੀ ਮੈਂ ਓਨੇ ਹੀ ਨਿਰਮੋਹੇਪਨ ਨਾਲ ਇਸਨੂੰ ਕਈ ਮਹੀਨੇ ਵਿਸਾਰ ਛੱਡਿਆ। ਅਸਲ ਵਿਚ ਮੇਰੀ ਹਾਲਤ ਉਸ ਦਿਉ ਵਰਗੀ ਸੀ ਜਿਹੜਾ ਕਿਸੇ ਸੁੰਦਰੀ ਨੂੰ ਤੱਕ ਕੇ ਪਹਿਲਾਂ ਹੱਸਿਆ ਤੇ ਫੇਰ ਰੋਇਆ ਸੀ। ਹੱਸਿਆ ਉਸਦੀ ਸੁੰਦਰਤਾ ਉੱਤੇ ਤੇ ਰੋਇਆ ਸੁੰਦਰਤਾ ਦੇ ਮਧੋਲੇ ਜਾਣ ਦੀ ਸੰਭਾਵਨਾ ਉੱਤੇ। ਚਲੋ ਹਾਸੇ ਤੇ ਰੋਣੇ ਦੀ ਗੱਲ ਜ਼ਰਾ ਰੁਕ ਕੇ। ਸੰਪਾਦਕ 'ਸਿਰਜਣਾ' ਦੀ ਮੰਗ ਹੈ ਕਿ ਗੱਲ ਪੁਸਤਕ ਤੇ ਕਵਿਤਾ ਦੇ ਹਵਾਲੇ ਨਾਲ ਕੀਤੀ ਜਾਵੇ।

ਪੁਸਤਕ ਦੇ ਸ਼ੁਰੂ ਤੇ ਅੰਤ ਵਿਚ ਦਿੱਤੇ ਛੇ ਦਰਜਨ ਨਾਵਾਂ ਦੇ ਸਿਰਨਾਵੇਂ ਤੇ ਸ਼ੁਕਰਾਨੇ ਕਾਫੀ ਭੰਬਲਭੂਸੇ ਪਾਉਣ ਵਾਲੇ ਹਨ। ਖਾਸ ਕਰਕੇ ਮੇਰੇ ਵਰਗੇ ਸਾਧਾਰਨ ਪਾਠਕ ਲਈ ਜਿਹੜਾ ਰਚਣਹਾਰੇ ਦੀ ਰਚਨਾ ਵੱਲ ਵੀ ਪੂਰਾ ਧਿਆਨ ਨਹੀਂ ਦਿੰਦਾ, ਰਚਨਾ ਦੇ ਰਸੀਆਂ ਦਾ ਖੁਰਾ ਲੱਭਣਾ ਤਾਂ ਬਹੁਤ ਦੂਰ ਦੀ ਗੱਲ ਹੈ।

ਮੈਂ ਅਮਰਦੀਪ ਨੂੰ ਉਸਦੇ ਪਿਤਾ ਸੁਰਜੀਤ ਗਿੱਲ ਦੁਆਰਾ ਜਾਣਦਾ ਹਾਂ ਤੇ ਸੁਰਜੀਤ ਗਿੱਲ ਨੂੰ ਮਾਰਕਸਵਾਦੀ ਧਾਰਨਾ ਦੁਆਰਾ। ਮੈਂ ਸੂਲਾਂ ਦੀ ਚੋਭ ਦਾ ਭਾਗੀ ਤਾਂ ਨਹੀਂ ਰਿਹਾ ਪਰ ਮੈਂ ਇਸ ਚੋਭ ਦੀ ਚੀਸ ਤੋਂ ਭਲੀ ਭਾਂਤ ਜਾਣੂੰ ਹਾਂ। ਜੇ ਕਦੀ ਅਵੇਸਲਾ ਹੋਣ ਦਾ ਯਤਨ ਕਰਦਾ ਵੀ ਹਾਂ ਤਾਂ ਹੱਥਲੇ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਦੇ ਰਚਣਹਾਰੇ ਮੇਰਾ ਰਾਹ ਰੋਕ ਲੈਂਦੇ ਹਨ। ਇਹ ਕੋਈ ਮਾੜੀ ਗੱਲ ਵੀ ਨਹੀਂ। ਇਸਨੂੰ ਅਸੀਂ ਲੋਕ ਚੰਗੀ ਕਵਿਤਾ ਦੇ ਹਾਸਲ ਦਾ ਨਾਂ ਦਿੰਦੇ ਆਏ ਹਾਂ।

ਅਮਰਦੀਪ ਗਿੱਲ ਦਾ ਇਹ ਕਾਵਿ ਸੰਗ੍ਰਹਿ ਅਰਥਾਂ ਦਾ ਜੰਗਲ ਨਹੀਂ, ਜ਼ਿੰਦਗੀ ਦੇ ਜੰਗਲ ਨੂੰ ਅਰਥ ਦੇਣ ਦਾ ਯਤਨ ਹੈ। ਉਹ ਮੇਰੇ ਨਾਲੋਂ ਅੱਧੀ ਉਮਰ ਦਾ ਹੈ ਪਰ ਉਸਨੇ ਵੀ ਆਪਣੀ ਉਮਰ ਦੇ ਉਹ ਸਾਲ ਜਿਹੜੇ ਪ੍ਰਭਾਵ ਗ੍ਰਹਿਣ ਕਰਨ ਵਾਲੇ ਹੁੰਦੇ ਹਨ, ਭਲੇ ਸਮਿਆਂ ਵਿਚ ਨਹੀਂ ਕੱਟੇ। ਮੈਂ ਉਸ ਉਮਰ ਵਿਚ ਦੇਸ਼-ਵੰਡ ਦਾ ਦਰਦ ਹੰਢਾਇਆ ਸੀ ਤੇ ਅਰਮਦੀਪ ਨੇ ਅਤਿਵਾਦ ਦਾ। ਮੇਰਾ ਦਰਦ ਰਾਜਨੀਤਕ ਹੋਣੀ ਸੀ ਤੇ ਅਮਰਦੀਪ ਦਾ ਦਰਦ ਮਾਨਵ ਦੀ ਸਵੈ-ਸਿਰਜੀ ਹੋਣੀ। ਰਾਜਨੀਤਕ ਹੋਣੀ ਨੂੰ ਕਈ ਹਾਲਤਾਂ ਵਿਚ ਭਾਣੇ ਵਾਂਗ ਮੰਨਣਾ ਪੈ ਜਾਂਦਾ ਹੈ। ਭਾਣਾ ਮੰਨਣ ਦੀ ਸ਼ਕਤੀ ਬੰਦੇ ਦੇ ਅੰਦਰੋਂ ਉਪਜਦੀ ਹੈ, ਟੇਕਾਂ ਤੇ ਢਾਰਸਾਂ ਦੀ ਭਾਲ ਵਿਚ ਨਹੀਂ ਤੁਰਦੀ। ਸਵੈ-ਸਿਰਜੇ ਮੌਸਮਾਂ ਦੀ ਹੋਣੀ ਬੰਦੇ ਨੂੰ ਉਹਦੇ ਵਰਗਿਆਂ ਜਾਂ ਉਹਦੇ ਨਾਲ ਮਿਲਦੇ-ਜੁਲਦੇ ਸਮਕਾਲੀਆਂ ਦਾ ਪੱਲਾ ਫੜਨ ਲਈ ਪ੍ਰੇਰਦੀ ਹੈ। ਕਿਸੇ ਰਵੀ, ਹਾਸ਼ਮੀ ਜਾਂ ਪਾਸ਼ ਦੇ ਹਾਣ ਦਾ ਹੋਣ ਲਈ ਝੰਜੋੜਦੀ ਜਾਂ ਉਸਦਾ ਹਾਣ ਨਾ ਪਾਲ ਸਕਣ ਦੇ ਝੋਰੇ ਦੇ ਰਾਹ ਤੋਰਦੀ ਹੈ। ਅਮਰਦੀਪ ਵੱਲੋਂ ਅੰਕਤ ਅਨੇਕਾਂ ਨਾਵਾਂ ਦੇ ਸਿਰਨਾਵੇਂ ਉਪਰ ਦੱਸੇ ਦੂਜੇ ਸੱਚ ਦੀ ਸ਼ਾਹਦੀ ਭਰਦੇ ਹਨ। ਕਿਸੇ ਬੰਦੂਕਧਾਰੀ ਨੂੰ ਉਡਦੇ ਬਾਜਾਂ ਦੀ ਉਡਾਰੀ ਦਿਖਾ ਕੇ ਇਹ ਕਹਿਣ ਲਈ ਕਿ ਕਲਮ ਵਿਧਵਾ ਨਹੀਂ ਹੁੰਦੀ। ਅਮਰਦੀਪ ਗਿੱਲ ਦੇ ਪਾਸ਼ ਦੀ ਹੋਣੀ ਭੁਗਤਣ ਵਾਲਿਆਂ ਲਈ ਲਿਖੇ ਹੇਠਲੇ ਬੋਲ ਗੌਰ ਨਾਲ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਇਹ ਵਿਧਵਾ ਕਲਮ ਦੇ ਬੋਲ ਹਨ ਸੁਹਾਗਣ ਦੇ ਨਹੀਂ:

ਸਾਥੀ ਪਾਸ਼! ਤੂੰ ਜੋ ਸਿਖਾ ਗਿਆ ਏਂ ਸਾਨੂੰ
ਸਰਬੁਲੰਦੀ ਨਾਲ ਜੀਣਾ, ਸਰਫ਼ਰੋਸ਼ੀ ਦੀ ਤਮੰਨਾ ਪਾਲਣਾ
ਸਾਨੂੰ ਡਰ ਹੈ ਕਿ ਕਿਤੇ ਅਸੀਂ

ਗਿਰ ਨਾ ਜਾਈਏ ਤੇਰੀ ਕਸੌਟੀ ਦੀਆਂ ਨਜ਼ਰਾਂ 'ਚੋਂ
ਸਾਡੀਆਂ ਲੱਤਾਂ ਨਾਲ ਚਿੰਬੜ ਨਾ ਜਾਣ, ਸਾਡੇ ਬੱਚਿਆਂ ਦੀਆਂ ਰੀਝਾਂ
ਸਾਡੇ ਰਾਹਾਂ ਵਿਚ ਨਾ ਵਿਛ ਜਾਣ ਕਿਤੇ, ਬਾਪੂ ਦੀ ਲਾਚਾਰ ਪੱਗ ਦੇ ਚੀਥੜੇ
ਸਾਡੇ ਚਾਰੇ ਪਾਸੇ ਨਾ ਫੈਲ ਜਾਣ
ਕੰਡਿਆਲੀ ਤਾਰ ਬਣਕੇ, ਪਤਨੀ ਦੇ ਉਦਾਸ ਮਹਿੰਦੀ ਰੰਗੇ ਸੁਪਨੇ,
ਸਾਨੂੰ ਬੇਹਰਕਤ ਨਾ ਕਰ ਦੇਵੇ, ਮਾਂ ਦੇ ਵਿਰਲਾਪ ਦਾ ਡਰ...
ਅਸੀਂ ਇਹ ਸਭ ਦੁਹਰਾਉਂਦੇ ਰਹਿੰਦੇ ਹਾਂ
ਆਪਣੇ ਆਪ ਨੂੰ ਅੰਦਰ ਹੀ ਅੰਦਰ

ਜਿਹੜਾ ਸੱਚ ਪਾਸ਼ ਦੀ ਸ਼ਹਾਦਤ ਉੱਤੇ ਪੂਰਾ ਉਤਰਦਾ ਹੈ ਉਹ ਰਵਿੰਦਰ ਰਵੀ ਤੇ ਸਫਦਰ ਹਾਸ਼ਮੀ ਦੀ ਸ਼ਹਾਦਤ ਉੱਤੇ ਵੀ ਪੂਰਾ ਉਤਰਦਾ ਹੈ। ਪਹਿਲਾਂ ਰਵੀ ਤੇ ਫੇਰ ਹਾਸ਼ਮੀ

ਤੇਰੇ ਤੁਰ ਜਾਣ ਬਾਅਦ
ਯੂਨੀਵਰਸਿਟੀ ਕੈਂਪਸ ਦੇ ਰੁੱਖਾਂ ਤੋਂ ਲੈ ਕੇ
ਗੋਬਿੰਦ ਭਵਨ ਤਕ ਦੀਆਂ ਠੇਢੀਆਂ
ਆਣ ਲੱਗੀਆਂ ਨੇ ਆਪਣੀਆਂ ਹਿੱਕਾਂ ਨਾਲ
ਇਹਨਾਂ ਵਿਚ ਹੀ ਸ਼ਾਮਲ ਹਾਂ ਅਸੀਂ!

ਸਾਡੀ ਛਾਤੀਆਂ 'ਚ ਖੰਜਰ ਡੋਬ
ਭਾਲ ਲਓ ਸਾਡੇ ਸਿਦਕ ਦਾ ਪਾਤਾਲ
ਵਿੰਨ੍ਹ ਦਿਓ ਜਾਬਰ-ਗੋਲੀਆਂ ਨਾਲ
ਸਾਡੀ ਕੁਰਬਾਨੀ ਦੇ ਹਰ ਜਜ਼ਬੇ ਦੀਆਂ ਅੱਖਾਂ

ਜਿਹਨਾਂ ਸਮਿਆਂ ਦਾ ਅਮਰਦੀਪ ਗਿੱਲ ਜੰਮਪਲ ਹੈ ਉਹਨਾਂ ਸਮਿਆਂ ਉੱਤੇ ਏਸੇ ਤਰ੍ਹਾਂ ਦੀ ਵਿਧਵਾ ਟਿੱਪਣੀ ਸੋਂਹਦੀ ਹੈ। ਸ਼ਾਇਦ ਇਹੀਓ ਕਾਰਨ ਹੈ ਕਿ ਲੇਖਕ ਆਪਣੇ ਮਾਸੂਮ ਬੇਟੇ ਨੂੰ ਵੀ ਏਸ ਏਨੇ ਵੱਡੇ ਸੱਚ ਤੋਂ ਚੇਤੰਨ ਰਹਿਣ ਲਈ 'ਵਾਜਾਂ ਮਾਰਦਾ ਹੈ:

ਮੇਰੇ ਬੱਚੇ! ਤੈਨੂੰ ਹੈਰਾਨੀ ਤਾਂ ਹੋਵੇਗੀ
ਜਦ ਤੂੰ ਅੱਖਾਂ ਖੋਲ੍ਹੇਂਗਾ ਤੇ ਵੇਖੇਂਗਾ, ਆਪਣੇ ਚੁਪਾਸੇ ਦੀ ਚਾਰ-ਦੀਵਾਰੀ 'ਤੇ
ਲੈਨਿਨ, ਰਜਨੀਸ਼, ਪਾਸ਼, ਹੰਸ, ਅਮਿਤਾਭ ਤੇ ਰਵੀ ਦੇ ਚਿੱਤਰ
ਉਦੋਂ ਤੂੰ ਆਪਣੇ ਭੂਤਕਾਲ ਦੇ, ਅੰਤਰ-ਦਵੰਧ ਨੂੰ ਨਜ਼ਰ-ਅੰਦਾਜ਼ ਨਾ ਕਰੀਂ!

ਅਮਰਦੀਪ ਗਿੱਲ ਦੀਆਂ ਇਹਨਾਂ ਸੋਚਾਂ ਦੀ ਜੜ ਉਸ ਗੁੜ੍ਹਤੀ ਵਿਚ ਹੈ, ਜਿਹੜੀ ਉਸਨੂੰ ਉਸਦੇ ਮਾਰਕਸਵਾਦੀ ਪਰਿਵਾਰ ਵਿਚੋਂ ਮਿਲੀ ਹੈ। ਉਸ ਪਿਛੋਕੜ ਤੋਂ ਜਿਹੜੀ ਨਿਰੋਲ ਨਾਅਰੇ ਨੂੰ ਵੀ ਕਵਿਤਾ ਮੰਨਦੀ ਆਈ ਹੈ। ਸਾਡੇ ਰਾਜਨੀਤਕ ਨੇਤਾ ਆਪਣੀ ਸੋਚ ਦਾ ਹਿੱਤ ਪਾਲਣ ਲਈ ਬੜਾ ਕੁਝ ਨਾਅਰੇ ਜਿਹਾ ਲਿਖਵਾਉਂਦੇ ਤੇ ਸਲਾਹੁੰਦੇ ਆਏ ਹਨ। ਨਾਅਰਿਆਂ ਉੱਤੇ ਕਲਾ ਦੀ ਮੋਹਰ ਲਾਉਂਦੇ ਆਏ ਹਨ। ਪਰ ਅਮਰਦੀਪ ਗਿੱਲ ਨਿਰਾ ਨਾਅਰੇਬਾਜ਼ ਨਹੀਂ। ਮੰਦਰ-ਮਸਜਿਦ ਵਿਵਾਦ ਨੂੰ ਸਮਰਪਤ ਉਸਦੀ ਕਵਿਤਾ 'ਰਾਮ ਨਾਮ ਸੱਤਿਆ ਹੈ' ਦਾ ਕੇਵਲ ਸਿਰਲੇਖ ਹੀ ਚੋਭਦਾਰ ਨਹੀਂ ਇਸਦਾ ਪੂਰਾ ਜੁੱਸਾ ਭਗਵਾਨ ਨੂੰ ਲਾਅਨਤਾਂ ਪਾਉਂਦਾ ਹੈ। ਉਸ ਭਗਵਾਨ ਨੂੰ ਜਿਸਦੇ ਨਾਮ ਦੀ ਟੇਕ ਲੈ ਕੇ ਰਾਮ ਪਿਆਰਿਆਂ ਨੇ ਬਾਬਰੀ ਮਸਜਿਦ ਦੀ ਇੱਟ ਨਾਲ ਇੱਟ ਵਜਾਈ ਸੀ:

ਕਿ ਹੁਣ ਮੇਰੇ ਬੱਚੇ-ਮਹਿਮੂਦ, ਹਸਨ ਤੇ ਨੀਲੋਫਰ
ਤੇਰੇ ਨਾਂ ਤੋਂ ਡਰਦੇ ਨੇ
ਉਹਨਾਂ ਘੀ ਵਾਲੇ ਖਾਲੀ ਡੱਬਿਆਂ ਤੋਂ
ਖੁਰਚਕੇ ਮਿਟਾ ਦਿੱਤੀ ਹੈ ਤੇਰੀ ਤਸਵੀਰ
ਮੁਆਫ਼ ਕਰੀਂ ਅਯੋਧਿਆ ਨਰੇਸ਼! ਬੱਚੇ ਬੜੇ ਮਾਸੂਮ ਨੇ...
ਜਦ ਤੇਰਾ ਨਾਂ ਲੈ ਕੇ ਤੇਰੇ ਭਗਤਾਂ ਨੇ

ਫੂਕ ਦਿੱਤੀ ਸੀ ਸਾਡੀ ਸਾਰੀ ਬਸਤੀ
ਉਸ ਦਿਨ ਇਹਨਾਂ ਲਈ ਪਤੰਗ ਲੈਣ ਗਿਆ
ਇਹਨਾਂ ਦਾ ਅੱਬਾ ਵੀ ਸਾੜ ਦਿੱਤਾ ਗਿਆ ਜੀਉਂਦਾ...
ਹੁਣ ਆਹ ਆਪਣੀ ਨੀਲੋਫ਼ਰ!
ਕਈ ਵੇਰ ਰਾਤ ਨੂੰ ਤ੍ਰਭਕ ਕੇ ਜਾਗ ਪੈਂਦੀ ਐ-
ਕਿ ਮੈਨੂੰ ਸੁਪਨੇ 'ਚ 'ਰਾਮ ਜੀ' ਦਿਸੇ ਸੀ-
ਤੇ ਰੋ-ਰੋ ਕੇ ਕਹਿਣ ਲਗਦੀ ਐ
'ਖ਼ਬਰ 'ਚ ਛਪੀਆਂ ਉਗਰਵਾਦੀਆਂ ਦੀਆਂ ਫੋਟੋਆਂ
ਵਰਗੀ ਸ਼ਕਲ ਸੀ ਉਹਨਾਂ ਦੀ

ਏਥੇ ਆ ਕੇ ਅਮਰਦੀਪ ਦਾ ਕਲਾਕਾਰ ਚਿਹਰਾ ਸਾਫ਼ ਦਿਖਾਈ ਦਿੰਦਾ ਹੈ। ਧੁਰ ਅੰਦਰ ਦਾ ਕਵੀ। ਕਵਿਤਾ ਵਿਚ ਗੀਤ ਦਾ ਰਸ ਘੋਲਣ ਵਾਲਾ। ਸ਼ਾਇਦ ਇਹੀਓ ਕਾਰਨ ਹੈ ਕਿ ਜਾਨਣ ਵਾਲੇ ਉਸਨੂੰ ਕਵੀ ਨਾਲੋਂ ਗੀਤਕਾਰ ਵਜੋਂ ਵਧੇਰੇ ਜਾਣਦੇ ਹਨ। ਉਹ ਆਪਣੇ ਹਲਫੀਆ ਬਿਆਨ ਵਿਚ ਆਪਣੀ ਹੋਂਦ ਤੇ ਹਸਤੀ ਨੂੰ ਕਿੰਨਾ ਵੀ ਕਵਿਤਾ ਦੇਵੀ ਦੇ ਨਾਂ ਲਾਉਂਦਾ ਰਹੇ ਉਸਦੇ ਧੁਰ ਅੰਦਰ ਦੀ ਚਾਹਨਾ ਓਦੋਂ ਨੰਗੀ ਹੋ ਜਾਂਦੀ ਹੈ ਜਦੋਂ ਉਹ ਆਪਣੇ ਪਹਿਲੇ ਪਲੇਠੇ ਕਾਵਿ ਸੰਗ੍ਰਹਿ ਦੀ ਪਹਿਲੀ ਕਾਪੀ ਆਪਣੇ ਆਦਰਸ਼ ਲੇਖਕ ਅਤੇ ਫਿਲਮਕਾਰ 'ਗੁਲਜ਼ਾਰ ਸਾਹਬ' ਨੂੰ ਭੇਂਟ ਕਰਦਾ ਹੈ। ਕਿਸੇ ਮੋਹਨ ਸਿੰਘ ਜਾਂ ਕਿਸੇ ਸੁਰਜੀਤ ਪਾਤਰ ਨੂੰ ਨਹੀਂ। ਉਹ ਜਦੋਂ ਵੀ ਹਲਫੀਆ ਬਿਆਨ ਵਿਚੋਂ ਬਾਹਰ ਨਿਕਲ ਕੇ ਕਵਿਤਾ ਦੇ ਵਜੂਦ ਦੀ ਗੱਲ ਕਰਦਾ ਹੈ ਤਾਂ ਦਿਲ ਦੀ ਗੱਲ ਕਹਿੰਦਾ ਹੈ:

ਕਵਿਤਾ ਵੋਟਾਂ ਵਿਚ ਖੜ੍ਹੇ ਕਿਸੇ ਨੇਤਾ ਦੇ ਹੱਕ 'ਚ ਕੀਤੀ
ਤਕਰੀਰ ਦੀ ਰਿਕਾਰਡ ਕੀਤੀ ਕੈਸਟ ਵੀ ਨਹੀਂ
ਕਿ ਰਿਕਸ਼ੇ 'ਤੇ ਸਪੀਕਰ ਰੱਖ
ਧੱਕੇ ਨਾਲ ਹੀ ਤੁੰਨ ਦੇਈਏ ਤੁਹਾਡੇ ਕੰਨਾਂ ਵਿਚ

ਜੇ ਸੱਚ ਪੁੱਛੋ ਤਾਂ ਅਮਰਦੀਪ ਦੀ ਵਧੇਰੇ ਕਵਿਤਾ ਦਾ ਸਵੈ-ਕਥਨ ਹੋ ਨਿਬੜਨਾ ਹੀ ਉਸਦੀ ਕਵਿਤਾ ਦੀ ਸੀਮਾ ਤੇ ਸੰਭਾਵਨਾ ਹੈ:

ਮੈਂ ਸ਼ੁਰੂਆਤ ਹਾਂ-ਆਪਣੇ ਹਿੱਸੇ ਦੀ ਚੌਰਾਸੀ ਲੱਖ ਜੂਨ ਦੀ!
ਮੈਂ ਸੱਚ ਮੁੱਚ ਪਹਿਲੀ ਵਾਰ ਲਿਆ ਹੈ ਜਨਮ
ਯਕੀਨਨ ਹੀ ਜ਼ਿੰਦਗੀ ਮੇਰੀ ਆਦਤ ਨਹੀਂ

ਹਾਲੇ ਮੇਰੀ ਮਿੱਟੀ ਦੀ
ਜ਼ਰਖੇਜ਼ ਸ਼ਕਤੀ 'ਤੇ ਤਬਸਰਾ ਨਾ ਕਰੋ
ਹਾਲੇ ਤਾਂ ਦਾਣੇ ਕਲ ਹੀ ਬੀਜੇ ਨੇ
ਪਰ ਮੈਂ ਕਰ ਨਾ ਸਕਿਆ-
ਫਰਿਆਦ ਅਤੇ ਭੀਖ ਵਿਚਕਾਰ ਅੰਤਰ
ਭਾਵੇਂ ਮੈਂ ਚੌਰਾਹੇ 'ਚ ਖੜ੍ਹ ਕੇ ਵਾਰ ਵਾਰ ਕੂਕਿਆ
"ਖੁਦਾਇਆ! ਮੇਰੀ ਖਾਹਿਸ਼ ਤੇ ਮੇਰੀ ਔਕਾਤ
ਜੋੜੀਆਂ ਭੈਣਾਂ ਕਿਉਂ ਨਹੀਂ?"
ਪਰ ਫਿਰ ਵੀ ਮੇਰੇ ਕਿੰਨੇ ਹੀ ਖੁਦਾ ਕੰਨ-ਵਲੇਟੀਂ ਪਏ ਰਹੇ

ਇਸ ਤਰ੍ਹਾਂ ਦੇ ਸਵੈ-ਕਥਨ ਸਾਡੇ ਨੌਜਵਾਨ ਕਵੀ ਦੀ ਕਵਿਤਾ ਦਾ ਧੁਰਾ ਵੀ ਹੈ ਤੇ ਪਾਸਾਰ ਵੀ। ਉਹ ਆਪਣੇ ਇਸ ਪਾਸਾਰੇ ਨੂੰ ਵਿਦਰੋਹ ਦੀ ਜਾਗ ਲਾ ਕੇ ਖੁਸ਼ ਹੁੰਦਾ ਹੈ। ਉਸ ਵਿਦਰੋਹ ਦੀ ਜਿਹੜਾ ਪਿੰਡ ਦੇ ਜੰਮੇ ਬਾਲਕ ਨੂੰ ਸ਼ਹਿਰ ਦੀਆਂ ਕੰਧਾਂ ਤੇ ਆਦਤਾਂ ਨਾਲ ਹੁੰਦਾ ਹੈ। ਕਿਸੇ ਨੌਜਵਾਨ ਨੂੰ 'ਸੰਧੂਰੀ ਲਿਬਾਸ ਵਾਲ ਕੁੜੀ ਨਾਲ'। ਕਿਸੇ ਦੇ ਅੰਦਰਲੀ ਅੱਗ ਦਾ ਕਿਸੇ ਹੋਰ ਦੀ

ਅੱਖਾਂ ਦੀ ਅੱਗ ਨਾਲ। ਕਿਸੇ ਪੇਂਡੂ ਦਾ 'ਸ਼ਹਿਰ ਦੀਆਂ ਸੜਕਾਂ ਤੇ ਸ਼ੋਖ ਜਿਹੀ ਦਿਲ-ਫਰੇਬ ਧੁੱਪ ਦੇ ਰਕਸ' ਨਾਲ।

ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਸ ਦੇ ਸੁਚੇਤ ਕਥਨਾਂ ਵਿਚ ਹੀ ਉਲਝ ਕੇ ਨਾ ਰਹਿ ਜਾਈਏ। ਉਸਦੇ ਅਰਥਾਂ ਦੇ ਜੰਗਲ ਤੋਂ ਬਾਹਰ ਆਈਏ। ਉਸ ਦੀ ਕਵਿਤਾ 'ਨਦੀਆਂ' ਪੜ੍ਹੀਏ ਜਿਹੜੀ ਅਚੇਤ ਹੀ ਬਹੁਤ ਕੁਝ ਕਹਿ ਜਾਂਦੀ ਹੈ:

ਮੰਨਿਆ ਕਿ/ ਪਹਾੜਾਂ ਵਿਚ ਜਨਮਦੀਆਂ ਹਨ ਨਦੀਆਂ
ਪਰ ਨਦੀਆਂ/ ਪਹਾੜਾਂ 'ਚ ਰਹਿੰਦੀਆਂ ਨਹੀਂ!
ਨਦੀਆਂ ਸਦਾ ਮੈਦਾਨਾਂ ਵੱਲ ਭੱਜਦੀਆਂ ਨੇ
ਉੱਚੇ-ਨੀਵੇਂ, ਵਿੰਗੇ-ਟੇਢੇ ਪਹਾੜਾਂ ਨੂੰ ਛੱਡ
ਸਿੱਧੇ ਸਮਤਲ ਮੈਦਾਨਾਂ ਵੱਲ/ਤੇ ਫੇਰ ਇਸ ਤੋਂ ਵੀ ਅੱਗੇ
ਡੂੰਘੇ ਵਿਸ਼ਾਲ ਸਾਗਰਾਂ 'ਚ ਸਮਾ ਕੇ
ਸਾਗਰ ਹੋ ਜਾਂਦੀਆਂ ਹਨ ਨਦੀਆਂ...
ਨਦੀਆਂ/ ਪਹਾੜਾਂ ਦੇ ਤਿੱਖੇ ਅਣਗਿਣਤ-ਨੁਕਰੇ ਪੱਥਰਾਂ ਨੂੰ
ਗੋਲ ਕਰ ਜਾਂਦੀਆਂ ਹਨ/ਵਹਾਅ ਕੇ ਲੈ ਜਾਂਦੀਆਂ ਹਨ
ਵੱਟਿਆਂ ਨੂੰ ਬੱਜਰੀ ਕਰ ਦਿੰਦੀਆ ਹਨ ਨਦੀਆਂ!
ਜਦਕਿ ਮੈਦਾਨਾਂ ਦੀ ਹਿੱਕ 'ਤੇ ਸਿਰ ਧਰ/ਆਰਾਮ ਨਾਲ ਸੌਂਦੀਆਂ ਹਨ
ਮੈਦਾਨਾਂ ਨਾਲ ਲੜਦੀਆਂ ਹਨ/ਰੁੱਸਦੀਆਂ ਹਨ
ਤੇ ਕਦੇ-ਕਦੇ/ਬਿਫ਼ਰ ਜਾਂਦੀਆਂ ਹਨ ਨਦੀਆਂ
ਮੈਦਾਨਾਂ ਨਾਲ ਸ਼ਰਾਰਤ ਕਰਦੀਆਂ ਹਨ/ਨੋਕ ਝੋਕ ਕਰਦੀਆਂ ਹਨ
ਇੰਝ ਹੀ/ ਕਦੇ ਹਰੇ-ਭਰੇ ਮੈਦਾਨਾਂ ਨੂੰ ਤਬਾਹ ਕਰ
ਅਛੋਪਲੇ ਜਿਹੇ ਜਾ ਕੇ
ਸਾਗਰ ਦਾ ਚੁੱਲ੍ਹਾ-ਚੌਕਾ ਸਾਂਭ ਲੈਂਦੀਆਂ ਹਨ ਨਦੀਆਂ!

'ਨਦੀਆਂ' ਨਾਂ ਦੀ ਇਹ ਨਿੱਕੀ ਜਿਹੀ ਕਵਿਤਾ ਜ਼ਿੰਦਗੀ ਦੇ ਆਪ ਮੁਹਾਰੇ ਵਹਿਣ ਦੀ ਬਾਤ ਪਾਉਂਦੀ ਹੈ। ਉਸ ਵਹਿਣ ਦੀ ਜਿਹੜਾ ਸੁੱਤੇ ਸਿੱਧ ਹੀ ਵਿਸ਼ਵੀਕਰਨ ਦੇ ਵਹਾਅ ਤੋਂ ਤ੍ਰਹਿਣ ਦੀ ਥਾਂ ਉਸਨੂੰ ਪ੍ਰਵਾਨ ਕਰੀ ਬੈਠਾ ਹੈ।

ਅਮਰਦੀਪ ਗਿੱਲ ਦੇ ਅਚੇਤ ਮਨ ਵਿਚ ਸੁੰਦਰਤਾ ਹੈ, ਜਿਸਨੂੰ ਵੇਖ ਕੇ ਉਸਦਾ ਦੇਵ ਹੱਸਿਆ ਸੀ ਅਤੇ ਸੁਚੇਤ ਮਨ ਵਿਚ ਅੱਕੀਂ ਪਲਾਹੀਂ ਹੱਥ ਮਾਰਨ ਦੀ ਆਦਤ, ਜਿਸਨੂੰ ਵੇਖ ਕੇ ਦੇਵ ਰੋਇਆ ਸੀ। ਫੇਰ ਵੀ ਮੇਰੀ ਨੌਜਵਾਨ ਕਵੀ ਨੂੰ ਇਹੀਓ ਸਲਾਹ ਹੈ ਕਿ ਉਹ ਦੇਵ ਦੇ ਹੱਸਣ ਤੇ ਰੋਣ ਦੀ ਚਿੰਤਾ ਨਾ ਕਰੇ। ਦੇਵ ਤਾਂ ਮੁੱਢ ਕਦੀਮ ਤੋਂ ਇਹੀਓ ਅਮਲ ਕਰਦੇ ਆਏ ਹਨ। ਸਾਡੇ ਵਡੇਰਿਆਂ ਦੀਆਂ ਪਾਈਆਂ ਬਾਤਾਂ ਦੇ ਸਮੇ ਤੋਂ। ਉਸ ਦੀ ਕਵਿਤਾ ਏਨੀ ਹਲਕੀ ਨਹੀਂ ਜਿਸਨੂੰ ਸਮਕਾਲੀ ਮਿੱਤਰਾਂ ਦੀਆਂ ਟਿੱਪਣੀਆਂ ਦਾ ਠੁਮ੍ਹਣਾ ਦੇਣਾ ਪਵੇ, ਸਵੈ-ਕਥਨਾਂ ਦੀ ਮਾਲਾ ਪਹਿਨਾਉਣੀ ਪਵੇ ਤੇ ਹਲਫੀਆ ਬਿਆਨ ਦੇਣੇ ਪੈਣ।

[ਗੁਲਜ਼ਾਰ ਸਿੰਘ ਸੰਧੂ]

ਮਿੱਟੀ, ਬੱਦਲਾਂ ਦੀ ਪੌੜੀ [ਦਰਸ਼ਨ ਸਿੰਘ]

ਦਿੱਲੀ ਵਾਲਾ ਦਰਸ਼ਨ ਸਿੰਘ ਪੰਜਾਬੀ ਸਾਹਿਤ-ਸਿਰਜਣਾ ਦਾ ਅਸਚਰਜ ਵਰਤਾਰਾ ਹੈ। ਉਹਦੀਆਂ ਰਚਨਾਵਾਂ ਦਾ ਰੰਗ ਦੱਸਦਾ ਹੈ ਕਿ ਪੰਜਾਬੀ ਜ਼ੁਬਾਨ ਦੀ ਵੀ ਕੋਈ ਠੁੱਕ ਹੈ। ਦਿੱਲੀ ਵਿਚ ਪੰਜਾਬੀ ਅਤੇ ਪੰਜਾਬੀਆਂ ਦਾ ਹੁਣ ਪਹਿਲਾਂ ਵਾਲਾ ਰੰਗ ਨਹੀਂ ਰਿਹਾ। ਹੁੱਬਣ ਵਾਲੀ ਗੱਲ ਹੈ ਕਿ ਇਸ ਬਦਲੀ ਹੋਈ ਦਿੱਲੀ ਵਿਚੋਂ ਅਜਿਹਾ ਪੰਜਾਬੀ ਲੇਖਕ ਨਿਕਲਿਆ ਹੈ ਜਿਹੜਾ ਸ਼ਬਦਾਂ

ਨੂੰ ਰੰਗਾਂ ਵਾਂਗ ਵਰਤਦਾ ਕੋਈ ਤਸਵੀਰਕਾਰ ਜਾਪਦਾ ਹੈ। ਲਿਖਣਾ ਉਹਦਾ ਕਸਬ ਨਹੀਂ ਸੀ, ਕਸਬ ਤਾਂ ਉਹਦਾ ਅਨੁਵਾਦ ਸੀ। ਪਰ ਦੋਇਮ ਦਰਜੇ ਦਾ ਲੇਖਕ ਬਣਨ ਦੀ ਥਾਂ ਆਹਲਾ ਦਰਜੇ ਦਾ ਅਨੁਵਾਦਕ ਬਣਨ ਦੇ ਫੈਸਲੇ ਨੇ ਸ਼ਾਇਦ ਹੁਣ ਉਸ ਲਈ ਅੱਵਲ ਦਰਜੇ ਦਾ ਲੇਖਕ ਬਣਨ ਦੇ ਰਸਤੇ ਖੋਲ੍ਹੇ ਹਨ। ਹੁਣ ਲਿਖਣਾ ਹੀ ਉਹਦਾ ਕਸਬ ਹੈ। ਉਸ ਦੇ ਇਸ ਕਸਬ ਦਾ ਕੈਨਵਸ ਬਹੁਤ ਵਿਸ਼ਾਲ ਹੈ। ਪੰਜਾਬੀ ਸਾਹਿਤ-ਜਗਤ ਵਿਚ ਆਉਣ ਨੂੰ ਵੀ ਉਹ ਸਾਲਾਂ ਨਾਲ ਨਹੀਂ, ਸਦੀਆਂ ਨਾਲ ਜੋੜਦਾ ਹੈ। ਉਹਦਾ ਪਹਿਲਾ ਨਾਵਲ 'ਮੀਂਹ ਕਣੀ ਦੇ ਦਿਨ' ਚੜ੍ਹਦੀ ਸਦੀ ਦੇ ਚੜ੍ਹਦੇ ਸਾਲ 2001 ਵਿਚ ਛਪਿਆ ਸੀ। ਫਿਰ ਰੇਖਾ ਚਿੱਤਰ ਸੰਗ੍ਰਹਿ 'ਅੱਧ-ਚਾਨਣਾ' 2002 ਵਿਚ, ਨਾਵਲ 'ਦੇਸ-ਕੁਦੇਸ' 2003 ਵਿਚ, ਨਾਵਲ 'ਕੰਡਾ' 2004 ਵਿਚ, ਕਹਾਣੀ ਸੰਗ੍ਰਹਿ 'ਹਨੇਰੀ' ਤੇ ਨਾਵਲ 'ਮਿੱਟੀ' 2005 ਵਿਚ, 'ਬੱਦਲਾਂ ਦੀ ਪੌੜੀ' 2006 ਵਿਚ ਛਪੇ। ਪੰਜਾਬ ਦੀ ਕਮਿਊਨਿਸਟ ਲਹਿਰ 'ਤੇ ਆਧਾਰਤ ਨਾਵਲ ਤਿਆਰ ਹੈ ਅਤੇ ਇਸ ਸਾਲ ਦੇ ਅਖ਼ੀਰ ਤਕ ਛਪ ਰਿਹਾ ਹੈ।

ਦਰਸ਼ਨ ਸਿੰਘ ਦਰਅਸਲ ਮਿੱਟੀ ਫਰੋਲਣ ਵਾਲੀਆਂ ਰਚਨਾਵਾਂ ਦਾ ਲੇਖਕ ਹੈ। ਇਸ ਕੰਮ ਲਈ ਉਹ ਆਪਣੀਆਂ ਰਚਨਾਵਾਂ ਵਿਚ ਰਿਸ਼ਤਿਆਂ ਦਾ ਤਾਣਾ ਤਣਦਾ ਹੈ ਅਤੇ ਵਿਚ ਵੱਖ-ਵੱਖ ਘਟਨਾਵਾਂ ਦੀ ਬੁਣਤੀ ਪਾਉਂਦਾ ਹੈ। ਇਕ ਨੁਕਤੇ ਤੋਂ ਜਾਚਿਆਂ ਜਾਪਦਾ ਹੈ ਕਿ ਉਹ ਸਰੋਕਾਰਾਂ ਦੀ ਤਾਂ ਕਿਤੇ ਗੱਲ ਹੀ ਨਹੀਂ ਕਰਦਾ ਪਰ ਉਹਦੇ ਪਾਤਰ ਉਠਦੇ-ਬਹਿੰਦੇ, ਚਾਹ-ਕਾਫ਼ੀ ਪੀਂਦੇ, ਪ੍ਰਸ਼ਾਦਾ ਛਕਦੇ, ਨਹਾਉਂਦੇ-ਧੋਂਦੇ ਜਦੋਂ ਵਿਚਰਦੇ ਹਨ ਤਾਂ ਸਰੋਕਾਰਾਂ ਦੀ ਲੜੀ ਜੁੜਨ ਲਗਦੀ ਹੈ। ਉਹ ਸਿੱਧੀ ਗੱਲ ਕੋਈ ਵੀ ਨਹੀਂ ਕਰਦਾ-ਕਹਿੰਦਾ। ਸਾਰੀ ਗੱਲ ਪਾਤਰਾਂ ਦੇ ਵਤੀਰੇ-ਵਿਹਾਰ ਅਤੇ ਹਾਵ-ਭਾਵਾਂ ਵਿਚ ਪਈ ਮਿਲਦੀ ਹੈ। ਉਹਦੇ ਪਾਤਰ ਤੀਂਘੜਦੇ ਨਹੀਂ ਤਾਂਘਦੇ ਹਨ, ਭੱਜਦੇ ਨਹੀਂ ਕੁਝ ਭਾਲਦੇ ਹਨ, ਭਬਕਣ ਦੀ ਥਾਂ ਭਿੱਜਦੇ ਹਨ। ਇਸ ਭਲੇ ਚਿਤਰਣ ਨੂੰ ਉਹ ਆਪਣੇ ਪਾਤਰਾਂ ਦੀ ਪ੍ਰੌੜ ਉਮਰ ਨਾਲ ਵੀ ਜੋੜਦਾ ਹੈ। ਇਹ ਉਮਰ ਅਸਲ ਵਿਚ ਉਸ ਦੀ ਆਪਣੀ ਵੀ ਹੈ ਅਤੇ ਇਹਨਾਂ ਪਾਤਰਾਂ ਦੀ ਵੀ ਅਤੇ ਇਹਨਾਂ ਦੀ ਉਸਾਰੀ ਵਿਚ ਉਹਦਾ ਆਪਣਾ ਵੀ ਦਖ਼ਲ ਹੈ। ਉਹਦੇ ਪਾਤਰ ਹੋਸ਼ਮੰਦ ਅਤੇ ਹੁਨਰ ਵਾਲੇ ਹਨ। ਉਹ ਹੰਭਦੇ ਨਹੀਂ ਬਲਕਿ ਹਾਲਾਤ ਨੂੰ ਹੰਘਾਲਦੇ ਹਨ। ਉਹਨਾਂ ਦੀ ਚਰਚਾ, ਚੁਹਲ ਤੇ ਚੋਭਾਂ ਚਤੁਰਾਈ ਵਾਲੀਆਂ ਹਨ। ਲੇਖਕ ਪਾਤਰਾਂ ਨੂੰ ਇਕ ਪਾਸਿਓਂ ਚਿਣਗ ਦਿਖਾ ਦਿੰਦਾ ਹੈ ਅਤੇ ਉਹ ਧੁਖਦੇ, ਦਗਦੇ, ਤਪਦੇ, ਬਲ਼ਦੇ ਰਹਿੰਦੇ ਹਨ। ਲਗਾਤਾਰ। ਇਹਨਾਂ ਸਾਰੇ ਪਾਤਰਾਂ ਦੀ ਚਾਲ ਅਤੇ ਢਾਲ ਲੇਖਕ ਦੀ ਕਲਪਨਾ ਨਾਲ ਬੱਝੀ ਹੋਈ ਹੈ। 'ਬੱਦਲਾਂ ਦੀ ਪੌੜੀ' [ਪੰਨੇ 232, ਮੁੱਲ 200 ਰੁਪਏ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ] ਲਾਉਣ ਤੋਂ ਪਹਿਲਾਂ ਲੇਖਕ ਦੱਸਦਾ ਹੈ ਕਿ ਉਹਦੇ ਪਾਤਰ ਪੁਤਲੀਆਂ ਹਨ। ਇਹਨਾਂ ਪੁਤਲੀਆਂ ਨੂੰ ਉਹ ਮਰਜ਼ੀ ਨਾਲ ਨਚਾਉਂਦਾ ਹੈ। ਉਹ ਉਹਨਾਂ ਲੇਖਕਾਂ ਨਾਲ ਉੱਕਾ ਹੀ ਮੁਤਫਿਕ ਨਹੀਂ ਜਿਹੜੇ ਕਹਿੰਦੇ ਰਹਿੰਦੇ ਹਨ ਕਿ ਉਹਨਾਂ ਦੇ ਪਾਤਰ ਬਾਗ਼ੀ ਹੋ ਗਏ, ਹੱਥੋਂ ਨਿਕਲ ਗਏ, ਰਚਨਾ 'ਚ ਕਿਤੇ ਦੇ ਕਿਤੇ ਪੁੱਜ ਗਏ! ਉਹਦੇ ਪਾਤਰ ਤਾਂ ਉਹਦੀ ਮਰਜ਼ੀ ਮੁਤਾਬਕ ਬੱਦਲਾਂ ਨੂੰ ਪੌੜੀ ਲਾਉਂਦੇ ਹਨ ਅਤੇ ਮਰਜ਼ੀ ਨਾਲ ਹੀ ਮਿੱਟੀ ਫਰੋਲਦੇ ਹਨ।

ਲੇਖਕ ਦੀ ਖ਼ੂਬਸੂਰਤੀ ਅਤੇ ਤਾਕਤ ਕਲਪਨਾ 'ਚ ਹੈ। ਉਹਦੀ ਕਲਪਨਾ ਉਡਾਰੀ ਬੇਜੋੜ ਹੈ। ਉਹ ਕਦੀ ਸਵਿਟਜ਼ਰਲੈਂਡ ਨਹੀਂ ਗਿਆ ਪਰ 'ਮਿੱਟੀ' [ਪੰਨੇ 244, ਮੁੱਲ 150 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ] ਦਾ ਨਾਇਕ ਮੋਹਨ ਉਥੇ ਕਿਸੇ ਪਿੰਡ ਵਿਚ ਰਹਿੰਦਾ ਹੈ। ਉਹ ਪਿੰਡ ਇਸ ਨਾਵਲ ਵਿਚ ਜਿਸ ਢੰਗ ਨਾਲ ਪੇਸ਼ ਹੋਇਆ ਹੈ, ਉਹ ਚਿੱਤਰਕਾਰੀ ਤੋਂ ਕਿਸੇ ਵੀ ਲਿਹਾਜ਼ ਘੱਟ ਨਹੀਂ। ਪਾਠਕ ਮੋਹਨ ਦੇ ਨਾਲ-ਨਾਲ ਉਸ ਪਿੰਡ ਵਿਚ ਘੁੰਮ ਰਿਹਾ, ਖਰੀਦਦਾਰੀ ਕਰਦਾ, ਕਮਰਿਆਂ ਵਿਚ ਵੜਦਾ, ਸੌਂਦਾ, ਕੰਮ ਕਰਦਾ ਮਹਿਸੂਸ ਕਰਦਾ ਹੈ। ਲੈਟਰ ਬਕਸੇ 'ਚ ਪਈ ਚਿੱਠੀ,

ਰਸੋਈ 'ਚ ਪਿਆ ਕਾਫ਼ੀ ਵਾਲਾ ਮੱਘ, ਸਟੂਡੀਓ ਵਿਚ ਪਿਆ ਰੰਗਦਾਨ, ਕੰਧਾਂ 'ਤੇ ਟੰਗੀਆਂ ਤਸਵੀਰਾਂ ਅਤੇ ਰੁੱਖਾਂ ਵਿਚੋਂ ਨਿਕਲੇ ਪੱਤੇ ਸਾਫ਼ ਦਿਸਦੇ ਹਨ। ਇਸ ਚਿੱਤਰਕਾਰੀ ਵਿਚ ਉਹ ਮੋਹਨ ਦੇ ਜ਼ਿਹਨ ਵਿਚ ਚਿਰਾਂ ਤੋਂ ਪਲ਼ਦੀ ਰਹੀ ਬਗ਼ਾਵਤ ਨੂੰ ਵੀ ਰੰਗਾਂ ਵਿਚ ਘੋਲ ਕੇ ਤਸਵੀਰਾਂ 'ਤੇ ਚਿਪਕਾ ਦਿੰਦਾ ਹੈ। ਮੋਹਨ ਦੀ ਮਿੱਟੀ ਖਿਲਾਫ਼ ਬਗ਼ਾਵਤ ਆਖ਼ਰਕਾਰ ਮਿੱਟੀ ਦੀ ਮਹਿਕ ਵਿਚ ਵਟ ਗਈ ਜਾਪਦੀ ਹੈ। ਉਹਦੀ ਬੇਚੈਨੀ ਉਹਨੂੰ ਕਿਤੇ ਨਾ ਕਿਤੇ ਲਈ ਫਿਰਦੀ ਹੈ। ਫਿਰ ਵੀ ਪਿਛਲਕਾ ਉਹਦਾ ਪਿੱਛਾ ਨਹੀਂ ਛੱਡਦਾ। ਪਹਿਲੀ ਪਤਨੀ ਤੋਂ ਤਾਂ ਉਹ ਛੁੱਟ ਜਾਂਦਾ ਹੈ ਪਰ ਪੁੱਤ-ਮੋਹ 'ਚ ਡਸਿਆ ਜਾਂਦਾ ਹੈ। ਆਪਣੀ ਚਿਰਾਂ ਦੀ ਸਹੇਲੀ ਏਸਥਰ ਬਾਰੇ ਉਸ ਨੂੰ ਜਾਪਦਾ ਹੈ ਕਿ ਉਸਦੀਆਂ ਜੜ੍ਹਾਂ ਇਸ ਕੁੜੀ 'ਚ ਹਨ। ਫਿਰ ਉਸ ਨੂੰ ਲੱਗਣ ਲੱਗ ਪੈਂਦਾ ਹੈ ਕਿ ਉਹ ਇਕ-ਦੂਜੇ ਲਈ ਨਹੀਂ, ਇਕ-ਦੂਜੇ ਨਾਲ ਜਿਊਣ ਲੱਗ ਪਏ ਹਨ। ਅਖ਼ੀਰ ਵਿਚ ਇਹੀ ਜੜ੍ਹਾਂ ਇਕ ਹੋਰ ਸਹੇਲੀ ਕਲਾਰਾ ਵਿਚ ਜਾ ਲਗਦੀਆਂ ਹਨ। ਨਾਵਲ ਦੇ ਅਖ਼ੀਰ ਵਿਚ ਏਸਥਰ ਦੇ ਵਿਯੋਗ ਵਿਚ ਫਾਵਾਂ ਹੋਇਆ ਅਤੇ ਉਸ ਦੀਆਂ ਸ਼ਰਤਾਂ ਦਾ ਸਤਿਆ ਮੋਹਨ ਆਖਦਾ ਹੈ, "ਮਨੁੱਖ ਦੀਆਂ ਜੜ੍ਹਾਂ ਮਿੱਟੀ 'ਚ ਨਹੀਂ ਹੁੰਦੀਆਂ, ਮਨੁੱਖਾਂ 'ਚ ਹੁੰਦੀਆਂ ਨੇ। ਕਿਰਤ 'ਚ ਹੁੰਦੀਆਂ ਨੇ। ਸਾਥ ਤੇ ਸੁਹਬਤ 'ਚ ਹੁੰਦੀਆਂ ਨੇ। ਮੇਰੀਆਂ ਜੜ੍ਹਾਂ ਤੇਰੇ (ਕਲਾਰਾ) ਸ਼ਹਿਰ ਬਰਨ 'ਚ ਨੇ। ਉਸ ਪਿੰਡ 'ਚ ਨੇ, ਜਿੱਥੇ ਮੇਰਾ ਸਟੂਡੀਓ ਏ। ਉਹਨਾਂ ਗੈਲਰੀਆਂ 'ਚ ਨੇ, ਜਿੱਥੇ ਮੇਰੀਆਂ ਪੇਂਟਿੰਗਜ਼ ਪਈਆਂ ਨੇ...ਮੇਰੀਆਂ ਜੜ੍ਹਾਂ ਤੇਰੇ 'ਚ ਨੇ। ਏਸਥਰ 'ਚ ਨੇ। ਸੱਚ ਪੁੱਛੋਂ ਤਾਂ ਇੰਡੀਆ ਮੈਨੂੰ ਪਰਦੇਸ ਲੱਗਦੈ। ਓਪਰੀ ਮਿੱਟੀ।"

ਮੋਹਨ ਦਾ ਇਹ ਦੇਸ-ਪਰਦੇਸ ਇਸ ਨਾਵਲ ਦਾ ਮੁੱਖ ਵਿਸ਼ਾ ਹੈ। ਲੇਖਕ ਦੇਸ-ਪਰਦੇਸ ਦੇ ਇਸ ਸੰਕਲਪ ਨੂੰ ਆਪਣੇ ਰੰਗ 'ਚ ਰੰਗ ਕੇ ਪੇਸ਼ ਕਰਦਾ ਹੈ। ਉਹਦਾ ਚਿਤਰਿਆ ਮੁੱਖ ਪਾਤਰ ਮੋਹਨ ਚਿੱਤਰਕਾਰ ਹੈ ਜਿਹੜਾ ਯੂਰਪ ਦਾ ਨਾਮੀਂ ਚਿੱਤਰਕਾਰ ਬਣਦਾ ਹੈ। ਉਹ ਕਵੀ ਵੀ ਹੈ ਪਰ ਪੰਜਾਬੀ ਵਿਚ ਲਿਖਦਾ ਹੈ। ਉਹ ਦੇਸ-ਪਰਦੇਸ ਵਿਚ ਵਿਚਰਦਿਆਂ ਆਪਣੀ ਮਿੱਟੀ ਨੂੰ ਵਾਰ-ਵਾਰ ਗੁੰਨ੍ਹਦਾ ਹੈ। ਗੁੰਨ੍ਹਣ ਦੇ ਇਸ ਅਮਲ ਵਿਚ ਉਸ ਦੀ ਸਹੇਲੀ ਏਸਥਰ, ਮਿੱਤਰ ਕਰਮਵੀਰ ਤੇ ਡਾਕਟਰ ਰਿਸ਼ਮ, ਦਿੱਲੀ 'ਚ ਰਹਿੰਦੇ ਦਰਦੀ ਸਾਹਿਬ, ਉਹਨਾਂ ਦੀ ਧੀ ਕਲਪਨਾ ਬਰਾਬਰ ਦੇ ਸ਼ਰੀਕ ਹਨ। ਇਹ ਅਮਲ, ਵੱਜ ਰਿਹਾ ਕੋਈ ਸਾਜ਼ ਲਗਦਾ ਹੈ, ਧੁਨਾਂ ਸੱਪ ਵਾਂਗ ਮੇਲ੍ਹਦੀਆਂ ਹਨ। ਲਹਿਰਾਂ ਵਾਂਗ ਲਰਜ਼ਦੀਆਂ ਹਨ।

'ਬੱਦਲਾਂ ਦੀ ਪੌੜੀ' ਵਿਚ ਇਹ ਸਾਜ਼ ਰਤਾ ਕੁ ਵੱਖਰੇ ਢੰਗ ਨਾਲ ਵੱਜਦਾ ਹੈ। ਇਸ ਨਾਵਲ ਵਿਚ ਵੱਜਦੇ ਸਾਜ਼ ਨੂੰ ਸਜ਼ਾ ਵਰਗਾ ਕੋਈ ਰੰਗ ਵੀ ਚੜ੍ਹ ਜਾਂਦਾ ਹੈ। ਹੌਲੀ-ਹੌਲੀ ਇਹ ਸਜ਼ਾ ਸਾਜ਼ਿਸ਼ ਵਿਚ ਢਲਣ ਲਗਦੀ ਹੈ। ਇਸ ਨਾਵਲ ਦੀ ਮੁੱਖ ਪਾਤਰ ਅਰਚਨਾ ਦੇ ਨਕਸ਼ ਅੰਮ੍ਰਿਤਾ ਪ੍ਰੀਤਮ ਨਾਲ ਮਿਲਦੇ ਹਨ। ਇਸ ਨਾਵਲ ਨੂੰ ਪੜ੍ਹਦਿਆਂ ਪਾਠਕ ਮਾਨੋ ਸਜ਼ਾ ਭੋਗਦਾ ਹੈ। ਇਹ ਸਜ਼ਾ ਮੁੱਖ ਪਾਤਰ ਦੇ ਸਿਰਫ਼ ਇਕ ਪੱਖ ਦੇ ਚਿਤਰਣ ਦੀ ਹੈ। ਉਹਦੀ ਕਲਾ ਦੀ ਥਾਂ ਦੁਜੈਲੀ ਹੋ ਜਾਂਦੀ ਹੈ। ਪਾਠਕ ਅਰਚਨਾ ਦੇ ਨਾਲ ਤੁਰਨਾ ਚਾਹੁੰਦਾ ਹੈ ਪਰ ਉਸ ਦੀ ਚਾਲ ਬਹੁਤ ਤੇਜ਼ ਹੈ, ਪਾਠਕ ਨੂੰ ਰਲ਼ਣ ਨਹੀਂ ਦਿੰਦੀ। ਇਹ ਗੱਲ ਲੇਖਕ ਦੇ ਹੱਕ ਵਿਚ ਵੀ ਭੁਗਤਾਈ ਜਾ ਸਕਦੀ ਹੈ। ਇਸ ਨੁਕਤੇ ਤੋਂ ਇਸ ਪਾਤਰ ਦੀ ਚਲਾਕੀ-ਚਤੁਰਾਈ ਦੀ ਗੱਲ ਹੋ ਸਕੇਗੀ ਪਰ ਗੱਲ ਸਿਰਫ ਇੰਨੀ ਨਹੀਂ ਹੈ। ਅਰਚਨਾ ਦੇ ਚਿਤਰਣ 'ਚ ਸਰੀਰ, ਸੁਹੱਪਣ ਤੇ ਸਿਆਣਪ ਦੇ ਢੋਲ ਵੱਜਦੇ ਹਨ। ਉਹਦੀ ਸੁਤਾਅ ਇਕ ਪਾਸੇ ਹੀ ਲੱਗੀ ਹੋਈ ਹੈ। ਹਰ ਬੰਦਾ, ਹਰ ਵਸਤ ਉਸ ਦੇ ਗੇੜ ਤੋਂ ਬਾਹਰੀ ਨਹੀਂ। ਬੰਦੇ ਨੂੰ ਕਿੰਨਾ, ਕਦੋਂ, ਕਦੋਂ ਤਕ, ਕਿੱਥੇ ਤਕ ਵਰਤਣਾ ਹੈ, ਉਸ ਦੇ ਵਸ ਵਿਚ ਹੈ। ਇਹਨਾਂ ਬੰਦਿਆਂ ਨੂੰ ਫਾਹੁਣ ਲਈ ਉਹ ਆਪਣੀ ਕਲਾ ਤੇ ਕਾਰੀਗਰੀ ਦੇ ਨਾਲ ਹੀ ਸੋਹਣਾ ਸਰੀਰ ਵੀ ਵਿਛਾਅ ਦਿੰਦੀ ਹੈ। ਮਸਲਾ ਸਿਰਫ਼ ਪ੍ਰਾਪਤੀ ਅਤੇ ਉਚੀ ਤੋਂ ਉਚੀ ਉਡਾਣ ਦਾ ਰਹਿ ਜਾਂਦਾ ਹੈ। ਰਿਸ਼ਤਿਆਂ ਨੂੰ ਉਹ ਕਠਪੁਤਲੀਆਂ ਵਾਂਗ ਨਚਾਉਂਦੀ ਹੈ; ਬਹੁਤ ਵਾਰ ਇਹਨਾਂ

ਰਿਸ਼ਤਿਆਂ ਦੀ ਧੂਣੀ ਬਾਲ ਕੇ ਆਪਾ ਸੇਕਦੀ ਹੈ ਅਤੇ ਕਈ ਵਾਰ ਇਹਨਾਂ ਹੀ ਰਿਸ਼ਤਿਆਂ ਨੂੰ ਕਿਸੇ ਧੂਣੀ ਵਿਚ ਭੁੰਨ ਕੇ ਭੁੱਖ ਮਿਟਾਉਂਦੀ ਹੈ। ਉਸ ਦੀ ਇਸ ਖਾਮੋਸ਼ ਸਾਜ਼ਿਸ਼ ਵਿਚ ਹਰ ਕੋਈ ਬਹੁਤ ਆਰਾਮ ਨਾਲ ਮੇਚ ਆ ਜਾਂਦਾ ਹੈ, ਪਰ ਪਾਠਕ ਇਹਨਾਂ ਤਲਖ਼ੀਆਂ ਦੀ ਸਜ਼ਾ ਭੁਗਤਦਾ ਹੈ। ਵਾਰ-ਵਾਰ। ਇਹਨਾਂ ਤਲਖ਼ੀਆਂ ਦੀ ਇਕੋ-ਇਕ ਹਾਂ-ਪੱਖੀ ਲੜੀ ਜਾਂ ਕੜੀ ਅਰਚਨਾ ਦੀ ਪਾਤਰ ਉਸਾਰੀ ਨਾਲ ਉਸਰੇ ਮਾਹੌਲ ਦੀ ਹੈ। ਇਹ ਮਾਹੌਲ ਬੇਹੱਦ ਜ਼ਾਲਮ ਅਤੇ ਮਾਸ-ਖੋਰਾ ਬਲਕਿ ਮਾਣਸ-ਖਾਣਾ ਹੈ। ਅਰਚਨਾ ਤਾਂ ਇਸ ਮਾਣਸ-ਖਾਣੇ ਮਾਹੌਲ ਵਿਚ ਵਿਚਰਦੀ ਕਠਪੁਤਲੀ ਮਾਤਰ ਹੈ। ਇਹ ਮਾਹੌਲ ਇਨਾਮਾਂ ਦੀ ਸਿਆਸਤ ਨਾਲ ਬੱਝਾ ਹੋਇਆ ਹੈ। ਇਸ ਮਾਹੌਲ ਵਿਚ ਸਰਪਟ ਦੌੜਨ ਤੋਂ ਸਿਵਾ ਚਾਰਾ ਕੋਈ ਨਹੀਂ। ਪ੍ਰਕਾਸ਼ਕ ਪਾਹਵਾ ਇਸ ਮਾਹੌਲ ਦੀ ਢਿੱਲੀ ਪੈਂਦੀ ਹਰ ਲੜੀ ਨੂੰ ਤੁਰੰਤ ਕਸਦਾ ਹੈ, ਡੋਲ ਰਹੀ ਥੰਮੀ ਦੀ ਥਾਂ ਨਵਾਂ ਥੰਮ ਗੱਡਦਾ ਹੈ। ਜਿੱਥੇ ਵੀ ਕਿਤੇ ਇਨਾਮ ਹਾਸਲ ਕਰਨ ਦੀ ਗੱਲ ਤੁਰਦੀ ਹੈ, ਨਾਵਲ ਦੀ ਚਾਲ ਤੇਜ਼ ਹੋ ਜਾਂਦੀ ਹੈ। 'ਮਿੱਟੀ' ਵਿਚ ਵੀ ਇਹੀ ਕੁਝ ਵਾਪਰਦਾ ਹੈ ਜਦੋਂ ਡਾ. ਰਿਸ਼ਮ, ਮੋਹਨ ਨੂੰ ਇਨਾਮ ਦਿਵਾਉਣ ਲਈ ਆਪ ਅਤੇ ਨਾਲਦਿਆਂ ਨੂੰ ਸਰਪਟ ਦੌੜਾਉਂਦਾ ਹੈ। ਇਸ ਮਾਹੌਲ ਦਾ ਚਿਤਰਣ ਲੇਖਕ ਦੀ ਪ੍ਰਾਪਤੀ ਹੈ। ਉਸ ਨੇ ਬਿਨਾਂ ਜ਼ੋਰ ਲਾਇਆਂ ਜਾਂ ਸਿੱਧੀ ਟਿੱਪਣੀ ਕੀਤਿਆਂ, ਮਤਲਬ ਸਲੀਕੇ ਨਾਲ ਢਾਂਚੇ ਦਾ ਕਰੂਪਿਆ ਪੱਖ ਦਿਖਾ ਦਿੱਤਾ ਹੈ।

ਉੱਪਰ ਚਰਚਾ ਵਿਚ ਆਈ ਸਜ਼ਾ ਅਤੇ ਸਾਜ਼ਿਸ਼ ਦੇ ਨੁਕਤੇ ਨੂੰ ਜੇਕਰ ਰਤਾ ਕੁ ਛੋਟ ਦੇ ਕੇ ਇਸ ਨਾਵਲ ਦੇ ਸਿਰਜੇ ਮਾਹੌਲ ਅਤੇ ਚੋਭ-ਮਾਰੇ ਢਾਂਚੇ ਨਾਲ ਮੇਲ ਕੇ ਵਿਚਾਰਿਆ ਜਾਵੇ ਤਾਂ ਰਚਨਾ ਦੀ ਗੋਂਦ ਬੇਜੋੜ ਜਾਪਦੀ ਹੈਂ। ਇਸ ਮਾਹੌਲ ਵਿਚ ਵਾਅਦੇ ਤੇ ਵਫ਼ਾਈਆਂ ਬੇਮਤਲਬ ਹਨ। ਅਰਚਨਾ ਅਤੇ ਉਹਦਾ ਪਿਆਰਾ ਸ਼ਾਇਰ ਦੋਸਤ ਵਾਅਦਾ-ਦਾਅਵਾ ਕਰਦੇ ਹਨ ਕਿ ਇਕ ਦੇ ਮਰਨ ਦੀ ਸੂਰਤ ਵਿਚ ਦੂਜਾ ਸਵਾਸ ਛੱਡ ਦਏਗਾ ਪਰ ਸ਼ਾਇਰ ਜਦੋਂ ਹਾਦਸੇ ਵਿਚ ਫੌਤ ਹੋ ਜਾਂਦਾ ਹੈ ਤਾਂ ਅਰਚਨਾ ਵਿਯੋਗ 'ਚ ਫਾਵੀਂ ਨਹੀਂ ਹੁੰਦੀ। ਉਹਨੂੰ ਇਕ ਵਾਰ ਵੀ ਨਹੀਂ ਲਗਦਾ ਕਿ ਹੁਣ ਜੀਣਾ ਬੇਮਾਅਨਾ ਹੈ। ਸ਼ਾਇਰ ਦੀ ਮੌਤ ਵੇਲੇ ਉਹ ਵਿਦੇਸ਼ ਵਿਚ ਸੈਰਾਂ 'ਤੇ ਹੈ। ਉਸ ਨੂੰ ਇਕ ਵਾਰ ਵੀ ਨਹੀਂ ਲਗਦਾ ਕਿ ਉਸ ਨੂੰ ਦੇਸ਼ ਪਰਤਣਾ ਚਾਹੀਦਾ ਹੈ। ਉਹ ਆਪਣੇ ਕੰਮਾਂ-ਕਾਰਾਂ 'ਚ ਸਾਵੀਂ ਰਹਿੰਦੀ ਹੈ। ਡੋਲਦੀ ਨਹੀਂ। ਇਸ ਨਾਲ ਰਿਸ਼ਤੇ ਡੋਲ ਜਾਂਦੇ ਹਨ। ਇਹੀ ਗੱਲ ਸਾਰੇ ਨਾਵਲ ਵਿਚ ਥਾਂ-ਥਾਂ ਗੁੰਦੀ ਹੋਈ ਹੈ। ਇਸ ਗੋਂਦ ਤੋਂ ਹੀ ਜ਼ਾਲਮ ਮਾਹੌਲ ਦੀ ਸਿਰਜਣਾ ਹੋਈ ਹੈ। ਜਿਸਮ ਨਾਲ ਕਵਿਤਾ ਦੇ ਬੰਦ ਲਿਖਣ ਲਈ ਅਰਚਨਾ ਨੂੰ ਸਿਰਫ਼ ਸ਼ਾਇਰ ਦੋਸਤ ਦੀ ਲੋੜ ਨਹੀਂ। ਇਹ ਸ਼ਖ਼ਸ ਕੋਈ ਰੂਸੀ ਲੇਖਕ ਵੀ ਹੋ ਸਕਦਾ ਹੈ ਅਤੇ ਕੋਈ ਅਨੁਵਾਦਕ ਵੀ। ਮਸਲਾ ਉਸ ਪੌੜੀ ਦਾ ਹੈ ਜਿਸ ਦੇ ਡੰਡਿਆਂ ਥਾਣੀਂ ਅਰਚਨਾ ਨੇ ਬੱਦਲਾਂ ਦੀਆਂ ਉਚਾਈਆਂ ਤਕ ਪੁੱਜਣਾ ਹੈ। ਰਿਸ਼ਤੇ ਤਾਂ, ਉਸ ਦੀ ਜੇਬ 'ਚ ਬਣਦੇ-ਵਿਗਸਦੇ ਹਨ।

ਦਰਸ਼ਨ ਸਿੰਘ ਇਹਨਾਂ ਰਿਸ਼ਤਿਆਂ ਦਾ ਵਿਚੋਲਾ-ਲੇਖਕ ਹੈ। ਉਹ ਇਹਨਾਂ ਰਿਸ਼ਤਿਆਂ ਨੂੰ ਪੂਰੇ ਸੁਹਜ ਅਤੇ ਸਹਿਜ ਨਾਲ ਗੁੰਦਦਾ ਹੈ। ਆਪਣੇ ਪਾਤਰਾਂ ਦੇ ਇਹਨਾਂ ਰਿਸ਼ਤਿਆਂ ਬਾਰੇ ਉਹ ਪੂਰਾ ਸੁਚੇਤ ਹੁੰਦਾ ਹੈ। 'ਮੀਂਹ ਕਣੀ ਦੇ ਦਿਨ' ਦੀ ਨਾਇਕਾ ਬਾਰੇ ਉਹ ਆਖਦਾ ਹੈ ਕਿ ਉਹ ਜਿੰਨਾ ਜ਼ਿੰਦਗੀ ਤੋਂ ਲੈਣਾ ਚਾਹੁੰਦੀ ਹੈ ਜਾਂ ਲੈਂਦੀ ਹੈ, ਉਤਨਾ ਦੇਣਾ ਨਹੀਂ ਚਾਹੁੰਦੀ। ਮੱਧ ਵਰਗ ਜਾਂ ਕਹਿ ਲਵੋ, ਹੇਠਲੇ ਮੱਧ ਵਰਗ ਦੀ ਇਸ ਸੋਹਣੀ-ਸੁਨੱਖੀ ਔਰਤ ਦੀਆਂ ਬੱਚਿਆਂ ਲਈ ਬੜੀਆਂ ਖਾਹਿਸ਼ਾਂ ਹਨ। ਇਹ ਖਾਹਿਸ਼ਾਂ ਨੌਕਰੀ ਤੋਂ ਪੂਰੀਆਂ ਨਹੀਂ ਹੁੰਦੀਆਂ। ਜਗੀਰੂ ਬੰਧਨਾਂ ਤੋਂ ਹੋਈ ਮੁਕਤੀ ਨੂੰ ਇਹ ਔਰਤ ਪਦਾਰਥਕ ਖਾਹਿਸ਼ਾਂ ਦੀ ਪੂਰਤੀ ਲਈ ਬਹੁਤ ਨਿਰਮੋਹੀ ਹੋ ਕੇ ਵਰਤਦੀ ਹੈ। ਇਸ ਦੇ ਨਾਲ ਨਾਲ ਉਹ ਸਦਾ ਦੋਚਿੱਤੀ 'ਚ ਵੀ ਪਈ ਰਹਿੰਦੀ ਹੈ। ਇਹ ਦੋਚਿੱਤੀ ਅਸਲ ਵਿਚ ਉਸ ਦੇ ਮਨ ਵਿਚ ਅਚੇਤ ਹੀ ਪਈ ਜਗੀਰੂ ਰਹਿੰਦ-ਖੂੰਹਦ ਕਾਰਨ ਹੈ। ਜਗੀਰੂ ਸਮਾਜ ਦੀ ਇਹ ਪਹੁੰਚ ਉਸ

ਦਾ ਖਹਿੜਾ ਨਹੀਂ ਛੱਡਦੀ। ਇਸੇ ਲਈ ਉਹ ਪਤੀ ਵੱਲ ਵੀ ਉਤਨਾ ਹੀ ਉਲਰਦੀ ਹੈ। 'ਕੰਡਾ' ਵਿਚ ਪੇਸ਼ ਰਿਸ਼ਤਿਆਂ ਵਿਚ ਇਸ ਦੋਚਿੱਤੀ ਦੀ ਅੱਛੀ-ਖਾਸੀ ਵੱਢ-ਟੁੱਕ ਹੋਈ ਮਿਲਦੀ ਹੈ। ਇਕ ਹੋਰ ਨੁਕਤੇ ਤੋਂ ਦੇਖਿਆ ਇਹ ਰਚਨਾ ਔਰਤ ਦੀ ਹਸਤੀ ਨੂੰ ਸਥਾਪਤ ਕਰਨ ਦੀ ਤਾਂਘ ਹੈ। ਇਹ ਔਰਤ ਪੁਰਸ਼ ਜਾਂ ਸਮਾਜ ਤੋਂ ਕੋਈ ਮਾਨਤਾ ਨਹੀਂ ਮੰਗਦੀ ਬਲਕਿ ਆਪਣੀ ਹਸਤੀ ਬਾਰੇ ਦੱਸਦੀ ਹੈ ਅਤੇ ਬੜੇ ਸਲੀਕੇ ਨਾਲ ਦੱਸਦੀ ਹੈ।

'ਦੇਸ-ਪਰਦੇਸ' ਨੂੰ ਸਵੈਜੀਵਨੀ ਦਾ ਰੰਗ ਚੜ੍ਹਿਆ ਹੋਇਆ ਹੈ। ਇਹ ਨਾਵਲ ਵੰਡ ਬਾਰੇ ਹੈ। ਇਹ ਲੇਖਕ ਦੀ ਇਕੋ-ਇਕ ਰਚਨਾ ਹੈ, ਜਿਸ ਵਿਚ ਉਹ ਬਾਕਾਇਦਾ ਧਿਰ ਵਜੋਂ ਵਿਚਰਦਾ ਦਿਸਦਾ ਹੈ। ਬਾਕੀ ਸਾਰੀਆਂ ਰਚਨਾਵਾਂ ਵਿਚ ਉਹ ਪਾਤਰਾਂ ਦੇ ਪਿੱਛੇ ਰਹਿੰਦਾ ਹੈ ਅਤੇ ਕਿਤੇ-ਕਿਤੇ ਅਛੋਪਲੇ ਜਿਹੇ ਆਪਣੀਆਂ ਗੱਲਾਂ ਕਰਦਾ ਹੈ, ਪਰ ਇਸ ਨਾਵਲ ਵਿਚ ਉਹ ਇਹ ਲੁਕਣਮੀਚੀ ਨਹੀਂ ਖੇਡਦਾ। ਵੰਡ ਦਾ ਦਰਦ ਉਹ ਆਪ ਅੱਗੇ ਹੋ-ਹੋ ਕੇ ਦੱਸਦਾ ਹੈ। 'ਹਨੇਰੀ' ਨੂੰ ਭਾਵੇਂ ਕਹਾਣੀ ਸੰਗ੍ਰਹਿ ਦਾ ਨਾਂ ਦਿੱਤਾ ਗਿਆ ਹੈ ਪਰ ਇਸ ਵਿਚ ਛਪੀ 'ਹਨੇਰੀ' ਕਹਾਣੀ ਨਹੀਂ ਨਾਵਲੈਟ ਹੈ। ਇਸ ਰਚਨਾ ਦੇ ਚੋਜ ਦੇਖਣ ਹੀ ਵਾਲੇ ਹਨ। ਵੱਖ-ਵੱਖ ਔਰਤਾਂ ਵਿਆਹ ਬਾਰੇ ਅਤੇ ਵਿਆਹ ਦੀ ਸੰਸਥਾ, ਜਾਂ ਕਹੋ ਕਿ ਪੁਰਸ਼ਾਂ, ਬਾਬਤ ਗੱਲਾਂ ਕਰਦੀਆਂ ਹਨ। ਇਹ ਗੱਲਾਂ ਨਹੀਂ ਬਿਆਨ ਹਨ। ਬਿਆਨ ਹੀ ਨਹੀਂ ਹਲਫੀਆ ਬਿਆਨ ਹਨ ਪਰ ਹੈਨ ਇਹ ਬਹੁਤ ਕਾਟਵੇਂ। ਮੁੱਖ ਪਾਤਰ ਪਿਆਰ 'ਚ ਭਿੱਜੀ ਪਈ ਹੈ। ਦੋਚਿੱਤੀ ਪਰਛਾਵੇਂ ਵਾਂਗ ਨਾਲ-ਨਾਲ ਚਲਦੀ ਹੈ ਅਤੇ ਬਿਆਨਾਂ ਜਿੰਨੀ ਹੀ ਕਾਟਵੀਂ ਹੈ। ਇਕ ਪਾਸੇ ਪ੍ਰੇਮੀ ਹੈ, ਦੂਜੇ ਪਾਸੇ ਪਰਿਵਾਰ ਹੈ। ਉਹ ਸਾਰੀ ਉਮਰ ਗਿਣਤੀਆਂ-ਮਿਣਤੀਆਂ 'ਚ ਪਈ ਰਹਿੰਦੀ ਹੈ। ਇਹ ਕਹਾਣੀ ਅਸਲ ਵਿਚ ਦੋਰਾਹੇ 'ਤੇ ਖੜ੍ਹੀ ਔਰਤ ਦੀ ਤਸਵੀਰਕਸ਼ੀ ਹੈ। ਅਖ਼ੀਰ ਉਹ ਉੱਧਲ ਜਾਂਦੀ ਹੈ। ਇਹ ਸ਼ਾਇਦ ਦਰਸ਼ਨ ਸਿੰਘ ਦਾ ਇਕੋ-ਇਕ ਪਾਤਰ ਹੈ ਜਿਹੜਾ ਇਉਂ ਬਗ਼ਾਵਤ ਕਰਦਾ ਹੈ। ਨਹੀਂ ਤਾਂ ਸਾਰੇ ਪਾਤਰ ਹੰਢੇ-ਵਰਤੇ ਹਨ ਅਤੇ ਸਮੇਂ ਨੂੰ ਘੁਮੇਟਣੀਆਂ ਦੇਈ ਜਾਂਦੇ ਹਨ। ਇਕ ਰਾਹ ਛੱਡ ਕੇ ਆਰਾਮ ਨਾਲ ਦੂਜੀ ਡੰਡੀ ਪੈ ਜਾਂਦੇ ਹਨ।

ਇਹਨਾਂ ਪਾਤਰਾਂ ਦੇ ਨੈਣ-ਨਕਸ਼ ਕਿਸੇ ਨਾ ਕਿਸੇ ਅਸਲ ਪਾਤਰ ਨਾਲ ਮਿਲਦੇ-ਜੁਲਦੇ ਹਨ। ਅਰਚਨਾ-ਅੰਮ੍ਰਿਤਾ ਦੀ ਗੱਲ ਤਾਂ ਹੋ ਹੀ ਗਈ ਹੈ। 'ਮਿੱਟੀ' ਵਾਲੇ ਮੋਹਨ ਵਿਚੋਂ ਕਵੀ-ਚਿੱਤਰਕਾਰ ਦੇਵ ਝਾਕਦਾ ਹੈ। 'ਮੀਂਹ ਕਣੀ ਦੇ ਦਿਨ' ਵਿਚੋਂ ਲੇਖਕ ਦੇ ਦਫ਼ਤਰ ਦੀ ਉਸੇ ਸੁਨੱਖੀ ਕੁੜੀ ਦਾ ਝਉਲਾ ਪੈਂਦਾ ਹੈ। 'ਮਿੱਟੀ' ਦਾ ਮੋਹੀ ਤੇ 'ਬੱਦਲਾਂ ਦੀ ਪੌੜੀ' ਦਾ ਦਰਦੀ ਭਾਪਾ ਪ੍ਰੀਤਮ ਸਿੰਘ ਦੇ ਨੇੜੇ-ਤੇੜੇ ਹੈ। ਡਾ. ਰਿਸ਼ਮ ਦੀ ਚਾਲ-ਢਾਲ ਵਿਚੋਂ ਡਾ. ਸੁਤਿੰਦਰ ਸਿੰਘ ਨੂਰ ਉਭਰਦਾ ਜਾਪਦਾ ਹੈ। ਇਸੇ ਤਰ੍ਹਾਂ ਹੋਰ ਸਹਾਇਕ ਪਾਤਰਾਂ ਦੇ ਨਕਸ਼ ਵੀ ਜਾਣੇ-ਪਛਾਣੇ ਹਨ। ਲੇਖਕ ਨੇ ਜ਼ਿੰਦਗੀ ਦੇ ਅਸਲੀ ਪਾਤਰਾਂ ਨੂੰ ਆਪਣੀ ਕਲਪਨਾ ਦੀ ਚਾਸ਼ਣੀ 'ਚ ਲਬੇੜ ਕੇ ਪੇਸ਼ ਕੀਤਾ ਹੈ। ਉਂਝ ਉਹਨੇ ਅਸਲੀ ਪਾਤਰ ਵੀ ਚਿਤਰੇ ਹਨ। ਇਹ 'ਅੱਧ ਚਾਨਣਾ' ਦਾ ਚਾਨਣ ਬਣੇ ਹੋਏ ਹਨ। ਇਹ ਚਾਨਣ ਚੌਧਵੀਂ ਦੇ ਚੰਨ ਤੋਂ ਘੱਟ ਨਹੀਂ।

ਦਰਸ਼ਨ ਸਿੰਘ ਦੀਆਂ ਰਚਨਾਵਾਂ ਦੀ ਸਭ ਤੋਂ ਵੱਡੀ ਗੱਲ ਉਸ ਦੀ ਬੋਲੀ ਹੈ। ਇਹ ਬੋਲੀ ਸਹੁੰ ਖਾਣ ਜਿੰਨੀ ਸੁੱਚੀ ਹੈ। ਆਪਣੀ ਬੋਲੀ 'ਚ ਇਹ ਮਾਖਿਓਂ ਘੋਲਣ ਲਈ ਉਹ ਹੀਰ ਵਾਰਿਸ ਸ਼ਾਹ ਪੜ੍ਹਦਾ ਹੈ। ਪੜ੍ਹਦਾ ਵੀ ਵਿਚੋਂ-ਵਿਚੋਂ ਹੈ-ਕਿਤਾਬ ਨੂੰ ਜਿੱਥੇ ਮਰਜ਼ੀ ਖੋਲ੍ਹ ਕੇ। ਸਿਰਫ਼ ਬਿਆਨ ਦੇ ਰੰਗ ਦੀ ਥਹੁ ਪਾਉਣ ਲਈ, ਸਿਰਫ਼ ਬੋਲੀ ਖ਼ਾਤਰ। ਅੱਜਕਲ੍ਹ ਦੀ ਪੰਜਾਬੀ ਪੜ੍ਹ ਕੇ ਲਗਦਾ ਹੈ ਕਿ ਲੇਖਕਾਂ ਨੂੰ ਦਰਸ਼ਨ ਸਿੰਘ ਵਾਂਗ ਹੀਰ ਵਾਰਿਸ ਸ਼ਾਹ ਪੜ੍ਹਨੀ ਚਾਹੀਦੀ ਹੈ। ਇਹੀ ਨਹੀਂ ਦਰਸ਼ਨ ਸਿੰਘ ਦੀਆਂ ਰਚਨਾਵਾਂ ਵੀ ਪੜ੍ਹਨੀਆਂ ਚਾਹੀਦੀਆਂ ਹਨ। ਇਹ ਰਚਨਾਵਾਂ ਸ਼ਬਦ, ਬੋਲੀ ਅਤੇ ਬਿਰਤਾਂਤ ਦੀ ਮਿਰਦੰਗ ਹਨ। ਇਸ ਪੱਖੋਂ ਇਹ ਰਚਨਾਵਾਂ ਰਜਾਉਣ ਵਾਲੀਆਂ ਹਨ।

[ਜਸਬੀਰ]

ਕਮੰਡਲ [ਜਸਵੰਤ ਦੀਦ]

ਸਮਕਾਲੀ ਪੰਜਾਬੀ ਕਵੀਆਂ ਵਿਚੋਂ ਜਸਵੰਤ ਦੀਦ ਇਕ ਵਿਲੱਖਣ ਮੁਹਾਵਰੇ ਦਾ ਕਵੀ ਹੈ। ਹੁਣ ਤਕ ਉਸ ਦੇ ਚਾਰ ਕਾਵਿ ਸੰਗ੍ਰਹਿ ਅਤੇ ਇਕ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ। ਇਸ ਤੋਂ ਇਲਾਵਾ ਉਸ ਨੇ ਅਨੁਵਾਦ ਅਤੇ ਸੰਪਾਦਨ ਦਾ ਕੰਮ ਵੀ ਕੀਤਾ ਹੈ। ਜਸਵੰਤ ਦੀਦ ਦਾ ਪਹਿਲਾ ਕਾਵਿ ਸੰਗ੍ਰਹਿ 1986 ਵਿਚ ਛਪਿਆ ਸੀ। ਉਦੋਂ ਤੋਂ ਲੈ ਕੇ ਹੁਣ ਤਕ ਉਹ ਨਿਰੰਤਰ ਕਾਵਿ ਸਾਧਨਾ ਵਿਚ ਜੁਟਿਆ ਹੋਇਆ ਹੈ। ਉਸ ਦੀ ਕਵਿਤਾ ਪਰੰਪਰਕ ਪ੍ਰਗਤੀਵਾਦੀ-ਰੋਮਾਂਸਵਾਦੀ ਕਾਵਿ-ਧਾਰਾ ਤੋਂ ਹੀ ਵੱਖਰੀ ਨਹੀਂ ਸਗੋਂ ਜੁਝਾਰ ਕਵਿਤਾ ਅਤੇ ਉਸ ਤੋਂ ਬਾਅਦ ਉਪਜੀ ਕਵਿਤਾ ਤੋਂ ਵੀ ਵੱਖਰੀ ਹੈ। ਉਸ ਦੀ ਇਹ ਵੱਖਰਤਾ ਨਾ ਕੇਵਲ ਵਿਸ਼ਾ ਖੇਤਰ ਵਿਚ ਹੀ ਹੈ ਸਗੋਂ ਇਹ ਉਸਦੀ ਵਿਸ਼ੇਸ਼ ਦ੍ਰਿਸ਼ਟੀ ਦੀ ਦੇਣ ਹੈ। ਉਸ ਦੀ ਕਵਿਤਾ ਦਾ ਮੂਲ ਸਰੋਕਾਰ ਆਧੁਨਿਕ ਮਾਨਵ ਦੀ ਅਸਤਿੱਤਵੀ ਭਟਕਣ ਨੂੰ ਜ਼ੁਬਾਨ ਦੇਣਾ ਹੈ। ਵਿਚਾਰਧੀਨ ਸੰਗ੍ਰਹਿ ਦੀ ਪਹਿਲੀ ਹੀ ਕਵਿਤਾ 'ਟੇਕ' ਉਸ ਦੀ ਸਦੀਵੀ ਅੱਚਵੀ ਅਤੇ ਤਲਾਸ਼ ਨੂੰ ਪੇਸ਼ ਕਰਦੀ ਹੈ:

ਮੈਨੂੰ ਕਿਧਰੇ ਟੇਕ ਨਹੀਂ ਹੈ
ਕਦੀ ਏਸ ਸ਼ਹਿਰ ਕਦੀ ਓਸ ਸ਼ਹਿਰ
ਕਦੀ ਕਸਬਾ ਕਦੀ ਗਰਾਂ
ਕੋਈ ਦਿਸ਼ਾ ਮੇਚ ਨ ਆਵੇ
ਅੱਖਰ ਛਿੱਲਾਂ, ਡੁੱਬਿਆ ਚੁੱਪ ਰਹਾਂ
ਸੋਚਾਂ ਕੋਈ ਵੀ ਗੱਲ ਨਹੀਂ ਹੈ
ਪਰ ਟੇਕ ਨਹੀਂ

ਅਸਲ ਵਿਚ ਇਹ ਆਧੁਨਿਕ ਮੱਧਵਰਗੀ ਸਾਧਨ-ਸੰਪੰਨ ਪਰ ਸੰਵੇਦਨਸ਼ੀਲ ਮਨੁੱਖ ਦੀ ਭਟਕਣ ਹੈ, ਜਿਸ ਕੋਲ ਗੁਜ਼ਾਰੇ ਜੋਗੇ ਪਦਾਰਥਕ ਸਾਧਨ ਹੁੰਦਿਆਂ ਹੋਇਆਂ ਵੀ ਸੰਤੁਸ਼ਟੀ ਨਹੀਂ ਹੈ। ਪਦਾਰਥਕ ਵਸਤਾਂ ਅਤੇ ਰਿਸ਼ਤਿਆਂ ਨੂੰ ਮਾਣ ਕੇ ਵੀ ਆਧੁਨਿਕ ਮਾਨਵ ਅੰਦਰ ਇਕ ਖਾਲੀਪਣ ਮੌਜੂਦ ਹੈ, ਜਿਸ ਨੂੰ ਉਹ ਧਰਮ ਨਾਲ ਭਰਨ ਦਾ ਯਤਨ ਕਰਦਾ ਹੈ। ਪਰ ਅਸਲੀਅਤ ਵਿਚ ਧਰਮ ਦਾ ਆਧਾਰ, ਪਰੰਪਰਕ ਰੱਬ, ਉਸ ਦੀ ਵਿਵੇਕਸ਼ੀਲ ਬੁੱਧ ਨੂੰ ਪ੍ਰਵਾਨ ਨਹੀਂ ਹੈ। ਅਜਿਹੀ ਸਥਿਤੀ ਵਿਚ ਉਹ ਕੋਈ ਦਿਸ਼ਾ-ਸੇਧ ਲੈਣ ਜਾਂ ਦੇਣ ਦੀ ਥਾਵੇਂ ਭਉਜਲ ਵਿਚ ਘਿਰ ਜਾਂਦਾ ਹੈ। ਸਮਾਜਕ ਸਰੋਕਾਰਾਂ ਤੋਂ ਟੁੱਟਣਾ ਉਸ ਨੂੰ ਪ੍ਰਗਤੀਵਾਦ ਤੋਂ ਵੱਖ ਕਰ ਦਿੰਦਾ ਹੈ ਅਤੇ ਰਿਸ਼ਤਿਆਂ ਖਾਸ ਕਰਕੇ ਔਰਤ-ਮਰਦ ਸੰਬੰਧਾਂ ਪ੍ਰਤੀ ਬਦਲੀ ਸੋਚ ਉਸ ਨੂੰ ਰੋਮਾਂਸਵਾਦ ਤੋਂ ਵੀ ਵੱਖ ਕਰ ਦਿੰਦੀ ਹੈ। ਵਿਅਕਤੀਗਤ ਜੀਵਨ ਹੰਢਾ ਰਿਹਾ ਕਾਵਿ ਨਾਇਕ ਅੰਦਰੋਂ ਉਛਾਲੇ ਮਾਰਦਾ ਹੈ ਪਰ ਉਸ ਨੂੰ ਦਿਸ਼ਾ ਕੋਈ ਨਹੀਂ ਮਿਲਦੀ। ਅਜਿਹੀ ਸਥਿਤੀ ਵਿਚ ਉਹ ਨਵੀਂ ਅਧਿਆਤਮ ਦੇ ਰਾਹ ਪੈਂਦਾ ਹੈ, ਜੋ ਉਸ ਦੇ ਆਧੁਨਿਕ ਸਰੋਕਾਰਾਂ ਨੂੰ ਪੂਰਾ ਕਰ ਸਕੇ। ਇਸ ਅਧਿਆਤਮ ਦਾ ਆਧਾਰ ਕੋਈ ਸੰਸਥਾਈ ਧਰਮ ਨਹੀਂ ਅਤੇ ਨਾ ਹੀ ਇਹ ਕਿਸੇ ਉੱਚੀ ਕਮਾਈ ਵਿਚੋਂ ਨਿਕਲਿਆ ਹੈ, ਸਗੋਂ ਇਹ ਤਾਂ ਆਧੁਨਿਕ ਮਨੁੱਖ ਦੇ ਡਰ ਦੀ ਹੀ ਓਟ ਜਾਪਦਾ ਹੈ। ਡਰ ਦੀਦ ਦੀ ਕਵਿਤਾ ਦਾ ਕੇਂਦਰੀ ਸਰੋਕਾਰ ਹੈ। ਉਸ ਦੇ ਪਹਿਲੇ ਕਾਵਿ ਸੰਗ੍ਰਹਿ ਦਾ ਨਾਂ ਹੀ 'ਬੱਚੇ ਤੋਂ ਡਰਦੀ ਕਵਿਤਾ' ਸੀ। ਡਰ ਉਸ ਦੇ ਕਾਵਿ ਦੇ ਆਰ ਪਾਰ ਫੈਲਿਆ ਹੋਇਆ ਹੈ:

ਮੇਰੇ ਹੱਥ 'ਚ ਫੜੀ ਕਿਤਾਬ ਡਿੱਗ ਪਵੇਗੀ
ਜਾਂ ਡਰ ਰਗਾਂ ਵਿਚ ਦੌੜਨ ਲੱਗੇਗਾ...
ਮੈਂ ਪਾਰ ਕਰ ਆਉਂਦਾ ਹਾਂ ਸੜਕਾਂ
ਆਪਣੀ ਸਿਰੀ ਦੇ ਸਾਰੇ ਡਰ ਮੁਕਾ ਕੇ...
ਉਫ਼! ਇਹ ਫਰਕਣ!
ਮਾਂ ਦੱਸਦੀ ਹੁੰਦੀ ਸੀ
ਕੁਝ ਜ਼ਰੂਰ ਹੁੰਦਾ ਹੈ-ਫਰਕੇ ਜੇ ਅੱਖ

ਡਰ ਨਾਲ ਉਂਗਲਾਂ ਸਖ਼ਤ ਹੋ ਜਾਂਦੀਆਂ ਨੇ
ਡਰੋ ਮਤ...ਡਰੋ ਮਤ
ਇਸ ਆਵਾਜ਼ ਆਸਰੇ ਸਾਰੀਆਂ ਪਉੜੀਆਂ ਚੜ੍ਹ ਗਿਆ

ਸਿਰਫ਼ ਉਪਰ ਉਧਰਤ ਕਵਿਤਾਵਾਂ ਵਿਚ ਹੀ ਡਰ ਵਾਰ ਵਾਰ ਨਹੀਂ ਆਇਆ ਸਗੋਂ ਇਹ ਬਦਲਵੇਂ ਸ਼ਬਦਾਂ ਅਧੀਨ ਵੀ ਸਾਰੀ ਕਵਿਤਾ ਵਿਚ ਮੌਜੂਦ ਹੈ। ਇਹ ਡਰ ਬੁਨਿਆਦੀ ਤੌਰ 'ਤੇ ਆਧੁਨਿਕ ਜੀਵਨ-ਜਾਚ ਵਿਚ ਫੈਲੀ ਅਨਿਸ਼ਚਤਤਾ ਦੀ ਦੇਣ ਹੈ। ਇਸ ਦਾ ਆਧਾਰ ਪਦਾਰਥਕ ਘੱਟ ਅਤੇ ਮਾਨਸਿਕ ਵਧੇਰੇ ਹੈ। ਆਧੁਨਿਕ ਮਨੁੱਖ ਪਰੰਪਰਕ ਪਿੰਡ-ਆਧਾਰਤ ਸਹਿਜ ਜੀਵਨ-ਚਾਲ ਵਿਚੋਂ ਨਿਕਲ ਕੇ ਸ਼ਹਿਰ-ਆਧਾਰਤ ਨਿੱਤ ਨਵੇਂ ਬਣਦੇ ਅਨਿਸ਼ਚਤ ਆਰਥਿਕ, ਸਮਾਜਕ ਅਤੇ ਮਾਨਸਿਕ ਰਿਸ਼ਤਿਆਂ ਦੇ ਜਾਲ ਵਿਚ ਫਸ ਗਿਆ ਹੈ। ਇਸੇ ਕਾਰਨ ਦੀਦ ਦੀ ਕਵਿਤਾ ਵਿਚ ਫਸ ਜਾਣ ਦਾ ਅਹਿਸਾਸ ਵੀ ਵਾਰ ਵਾਰ ਆਉਂਦਾ ਹੈ:

ਦੋਸਤ ਦੀ ਪਤਨੀ ਬੈਠਣ ਲਈ ਕਹਿੰਦੀ ਹੈ
ਉਸ ਦੇ ਮੱਥੇ ਤਿਊੜੀ 'ਚੋਂ ਨਿਕਲ
ਮੈਂ ਸੋਫ਼ੇ 'ਚ ਫਸ ਜਾਂਦਾ ਹਾਂ
ਇਹ ਕੌਣ ਹੈ ਇਹਨਾਂ ਕਵਿਤਾਵਾਂ ਅੰਦਰ
ਜੋ ਆਪਣੇ ਸਾਹਾਂ ਦੀਆਂ ਰੱਸੀਆਂ 'ਚ ਫਸਿਆ
ਹਨੇਰੀਆਂ ਖੁੱਡਾਂ ਪੱਟਦਾ
ਕੱਸੀਆਂ ਅੱਖਾਂ ਨਾਲ ਮੇਰੇ ਵੱਲ ਆ ਰਿਹਾ ਹੈ।...

ਮੂੰਹਜ਼ੋਰ ਹਨੇਰੀ ਅੰਦਰ ਉਖੜ ਗਿਆ ਮੈਂ
ਤੇ ਰੁਕਣ ਬਾਅਦ ਚੱਕਰਦਾਰ ਫਸਵੀਂ ਹਨੇਰੀ
ਪੱਤਿਆਂ ਢਕ ਲਿਆ ਮੈਨੂੰ
ਇਕ ਚੁੱਪ ਲੜ ਰਹੀ ਸੀ ਮੇਰੇ ਅੰਦਰ...

ਕਵੀ ਦੇ ਵਾਲ

ਧਰਤੀ ਦੀਆਂ ਤ੍ਰੇੜਾਂ ਵਿਚ ਫਸੇ ਹੋਏ

ਜਸਵੰਤ ਦੀਦ ਦੀ ਕਵਿਤਾ ਦਾ ਨਾਇਕ ਡਰ ਵਿਚ ਫਸਿਆ ਹੋਇਆ ਹੈ। ਇਹ ਡਰ ਉਸ ਦੇ ਪਰੰਪਰਾ ਤੋਂ ਟੁੱਟਣ ਕਰਕੇ ਪੈਦਾ ਹੋਇਆ ਹੈ। 'ਪਿੰਡ ਸੁਨੇਹਾ', 'ਦੂਜੀ ਵਾਰ ਪਿੰਡ', 'ਟੱਬਰ', ਨਜ਼ਮਾਂ ਇਸੇ ਪਾਸੇ ਵੱਲ ਇਸ਼ਾਰਾ ਕਰਦੀਆਂ ਹਨ। ਉਸ ਦੇ ਵਰਤਮਾਨ ਵਿਚ ਭੂਤਕਾਲ ਸਮਕਾਲ ਵਾਂਗ ਹੀ ਹਾਜ਼ਰ ਨਾਜ਼ਰ ਰਹਿੰਦਾ ਹੈ। ਉਸ ਕੋਲ ਇਸ ਡਰ ਤੋਂ ਬਚਣ ਲਈ ਇਕ ਰਾਹ ਔਰਤ ਦੇ ਜਿਸਮ ਦਾ ਹੈ। ਇਸ ਪ੍ਰਸੰਗ ਵਿਚ 'ਤਾਜ਼ਾ', 'ਮੈਂ ਤੈਨੂੰ ਮਿਲਣਾ ਚਾਹੁੰਦਾ ਹਾਂ', 'ਤੇਰਾ ਆਉਣਾ' ਆਦਿ ਨਜ਼ਮਾਂ ਪੜ੍ਹੀਆਂ ਜਾ ਸਕਦੀਆਂ ਹਨ:

ਮੈਂ ਜਦ ਵੀ ਪੁਰਾਣਾ ਹੋਣ ਲਗਦਾ ਹਾਂ
ਤੇਰੀ ਆਵਾਜ਼ ਸੁਣਦੀ ਹੈ...
ਨਵਾਂ ਨਕੋਰ ਹੋ ਜਾਂਦਾ ਹਾਂ
ਕੀ ਜਾਦੂ ਹੈ ਤੇਰੀ ਆਵਾਜ਼ ਅੰਦਰ
ਕਿ ਮੈਂ ਕਾਲੇ ਤੰਗ ਜੰਗਲਾਂ 'ਚੋਂ ਖਿੱਚਿਆ ਆਉਂਦਾ ਹਾਂ
ਕੋਕਿਆਂ ਵਾਲੀ ਕਿਸੇ ਬੀਨ ਵੱਲ

ਇਸ ਡਰ ਤੋਂ ਬਚਣ ਦਾ ਦੂਸਰਾ ਰਸਤਾ ਨਸ਼ੇ ਦਾ ਹੈ। ਇਹ ਨਸ਼ਾ ਸ਼ਰਾਬ ਦਾ ਵੀ ਹੋ ਸਕਦਾ ਹੈ ਅਤੇ ਤਾਕਤ ਦਾ ਵੀ ਹੋ ਸਕਦਾ ਹੈ ਪਰ ਕਵੀ ਇਹ ਅਸਲੀਅਤ ਜਾਣਦਾ ਹੈ ਕਿ ਔਰਤ ਦਾ ਜਿਸਮ ਜਾਂ ਤਾਕਤ ਦਾ ਨਸ਼ਾ ਜਾਂ ਸ਼ਰਾਬ ਦੀ ਮਦਹੋਸ਼ੀ ਉਸ ਦੇ ਡਰ ਨੂੰ ਆਰਜ਼ੀ ਤੌਰ 'ਤੇ ਹੀ ਦੂਰ ਕਰ ਸਕਦੀ ਹੈ। ਇਸ ਲਈ ਉਹ ਨਵੀਂ ਅਧਿਆਤਮ ਦੀ ਤਲਾਸ਼ ਵਿਚ ਹੈ। ਪਰ ਸਮੱਸਿਆ ਇਹ ਹੈ ਕਿ ਇਹ ਅਧਿਆਤਮ ਨਿਰੋਲ ਕਲਪਨਾ ਹੈ। ਇਸ ਕਾਰਨ ਉਸ ਦੇ ਨਕਸ਼ ਸਥਿਰ ਨਹੀਂ ਹਨ। ਉਹ ਕੁਝ ਤੁਰਦੇ-ਫਿਰਦੇ ਮਨੋਭਾਵਾਂ ਨੂੰ ਪਕੜਨ ਦੀ ਕੋਸ਼ਿਸ਼ ਕਰਦਾ ਹੈ। 'ਭੇਟਾਂ', 'ਬਾਬਾ ਜੀ ਨਾਲ ਸ਼ਾਮ', 'ਮੰਤਰ', 'ਗਜਾਧਾਰੀ', 'ਧਰਤੀ ਹੇਠ ਨਿਸ਼ਾਨ' ਕਵਿਤਾਵਾਂ ਇਸ ਪ੍ਰਸੰਗ ਵਿਚ ਵਾਚੀਆਂ

ਜਾ ਸਕਦੀਆਂ ਹਨ। ਪਰ ਇਹਨਾਂ ਕਵਿਤਾਵਾਂ ਦਾ ਨਿਕਟ ਅਧਿਐਨ ਦਰਸਾਉਂਦਾ ਹੈ ਕਿ ਉਸ ਕੋਲ ਮਾਂ, ਪਤਨੀ, ਮਹਿਬੂਬਾ ਅਤੇ ਜ਼ਿੰਦਗੀ ਦੇ ਪਦਾਰਥਕ ਸੱਚ ਦਾ ਕੋਈ ਅਧਿਆਤਮਕ ਬਦਲ ਨਹੀਂ ਹੈ। ਉਸ ਦੇ ਅਧਿਆਤਮ ਵਿਚ ਵੀ ਪਰੰਪਰਾ ਨਾਲ ਜੁੜਨ ਦੇ ਅਹਿਸਾਸ ਦਾ ਹੀ ਪ੍ਰਗਟਾਵਾ ਹੈ। ਬਿਨਾਂ ਸ਼ੱਕ ਆਧੁਨਿਕ ਮਾਨਵ ਦੀ ਭਟਕਣਾ ਜਾਂ ਮੁਕਤੀ ਮਾਰਗ ਅਧਿਆਤਮ ਨਹੀਂ ਹੈ। ਇਹ ਵੀ ਦੂਸਰੇ ਨਸ਼ਿਆਂ ਵਰਗਾ ਹੀ ਨਸ਼ਾ ਹੈ ਜੋ ਯਥਾਰਥ ਦੇ ਨਾਲ ਟਕਰਾਅ ਕੇ ਉਤਰ ਜਾਂਦਾ ਹੈ। ਦੀਦ ਦੀ ਖ਼ੂਬਸੂਰਤੀ ਅਧਿਆਤਮਕ ਮਾਰਗ ਦੀ ਤਲਾਸ਼ ਵਿਚ ਨਹੀਂ ਸਗੋਂ ਇਸ ਮਾਰਗ 'ਤੇ ਤੁਰਨ ਦੇ ਅਹਿਸਾਸਾਂ ਨੂੰ ਸੱਚੋ ਸੱਚ ਬਿਆਨਣ ਵਿਚ ਹੈ।

ਦੀਦ ਦੀਆਂ ਕਵਿਤਾਵਾਂ ਵਿਚੋਂ 'ਡਿਨਰ', 'ਪਤਨੀ' ਵਿਸ਼ੇਸ਼ ਧਿਆਨ ਖਿੱਚਦੀਆਂ ਹਨ ਕਿਉਂਕਿ ਇਹ ਆਧੁਨਿਕ ਮੱਧਵਰਗੀ ਪਤੀ-ਪਤਨੀ ਦੇ ਸੰਬੰਧਾਂ ਨੂੰ ਵਿਸ਼ੇਸ਼ ਕਟਾਖ਼ਸ਼ੀ ਅੰਦਾਜ਼ ਵਿਚ ਪੇਸ਼ ਕਰਦੀਆਂ ਹਨ। 'ਸੰਸਾਰ' ਅਤੇ 'ਭਾਣਜੇ ਦੀ ਵਲਾਇਤ ਫੇਰੀ' ਨਜ਼ਮਾਂ ਵੀ ਆਧੁਨਿਕ ਮਾਨਵੀ ਸਰੋਕਾਰਾਂ ਨੂੰ ਕਟਾਖ਼ਸ਼ੀ ਅੰਦਾਜ਼ ਵਿਚ ਹੀ ਪੇਸ਼ ਕਰਦੀਆਂ ਹਨ। 'ਸੰਸਾਰ' ਨਜ਼ਮ ਜਿੱਥੇ ਦਫ਼ਤਰੀ ਸੰਸਾਰ ਦੇ ਸਵੈ-ਕੇਂਦਰਤ ਮਾਹੌਲ ਨਾਲ ਸੰਬੰਧਤ ਹੈ, ਉੱਥੇ 'ਭਾਣਜੇ ਦੀ ਵਲਾਇਤ ਫੇਰੀ' ਪਰਵਾਸੀਆਂ ਦੀ ਭਾਰਤ ਬਾਰੇ ਸੰਕਲਪਨਾ ਉੱਤੇ ਕਟਾਖ਼ਸ਼ ਹੈ। ਦੀਦ ਕੋਲ ਕੇਵਲ ਵੱਖਰੇ ਵਿਸ਼ੇ ਅਤੇ ਦ੍ਰਿਸ਼ਟੀ ਹੀ ਨਹੀਂ ਸਗੋਂ ਉਸ ਕੋਲ ਨਿਵੇਕਲੀ ਭਾਸ਼ਾ ਵੀ ਹੈ। ਉਹ ਸ਼ਬਦਾਂ ਨੂੰ ਵੱਖਰੇ ਹੀ ਅਰਥ ਉਪਜਾਉਣ ਲਈ ਵਰਤਣ ਵਿਚ ਮਾਹਰ ਹੈ। ਉਹ ਸ਼ਬਦਾਂ ਨੂੰ ਕੋਸ਼ਗਤ ਅਰਥਾਂ ਦੀ ਥਾਂ ਕਾਵਿਕ ਅਰਥਾਂ ਵਿਚ ਹੀ ਵਰਤਦਾ ਹੈ। ਉਦਾਹਰਣ ਵਜੋਂ ਉਸ ਦੀ 'ਗੇਂਦ' ਕਵਿਤਾ ਦੀਆਂ ਮੁੱਢੀਆਂ ਸਤਰਾਂ ਵੇਖੀਆਂ ਜਾ ਸਕਦੀਆਂ ਹਨ:

ਹੜਬੜਾਈ ਹੋਈ ਇਕ ਆਵਾਜ਼/ਬਾੜ੍ਹ ਬਾੜ੍ਹ ਵੱਜਦੀ ਹੈ
ਮੈਂ ਆਪਣੇ ਆਪ ਨੂੰ/ ਆਪਣੇ ਹੱਥਾਂ ਬਾਹਾਂ ਨਾਲ ਲੁਕੋਂਦਾ ਹਾਂ
ਬੁੜ੍ਹਕਦੀ ਆਵਾਜ਼/ਕਦੇ ਮੱਥੇ 'ਤੇ ਰੋੜ੍ਹ ਪਾਉਂਦੀ ਹੈ
ਕਦੇ ਤਾਲੂ 'ਚ ਵੱਜ ਕੇ ਉਭਰਦੀ
ਆਵਾਜ਼ ਮੇਰੇ ਅੰਦਰ ਫਸੀ ਹੋਈ
ਜਾਂ ਮੈਂ ਆਵਾਜ਼ ਦੇ ਅੰਦਰ

ਜਸਵੰਤ ਦੀਦ ਨੇ ਪੰਜਾਬੀ ਵਿਚ ਡਾਕਟਰੇਟ ਦੀ ਉਚੇਰੀ ਪੜ੍ਹਾਈ ਕੀਤੀ ਹੈ ਤੇ ਉਸ ਤੋਂ ਬਾਅਦ ਉਹ ਨਿਰੰਤਰ ਦੂਰਦਰਸ਼ਨ ਵਿਚ ਅਧਿਕਾਰੀ ਵਜੋਂ ਕੰਮ ਕਰ ਰਿਹਾ ਹੈ। ਇਹ ਸਿੱਖਿਆ ਅਤੇ ਤਜਰਬਾ ਵੀ ਉਸ ਦੀ ਕਵਿਤਾ ਨੂੰ ਪ੍ਰਭਾਵਤ ਕਰਦਾ ਹੈ। ਉਹ ਸ਼ਬਦਾਂ ਦੇ ਅਭਿਧਾ ਅਰਥਾਂ ਦੀ ਥਾਂ ਲਕਸ਼ਣਾ ਤੇ ਵਿਅੰਜਨਾ ਵੱਲ ਰੁਚਿਤ ਹੈ। ਉਹ ਪੰਜਾਬੀ ਕਾਵਿ-ਪਰੰਪਰਾ ਨੂੰ ਆਤਮਸਾਤ ਕਰਕੇ ਉਸ ਤੋਂ ਪਾਰ ਜਾਣ ਦੀ ਕੋਸ਼ਿਸ਼ ਵਿਚ ਹੈ। ਦੂਰਦਰਸ਼ਨ ਦੇ ਤਜਰਬੇ ਨੇ ਘਟਨਾਵਾਂ ਨੂੰ ਦ੍ਰਿਸ਼ਾਂ ਵਿਚ ਪਕੜਨ ਦੀ ਜਾਚ ਸਿਖਾਈ ਹੈ। ਇਹ ਜਾਚ ਉਸ ਦੀ ਕਵਿਤਾ ਵਿਚ ਵੀ ਢਲ ਆਈ ਹੈ। 'ਬਾਬਾ ਜੀ ਨਾਲ ਸ਼ਾਮ' ਕਵਿਤਾ ਪੰਜ ਦ੍ਰਿਸ਼ਾਂ ਵਿਚ ਵੰਡੀ ਹੋਈ ਹੈ। 'ਦਾ ਐਂਡ' ਨਜ਼ਮ ਦਾ ਸਾਰਾ ਬਿੰਬ ਵਿਧਾਨ ਹੀ ਕੈਮਰੇ ਦੀ ਤਕਨੀਕੀ ਭਾਸ਼ਾ ਅਨੁਸਾਰੀ ਹੈ:

ਤੈਨੂੰ ਅਦਾਕਾਰੀ ਦਾ ਸ਼ੌਕ ਸੀ/ ਮੈਨੂੰ ਤਜਰਬੇ ਦਾ
ਤੂੰ ਕਿਸੇ ਨਸ਼ੇ ਅੰਦਰ/ ਮੁਦਰਾਵਾਂ ਬੋਲਦੀ
ਮੈਂ ਤੇਰੇ ਵੱਖੋ ਵੱਖ ਐਂਗਲ ਸ਼ੂਟ ਕਰਦਾ
ਮੈਨੂੰ ਤੇਰੇ ਕਲੋਜ਼ ਅੱਪ ਡੱਲ ਲੱਗਣ ਲੱਗੇ ਅਚਾਨਕ
ਤੈਨੂੰ ਮੇਰੀ ਨਿਰਦੇਸ਼ਨਾਂ 'ਤੇ ਸ਼ੱਕ ਹੋਣ ਲੱਗਾ
ਅੱਜ ਤਕ ਰਫ਼-ਕੱਟ/ ਰੁਲਦੇ ਪਏ

ਸਮੁੱਚੇ ਰੂਪ ਵਿਚ ਆਖਿਆ ਜਾ ਸਕਦਾ ਹੈ ਕਿ ਜਸਵੰਤ ਦੀਦ ਆਧੁਨਿਕ ਸਮਕਾਲੀ ਪੰਜਾਬੀ ਕਵਿਤਾ ਦਾ ਵਿਲੱਖਣ ਸੁਰ ਹੈ, ਜਿਸ ਦੀ ਕੇਵਲ ਦਿਸ਼ਾ ਅਤੇ ਦ੍ਰਿਸ਼ਟੀ ਹੀ ਵੱਖਰੀ ਨਹੀਂ

ਸਗੋਂ ਉਸ ਦਾ ਕਲਾਤਮਕ ਵਿਧਾਨ ਵੀ ਅਨੋਖਾ ਹੈ। ਮੇਰੀ ਸਮਝ ਅਨੁਸਾਰ ਜੇ ਉਹ ਅਧਿਆਤਮਕ ਮਾਰਗ ਪ੍ਰਤੀ ਵੀ ਵਧੇਰੇ ਕਟਾਖ਼ਸ਼ੀ ਹੋ ਜਾਵੇ ਤਾਂ ਇਹ ਉਸ ਦੀ ਪ੍ਰਾਪਤੀ ਹੋਵੇਗੀ ਅਤੇ ਜੇ ਉਹ ਇਸੇ ਨੂੰ ਮੰਜ਼ਲ ਸਮਝ ਕੇ ਰੁਕ ਗਿਆ ਤਾਂ ਇਹ ਉਸ ਦੀ ਸੀਮਾ ਹੋਵੇਗੀ।

[ਰਾਜਿੰਦਰ ਪਾਲ ਸਿੰਘ]

ਬੀ ਜੀ ਮੁਸਕਰਾ ਪਏ [ਹਰਪ੍ਰੀਤ ਸਿੰਘ ਸੇਖਾ]

ਪੰਜਾਬੀ ਸਾਹਿਤ-ਜਗਤ ਵਿਚ 'ਪਰਵਾਸੀ' ਵਿਸ਼ੇਸ਼ਨ ਕੇਵਲ ਸਮੁੰਦਰੋਂ ਪਾਰਲੇ ਦੇਸ਼ਾਂ ਅੰਦਰ ਲਿਖੀ ਜਾਂਦੀ ਰਚਨਾ ਲਈ ਹੀ ਵਰਤਿਆ ਜਾਂਦਾ ਹੈ। ਪੰਜਾਬ ਪ੍ਰਦੇਸ਼ ਤੋਂ ਪਰਵਾਸ ਕਰਕੇ ਭਾਰਤ ਦੇਸ਼ ਦੇ ਦੂਜੇ ਪ੍ਰਾਂਤਾਂ ਵਿਚ ਜਾ ਵਸੇ ਲੇਖਕਾਂ ਦੀਆਂ ਕਹਾਣੀਆਂ ਇਸ ਸ਼ਬਦ ਦੇ ਘੇਰੇ ਵਿਚ ਨਹੀਂ ਲਿਆਈਆਂ ਜਾਂਦੀਆਂ, ਭਾਵੇਂ ਉਹਨਾਂ ਪ੍ਰਾਂਤਾਂ ਦੇ ਜੀਵਨ-ਮੁੱਲਾਂ, ਉੱਥੋਂ ਦੀਆਂ ਕਦਰਾਂ-ਕੀਮਤਾਂ ਜਾਂ ਭਾਸ਼ਾਈ ਵਿਰੋਧਾਂ-ਅੰਤਰ ਵਿਰੋਧਾਂ ਦੀ ਪੱਧਰ ਵੀ ਸਮੁੰਦਰੋਂ ਪਾਰਲੇ ਦੇਸ਼ਾਂ ਵਾਂਗ ਥੋੜ੍ਹੀ ਜਾਂ ਬਹੁਤੀ ਵਖਰੇਵਿਆਂ ਵਾਲੀ ਹੀ ਹੁੰਦੀ ਹੈ। ਫਿਰ ਵੀ ਕੁਝ ਕਾਰਨ ਅਜਿਹੇ ਹਨ ਜਿਹੜੇ ਬੰਗਾਲ ਜਾਂ ਮਹਾਰਾਸ਼ਟਰ 'ਚ ਰਹਿੰਦੇ ਪੰਜਾਬੀ ਲੇਖਕਾਂ ਦੀ ਕਹਾਣੀ ਨੂੰ ਨਹੀਂ ਸਗੋਂ ਇੰਗਲੈਂਡ, ਅਮਰੀਕਾ ਜਾਂ ਕਨੇਡਾ 'ਚ ਵਸਦੇ ਕਹਾਣੀ ਲੇਖਕਾਂ ਦੀ ਕਹਾਣੀ ਨੂੰ ਹੀ 'ਪਰਵਾਸੀ' ਕਹਾਣੀ ਦੀ ਉਪਾਧੀ ਪ੍ਰਦਾਨ ਕਰਨ ਦਾ ਆਧਾਰ ਬਣਦੇ ਹਨ। ਅਜਿਹਾ ਆਧਾਰ ਸੱਤ ਸਮੁੰਦਰੋਂ ਪਾਰ ਰੋਜ਼ੀ-ਰੋਟੀ ਦੀ ਭਾਲ ਵਿਚ ਨਿਕਲੇ ਪਰਵਾਸਧਾਰੀਆਂ ਦੀ ਮਨੋ-ਸਥਿਤੀ ਅੰਦਰ ਲੁਪਤ ਹੈ। ਉਹਨਾਂ ਦੀ ਅਜਿਹੀ ਮਨੋ-ਸਥਿਤੀ ਜਨਮ-ਭੂਮੀ ਦੇ ਸਭਿਆਚਾਰਕ ਸੰਸਕਾਰਾਂ ਤੋਂ ਬਣੀ ਦੂਰੀ, ਘਰ ਦੇ ਜੀਆਂ, ਸਾਕ-ਸੰਬੰਧੀਆਂ ਤੋਂ ਬਣੀ ਵਿੱਥ, ਪਰਵਾਸ ਕੀਤੇ ਅਸਥਾਨਾਂ 'ਤੇ ਬਰਦਾਸ਼ਤ ਕਰਨੀਆਂ ਪੈ ਰਹੀਆਂ ਕਈ ਤਰ੍ਹਾਂ ਦੀਆਂ ਔਕੜਾਂ ਵਰਗੇ ਕਈ ਇਕ ਕਾਰਨਾਂ ਕਰਕੇ ਵਿਗਸਤ ਹੋਈ ਹੈ। ਪੰਜਾਬੀ ਦੇ ਜਿਹਨਾਂ ਸੰਵੇਦਨਸ਼ੀਲ ਹਸਤਾਖ਼ਰਾਂ ਨੇ ਪਰਵਾਸਧਾਰੀਆਂ ਦੀ ਅਜਿਹੀ ਮਨੋਸਥਿਤੀ ਨੂੰ ਆਪਣੀ ਕਲਮ ਦੀ ਜ਼ੁਬਾਨ ਦਿੱਤੀ ਹੈ, ਉਹਨਾਂ ਦੀ ਸੂਚੀ ਵਿਚ ਇਕ ਹੋਰ ਨਾਮ ਜੁੜਿਆ ਹੈ, ਹਰਪ੍ਰੀਤ ਸਿੰਘ ਸੇਖਾ ਦਾ। ਉਸਦੀ ਪਹਿਲੀ ਕਹਾਣੀ ਪੁਸਤਕ 'ਬੀ ਜੀ ਮੁਸਕਰਾ ਪਏ' (ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮੁੱਲ 150 ਰੁਪਏ, ਪੰਨੇ 152) ਰਾਹੀਂ।

ਪਰ, ਇਸ ਪੁਸਤਕ ਅੰਦਰ ਦਰਜ 12 ਕਹਾਣੀਆਂ ਦਾ ਵਿਸ਼ਾ-ਵਸਤੂ ਪਰਵਾਸੀਆਂ ਦੀ ਮਨੋਸਥਿਤੀ ਨੂੰ ਪ੍ਰਭਾਵਤ ਕਰਨ ਵਾਲੇ ਉਪਰੋਕਤ ਅੰਕਤ ਮੋਟੇ-ਠੁਲ੍ਹੇ ਕਾਰਨਾਂ ਤਕ ਸੀਮਤ ਨਹੀਂ। ਸਗੋਂ ਇਹਨਾਂ ਤੋਂ ਇਲਾਵਾ ਪਰਵਾਸੀਆਂ ਦੀ ਜੀਵਨ ਰਹਿਤਲ ਨਾਲ ਸੰਬੰਧਤ ਹੋਰ ਵਿਸਥਾਰ ਵੀ ਕਹਾਣੀਆਂ ਅੰਦਰ ਅੰਕਤ ਹੋਇਆ ਮਿਲਦਾ ਹੈ। ਇਹ ਵਿਸਥਾਰ ਪੱਛਮੀ ਮੁਲਕਾਂ ਅੰਦਰ ਪੈਰ ਜਮਾ ਕੇ ਬੈਠੇ ਪੰਜਾਬੀਆਂ ਦੀਆਂ ਬਾਹਰੀ ਹਾਲਤਾਂ ਨਾਲ ਵੀ ਜੁੜਿਆ ਹੋਇਆ ਹੈ ਅਤੇ ਉਹਨਾਂ ਦੇ ਮਨੋ-ਵਿਕਲਪਾਂ ਅਤੇ ਮਨੋ-ਵਿਕਾਰਾਂ ਨਾਲ ਵੀ। ਇਸ ਦੀ ਪ੍ਰਥਮ ਉਦਾਹਰਣ ਪੁਸਤਕ ਅੰਦਰ ਦਰਜ 'ਘੁੰਮਣਘੇਰੀ' ਨਾਮੀਂ ਕਹਾਣੀ ਵਿਚ ਹੀ ਮਿਲ ਜਾਂਦੀ ਹੈ। ਪਿਉ ਸਮਾਨ ਮਾਸੜ ਜਗਜੀਤ ਆਪਣੀ ਘਰਵਾਲੀ ਮਨਜੀਤ ਦੀ ਗ਼ੈਰ-ਹਾਜ਼ਰੀ ਵਿਚ ਆਪਣੀ ਭਾਣਜੀ ਡਿੰਪਲ ਨਾਲ ਜ਼ਬਰਦਸਤੀ ਕਰਨ ਦਾ ਯਤਨ ਕਰਦਾ ਹੈ। ਉਸ ਦੇ ਚੁੰਗਲ ਵਿਚੋਂ ਬਚ ਕੇ ਨਿਕਲੀ ਡਿੰਪਲ ਲਈ ਉਸਦੀਆਂ ਕਲਾਸਮੇਟ ਕਿਮਬਰਲੀ ਅਤੇ ਪੈਟੀ ਵੱਲੋਂ ਉਸ ਲਈ ਨਵੀਆਂ ਕਿਸਮਾਂ ਦੀਆਂ ਘੁੰਮਣਘੇਰੀਆਂ ਪੇਸ਼-ਪੇਸ਼ ਹਨ। ਕਿਮਬਰਲੀ ਵੇਸਵਾਗਿਰੀ ਵਰਗੇ ਰਾਹ 'ਤੇ ਤੁਰਨ ਦੀ ਸਲਾਹ ਦਿੰਦੀ ਹੈ ਤੇ ਪੈਟੀ ਸੰਮਲਿੰਗਕਤਾ ਦੀ ਚੁੰਗਲ ਵਿਚ ਆਪ ਉਸਨੂੰ ਫਸਾ ਲੈਂਦੀ ਹੈ। ਇਵੇਂ ਦਾ ਮਨੋ-ਵਿਕਾਰ ਇਸ ਪੁਸਤਕ ਦੀ ਅੰਤਲੀ ਕਹਾਣੀ 'ਕਿਤਾਬ ਵਿਚਲੇ ਫੁੱਲ' ਦੇ ਮੁੱਖ ਪਾਤਰ ਤਰਲੋਕ

ਅੰਦਰ ਇਸ ਲਈ ਵਾਪਰਦਾ ਹੈ ਕਿ ਉਸ ਨੂੰ ਦੋ ਬੱਚੀਆਂ ਦੀ ਮਾਂ ਸੁਰਜੀਤ ਨਾਲ ਸ਼ਾਦੀ ਕਰਨੀ ਪੈਂਦੀ ਹੈ, ਜਿਸ ਨਾਲ ਉਸਦੀ ਰੂਹ ਨਹੀਂ ਭਿੱਜਦੀ। ਰੂਹ ਦੀ ਇਹ ਭਟਕਣਾ ਦੂਰ ਕਰਨ ਲਈ ਤਰਲੋਕ ਨੂੰ ਆਪਣੀ ਪਤਨੀ ਦੀ ਵੱਡੀ ਧੀ 'ਚੋਂ ਆਪਣੀ ਦਸਵੀਂ ਜਮਾਤ ਦੀ ਹਮਜਮਾਤਣ ਰਜਨੀ ਦਿਸਣ ਲੱਗ ਪੈਂਦੀ ਹੈ। ਉਸਦੇ ਧੁਰ ਅੰਦਰ ਤਕ ਪਸਰੀ ਬੇਚੈਨੀ ਨੂੰ ਨਾ ਹੀ ਗੁਰੂ ਘਰ ਦੀ ਸੇਵਾ ਅਤੇ ਪਾਠ-ਪੂਜਾ ਸ਼ਾਂਤ ਕਰਦੀ ਹੈ ਅਤੇ ਨਾ ਹੀ ਉਸਦਾ ਅਮੀਰੀ ਠਾਠ-ਬਾਠ ਹੀ ਕਿਸੇ ਕਿਸਮ ਦੀ ਰਾਹਤ ਪ੍ਰਦਾਨ ਕਰਦਾ ਹੈ।

ਕਹਾਣੀਕਾਰ ਹਰਪ੍ਰੀਤ ਸਿੰਘ ਸੇਖਾ ਦੀ ਕਲਾਤਮਕਤਾ ਇਹਨਾਂ ਪਾਤਰਾਂ ਅੰਦਰਲੀ ਟੁੱਟ-ਭੱਜ ਨੂੰ ਪ੍ਰਗਟਾਉਣ ਵਿਚ ਵੀ ਹੈ ਅਤੇ ਆਪਣੀਆਂ ਕਹਾਣੀਆਂ ਅੰਦਰ ਇਹਨਾਂ ਦੇ ਸਨਮੁੱਖ ਬਦਲਵੇਂ ਪਾਤਰ ਅਤੇ ਬਦਲਵੀਆਂ ਪਰਿਸਥਿਤੀਆਂ ਦੀ ਪੇਸ਼ਕਾਰੀ ਕਰਨ ਵਿਚ ਵੀ। 'ਘੁੰਮਣਘੇਰੀ' ਅੰਦਰ ਇਹ ਪਰਿਸਥਿਤੀ ਰਾਣੋ ਦੇ ਪਾਤਰ ਰਾਹੀਂ ਪੇਸ਼ ਹੁੰਦੀ ਹੈ ਤੇ 'ਕਿਤਾਬ ਵਿਚਲੇ ਫੁੱਲ' ਕਹਾਣੀ ਵਿਚ ਸੁੱਚੇ ਦੇ ਕਿਰਦਾਰ ਰਾਹੀਂ। ਇਵੇਂ ਹੀ 'ਲੋਕਾਚਾਰੀ' ਕਹਾਣੀ ਵਿਚ ਇਹ ਵਿਕਲਪ ਨਿੰਦਰ ਦੀ ਪਤਨੀ ਰਾਹੀਂ ਅੰਕਤ ਹੋਇਆ ਹੈ। ਇਸ ਕਹਾਣੀ ਦਾ ਮੁੱਖ ਪਾਤਰ ਨਿੰਦਰ ਕਨੇਡਾ ਦੇ ਵਿਕਸਤ ਸਮਾਜ ਅੰਦਰ ਪ੍ਰਵਾਨ ਚੜ੍ਹਿਆ ਵੀ ਅਪਣੇ ਅੰਦਰ ਸਵੈ-ਭਰੋਸਾ ਤੇ ਸਵੈ ਵਿਸ਼ਵਾਸ ਨਹੀਂ ਭਰ ਸਕਿਆ। ਉਸ ਵਿਚ ਆਪਣੇ ਬਾਰੇ ਆਪ ਨਿਰਣਾ ਕਰਨ ਦੀ ਸ਼ਕਤੀ ਵੀ ਨਹੀਂ। ਉਹ ਆਪਣੇ ਅੱਖੜ-ਝੱਖੜ ਸੁਭਾਅ ਵਾਲੇ ਪਿਤਾ ਅੱਗੇ ਲਾਚਾਰ ਜਿਹਾ ਹੈ। ਇਸ ਕਾਰਨ ਹੀ ਉਸਦਾ ਪਰਿਵਾਰ ਟੁੱਟ ਜਾਂਦਾ ਹੈ। ਇਸੇ ਟੈਨਸ਼ਨ ਕਾਰਨ ਉਸਦੀ ਐਕਸੀਡੈਂਟ ਵਿਚ ਮੌਤ ਹੋ ਜਾਂਦੀ ਹੈ। ਉਸਦੇ ਪਿਤਾ ਦੇ ਸੁਭਾਅ 'ਚ ਥੋੜ੍ਹੀ ਕੁ ਤਬਦੀਲੀ ਕਿਧਰੇ ਨਿੰਦਰ ਦੀ ਲਾਸ਼ ਨੂੰ ਬਿਜਲੀ ਅਗਨ ਭੇਟ ਕਰਨ ਵੇਲੇ ਆਈ ਮਹਿਸੂਸ ਹੁੰਦੀ ਹੈ, ਉਹ ਵੀ ਨਿੰਦਰ ਦੀ ਪਤਨੀ ਅਤੇ ਨਿੰਦਰ ਦੇ ਪੁੱਤਰ ਮਨੀ ਦੀ ਸ਼ਮਸ਼ਾਨ ਘਾਟ ਵਿਚ ਉਪਸਥਤੀ ਕਾਰਨ।

ਹਰਪ੍ਰੀਤ ਸਿੰਘ ਸੇਖਾ ਦੀਆਂ ਇਸ ਪੁਸਤਕ ਦੀਆਂ ਕਹਾਣੀਆਂ ਦਾ ਇਕ ਅਹਿਮ ਸੂਤਰ, ਪੰਜਾਬ ਅੰਦਰ ਵਸਦੇ ਟੱਬਰਾਂ ਦੀ ਆਰਥਿਕ ਦਸ਼ਾ ਸੁਧਾਰਨ ਲਈ ਘਰ ਦੇ ਇਕ ਜੀਅ ਨਹੀਂ, ਸਗੋਂ ਸਾਰੇ ਦੇ ਸਾਰੇ ਟੱਬਰ ਦਾ ਬਦੇਸ਼ਾਂ ਵਿਚ ਪਰਵਾਸ ਕਰਵਾਉਣ ਲਈ ਲੱਗੀ ਹੋੜ ਦੁਆਲੇ ਘੁੰਮਦਾ ਹੈ। ਇਸ ਕੰਮ ਲਈ ਕਿਸੇ ਵੇਲੇ ਅਣਖੀ ਤੇ ਸਵੈਮਾਨੀ ਗਿਣੇ ਜਾਂਦੇ ਪੰਜਾਬੀ, ਹੁਣ ਜੁਆਨ-ਜਹਾਨ ਧੀਆਂ ਪੁੱਤਰਾਂ ਦੀ ਬਲੀ ਸਭ ਤੋਂ ਪਹਿਲਾਂ ਚਾੜ੍ਹਨ 'ਤੇ ਤੁਲੇ ਹੋਏ ਹਨ। 'ਘੁੰਮਣਘੇਰੀ' ਦੀ ਡਿੰਪਲ ਅਤੇ 'ਕਿਤਾਬ ਵਿਚਲੇ ਫੁੱਲ' ਦਾ ਤਰਲੋਕ ਇਸ ਤੱਥ ਦੀਆਂ ਨਿੱਗਰ ਉਦਾਹਰਨਾਂ ਹਨ। ਪਰ, ਇਸ ਪੁਸਤਕ ਦੇ ਸਿਰਲੇਖ ਵਾਲੀ 'ਬੀ ਜੀ ਮੁਸਕਰਾ ਪਏ' ਨਾਮੀਂ ਕਹਾਣੀ ਦਾ ਤੱਥ ਅਸਲੋਂ ਹੀ ਨਿਵੇਕਲੀ ਉਦਾਹਰਨ ਬਣਿਆ ਹੈ। ਜਸਵਿੰਦਰ ਨਾਮ ਦਾ ਪੰਜਾਬੀ ਗੱਭਰੂ ਆਪਣੀ ਪ੍ਰੇਮਿਕਾ ਸੁਖਜੀਤ ਨੂੰ ਬਦੇਸ਼ੀ ਲਾੜੇ ਗੁਰਮੀਤ ਨਾਲ ਵਿਆਹ ਕਰਵਾ ਲੈਣ ਲਈ ਦਬਾ ਪਾ ਰਾਜ਼ੀ ਕਰਦਾ ਹੈ, ਤਾਕਿ ਵਿਆਹ ਦੇ ਸਾਧਨ ਰਾਹੀਂ ਉਸਦੀ ਪ੍ਰੇਮਿਕਾ ਪਹਿਲਾਂ ਕਨੇਡਾ ਪੁੱਜ ਜਾਏ ਅਤੇ ਪਿੱਛੋਂ ਗੁਰਮੀਤ ਨੂੰ ਛੱਡ-ਛਡਾ ਕੇ ਵੱਖ ਹੋ ਕੇ ਉਸ ਨੂੰ ਵੀ ਕਨੇਡਾ ਸੱਦ ਲਵੇ। ਪੰਜਾਬੀ ਕਹਾਣੀ ਲੇਖਣੀ ਵਿਚ ਸ਼ਾਇਦ ਇਹ ਕਹਾਣੀ ਆਪਣੀ ਕਿਸਮ ਦੀ ਨਿਵੇਕਲੀ ਉਦਾਹਰਨ ਹੋਵੇ।

ਇਹਨਾਂ ਕਹਾਣੀਆਂ ਦਾ ਇਕ ਹੋਰ ਅਹਿਮ ਤੱਤ ਪਰਵਾਸੀ ਜੀਵਨ ਨਾਲ ਇਕ-ਮਿੱਕ ਹੋਏ ਪਰਵਾਸੀਆਂ ਵੱਲੋਂ ਉਥੋਂ ਦੀਆਂ ਸਥਿਤੀਆਂ-ਪਰਿਸਥਿਤੀਆਂ ਦੇ ਅਨੁਸਾਰੀ ਹੋ ਕੇ ਜੀਣ ਅੰਦਰ ਲੁਪਤ ਹੈ। ਇਸ ਪੁਸਤਕ ਦੀਆਂ ਕਹਾਣੀਆਂ 'ਗਿਫ਼ਟ' ਅਤੇ 'ਗੁਆਂਢ ਮੱਥਾ' ਉਦਾਹਰਨ ਵਜੋਂ ਪੇਸ਼ ਹੋ ਸਕਦੀਆਂ ਹਨ। 'ਗਿਫ਼ਟ' ਵਿਚ ਪੱਛਮੀ ਕਲਚਰ ਵਿਚ ਪ੍ਰਵਾਨ ਚੜ੍ਹੇ ਲੜਕੇ ਸ਼ਾਨ ਲਈ ਵਿਆਹ-ਬੰਧਨ ਇਕ ਵਾਧੂ ਦਾ ਬੋਝ ਹੈ। ਉਹ ਆਪਣੀਆਂ ਸਰੀਰਕ ਇੱਛਾਵਾਂ ਫਰੈਂਡਸ਼ਿਪ ਜਾਂ ਸਾਈਬਰ ਸੈਕਸ ਰਾਹੀਂ ਪੂਰੀਆਂ ਕਰਨ ਦਾ ਇਛੁੱਕ ਹੈ, ਜਦ ਕਿ ਉਸਦੀ ਤਲਾਕਸ਼ੁਦਾ ਮਾਤਾ

ਰਾਜਿੰਦਰ ਸ਼ਾਨ ਨੂੰ ਵਿਆਹ ਕੇ ਉਸਦਾ ਘਰ ਵਸਿਆ ਦੇਖਣਾ ਚਾਹੁੰਦੀ ਹੈ। ਉਹ ਪੋਤੇ-ਪੋਤੀਆਂ ਸੰਗ ਵਿਚਰਨ ਦੀ ਇਛੁੱਕ ਹੈ। ਉਸਦੀ ਬਾਲ-ਬੱਚਿਆਂ ਸੰਗ ਵਿਚਰਨ ਅਤੇ ਉਹਨਾਂ ਨੂੰ ਮੋਹ-ਪਿਆਰ ਕਰਨ ਦੀ ਇੱਛਾ ਨੂੰ ਪੂਰਿਆਂ ਕਰਨ ਲਈ ਸ਼ਾਨ, ਉਸਦੇ ਜਨਮ ਦਿਨ 'ਤੇ ਉਸ ਲਈ ਇਕ ਕਤੂਰਾ ਖ਼ਰੀਦ ਲਿਆਉਂਦਾ ਹੈ, ਪਰ ਵਿਆਹ ਲਈ ਹਾਮੀਂ ਨਹੀਂ ਭਰਦਾ।

ਪੰਜਾਬੀ ਭਾਰਤੀ ਸੰਸਕ੍ਰਿਤੀ ਲਈ ਅਜਿਹੇ ਨਾਂਹ-ਮੁਖੀ ਸਮਝੇ ਜਾਂਦੇ ਮੁੱਲਾਂ ਦੀ ਪੇਸ਼ਕਾਰੀ ਕਰਨ ਵਾਲੀ 'ਗਿਫਟ' ਕਹਾਣੀ ਦੇ ਸਮਾਨਾਂਤਰ ਇਸ ਪੁਸਤਕ ਦੀ ਕਹਾਣੀ 'ਢੋਲ' ਅਜਿਹੇ ਸਾਹਸੀ ਬਾਲਕ ਸੂਰਜ ਦੀ ਉਦਾਹਰਨ ਪੇਸ਼ ਕਰਦੀ ਹੈ ਜਿਹੜਾ ਆਪਣੇ ਸਾਹਾਂ ਦੀ ਪੂੰਜੀ ਦੀ ਆਖ਼ਰੀ ਲੱਪ ਵੀ ਭਾਰਤ ਅੰਦਰ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਬੱਚਿਆਂ ਦੀਆਂ ਜੀਵਨ-ਹਾਲਤਾਂ ਸੁਧਾਰਨ ਲਈ ਫੰਡ ਇਕੱਤਰ ਕਰਨ ਵਿਚ ਸਰਫ਼ ਕਰ ਦਿੰਦਾ ਹੈ। ਇਸ ਉਦੇਸ਼ ਖ਼ਾਤਰ ਉਹ ਬੱਚਿਆਂ ਦੀਆਂ ਭੰਗੜਾ ਟੀਮਾਂ ਤਿਆਰ ਕਰਦਾ ਹੈ, ਆਪ ਢੋਲ ਵਜਾ ਕੇ ਪ੍ਰੋਗਰਾਮ ਕਰਦਾ ਹੈ, ਭਾਵੇਂ ਉਹ ਕੈਂਸਰ ਦਾ ਰੋਗੀ ਹੈ। 'ਸਭਿਆਚਾਰ ਦੇ ਰਖਵਾਲੇ' ਨਾਮੀਂ ਕਹਾਣੀ ਦਾ ਮੁੱਖ ਪਾਤਰ ਟੈਕਸੀ ਡਰਾਈਵਰ ਬਰਟੀ-ਟੂ ਕਨੇਡੀਅਨ ਕਚਲਰ ਨਾਲ ਇਕ-ਮਿੱਕ ਹੋਇਆ ਵੀ ਪੰਜਾਬੀ ਕਲਚਰ ਲਈ ਮੋਹ ਪਾਲਦਾ ਹੈ। ਉਸ ਨੂੰ ਗੋਰੀਆਂ ਸ਼ਰਾਬਣ ਕੁੜੀਆਂ ਦੇ ਸਰੀਰਾਂ ਨੂੰ ਮਾਨਣ ਵਿਚ ਕੋਈ ਹਿਚਕਚਾਹਟ ਨਹੀਂ, ਪਰ ਜਦ ਕਦੀ ਪੰਜਾਬੀ ਘਰਾਣਿਆਂ ਦੀਆਂ ਕੁੜੀਆਂ ਉਸਨੂੰ ਗੋਰਾ-ਕਲਚਰ ਦੀ ਲਪੇਟ ਵਿਚ ਆਈਆਂ ਟੱਕਰਦੀਆਂ ਹਨ, ਤਾਂ ਉਸਦਾ ਰਵੱਈਆ ਬਿਲਕੁਲ ਬਦਲ ਜਾਂਦਾ ਹੈ। ਉਹ ਉਹਨਾਂ ਨੂੰ 'ਗੋਰਾ-ਗੰਦਗੀ' ਵਿਚੋਂ ਬਚਾਉਣ ਦੇ ਉਪਰਾਲੇ ਕਰਦਾ ਹੈ।

'ਪੰਜ ਡਾਲਰ ਦਾ ਨੋਟ' ਇਕ ਲਾਚਾਰ ਤੇ ਬੇ-ਬੱਸ, ਨੂੰਹ-ਪੁੱਤਰ ਉੱਤੇ ਨਿਰਭਰ ਬਾਪ ਦੀ ਕਥਾ ਹੈ। ਇਹ ਕਹਾਣੀ ਕਿਸੇ ਇਕ ਵਿਸ਼ੇਸ਼ ਖਿੱਤੇ ਤਕ ਸੀਮਤ ਨਹੀਂ ਰਹੀ। ਪੰਜਾਬੀਆਂ ਦੇ ਸੰਸਕਾਰਾਂ ਦੀ ਤਹਿ 'ਚ ਪਿਆ ਪਿੱਤਰੀ ਮੋਹ ਕਨੇਡਾ ਪੁੱਜ ਕੇ ਵੀ ਬਰਕਰਾਰ ਰਹਿੰਦਾ ਹੈ। 'ਰਾਮ ਗਊ' ਪੰਜਾਬ ਤੋਂ ਪਰਵਾਸ ਕਰਕੇ ਕਨੇਡਾ ਪੁੱਜੇ ਪੜ੍ਹੇ-ਲਿਖੇ ਬਜ਼ੁਰਗਾਂ ਵੱਲੋਂ ਉਥੋਂ ਦੀਆਂ ਜੀਵਨ-ਹਾਲਤਾਂ ਨੂੰ ਅਪਨਾ ਲੈਣ ਵਿਚ ਆਉਂਦੀ ਕਠਿਨਾਈ ਦੀ ਕਹਾਣੀ ਹੈ। ਉਹਨਾਂ ਵਿਅਕਤੀਆਂ ਨੂੰ ਮਹਿਸੂਸ ਹੁੰਦਾ ਅਕੇਵਾਂ ਕਈਆਂ ਹਾਲਤਾਂ ਵਿਚ ਮਾਨਸਿਕ ਰੋਗਾਂ ਦਾ ਵੀ ਕਾਰਨ ਬਣ ਜਾਂਦਾ ਹੈ। 'ਦੋ-ਰੰਗੀ' ਇਕ ਬੇ-ਹੱਦ ਨਾਜ਼ੁਕ ਵਿਸ਼ੇ 'ਤੇ ਟਿੱਪਣੀ ਕਰਦੀ ਕਹਾਣੀ ਹੈ। ਇਸ ਵਿਚ ਪੰਜਾਬੀ ਦੇ ਉੱਘੇ ਨਾਵਲਕਾਰ ਵੱਲੋਂ ਪੰਜਾਬ ਵਿਚ ਬਿਹਾਰੀ ਭਈਆਂ ਦੇ ਧੜਾ-ਧੜ ਪ੍ਰਵੇਸ਼ ਕਰਨ ਨੂੰ 'ਪੰਜਾਬੀ ਸਭਿਆਚਾਰ ਨੂੰ ਖ਼ਤਰਾ' ਗਰਦਾਨੇ ਜਾਣ ਦੀ ਧਾਰਨਾ ਨੂੰ ਆਧਾਰ ਬਣਾ, ਕਨੇਡਾ ਵਿਚ ਪੰਜਾਬੀਆਂ ਦੇ ਪਰਵਾਸ ਨੂੰ ਬਹਿਸ ਦਾ ਮੁੱਦਾ ਬਣਾਇਆ ਗਿਆ ਹੈ।

ਕੁੱਲ ਮਿਲਾ ਕੇ ਹਰਪ੍ਰੀਤ ਸਿੰਘ ਸੇਖਾ ਨੇ ਪੱਛਮੀ ਕਲਚਰ ਦੇ ਗਹਿਗੱਚ ਵਰਤਾਰੇ ਅੰਦਰ ਵਿਚਰਦੇ ਭਾਰਤੀ ਪੰਜਾਬੀ ਪਰਵਾਸੀਆਂ ਦੀ ਹੋਂਦ ਸੁਜੱਗ ਰੱਖਣ ਵਾਲੀਆਂ ਕਹਾਣੀਆਂ ਲਿਖ ਕੇ ਕਹਾਣੀ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾ ਲਈ ਹੈ। ਇਸ ਵਿਚ ਪੁਸਤਕ ਦੇ ਆਰੰਭ ਵਿਚ ਸੂਚੀ-ਦਰਜ 'ਅਧਿਆਪਕਾਂ' ਦਾ ਥਾਪੜਾ ਦੀ ਸ਼ਾਇਦ ਉਸਨੂੰ ਸਹਾਈ ਹੋਇਆ ਹੋਵੇ, ਪਰ ਮੁੱਖ ਰੂਪ ਵਿਚ ਉਸਦੀ ਆਪਣੀ ਸਮਝਦਾਰੀ, ਸਭਿਆਚਾਰਕ ਟਕਰਾਵਾਂ ਦੀ ਪਿੱਠ-ਭੂਮੀ ਵਿਚ ਕਾਰਜਸ਼ੀਲ ਤੱਥਾਂ ਦੀ ਜਾਣਕਾਰੀ ਅਤੇ ਤੱਥਾਂ-ਘਟਨਾਵਾਂ ਨੂੰ ਕਹਾਣੀਆਂ ਵਿਚ ਬੀੜਨ ਦੀ ਸ਼ਿਲਪਕਾਰੀ ਦੇ ਮੀਰੀ ਗੁਣ ਹੀ ਉਸਦੇ ਸਹਾਇਕ ਬਣੇ ਹਨ। [ਲਾਲ ਸਿੰਘ]

ਛਾਤੀ ਅੰਦਰਲੇ ਥੇਹ [ਗੁਰਦਿਆਲ ਦਲਾਲ]

ਗੁਰਦਿਆਲ ਦਲਾਲ ਨੇ ਆਪਣੀ ਸਵੈਜੀਵਨੀ 'ਛਾਤੀ ਅੰਦਰਲੇ ਥੇਹ' (ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨੇ 120, ਮੁੱਲ 120 ਰੁਪਏ, $ 7) ਦੀ ਰਚਨਾ 'ਸੰਸਮਰਣ' ਦੀ

ਜੁਗਤ ਰਾਹੀਂ ਕੀਤੀ ਹੈ। ਇਹ ਇਕ ਤਰ੍ਹਾਂ ਨਾਲ ਜ਼ਿੰਦਗੀ ਦੀਆਂ ਅਭੁੱਲ ਯਾਦਾਂ ਦਾ ਰੌਚਿਕ ਸੰਕਲਨ ਹੈ। ਹਰ ਯਾਦ ਨਾਲ ਹੀ ਜ਼ਿੰਦਗੀ ਦੇ ਗੁੱਝੇ ਅਤੇ ਬਹੁਪਰਤੀ ਅਰਥ ਜੁੜੇ ਹੋਏ ਹਨ, ਇਸ ਲਈ ਹਰ ਯਾਦ ਦੀ ਆਪਣੀ ਹੀ ਇਕ ਨਿਵੇਕਲੀ ਅਹਿਮੀਅਤ ਹੈ।

'ਛਾਤੀ ਅੰਦਰਲੇ ਥੇਹ' ਸਵੈ-ਜੀਵਨੀ ਵਿਚ ਗੁਰਦਿਆਲ ਦਲਾਲ ਦੇ ਵਿਅਕਤੀਤਵ ਨਾਲ ਸੰਬੰਧ ਰੱਖਣ ਵਾਲੇ ਦੋ ਵਿਸ਼ੇਸ਼ ਪਹਿਲੂ ਹਨ। ਪਹਿਲਾ ਪੱਖ ਹੈ ਦਲਾਲ ਦਾ ਵਿਅਕਤੀਗਤ ਪੱਧਰ 'ਤੇ ਬਿਹਤਰ ਜੀਵਨ-ਪੱਧਰ ਹਾਸਲ ਕਰਨ ਲਈ ਕੀਤਾ ਸੰਘਰਸ਼ ਅਤੇ ਦੂਸਰਾ ਪੱਖ ਹੈ ਦਲਾਲ ਦੀ ਸਾਹਿਤਕ ਸ਼ਖ਼ਸੀਅਤ ਦੀ ਉਸਾਰੀ। ਇਹਨਾਂ ਦੋਵਾਂ ਪ੍ਰਮੁੱਖ ਪੱਖਾਂ ਦੇ ਅੱਗੋਂ ਅਨੇਕਾਂ ਉਹ ਪਾਸਾਰ ਅਤੇ ਪਰਤਾਂ ਹਨ, ਜਿਹੜੀਆਂ ਕਾਲ-ਖੰਡ ਵਿਸ਼ੇਸ਼ ਦੇ ਜੀਵਨ-ਯਥਾਰਥ ਨੂੰ ਉਜਾਗਰ ਕਰਦੀਆਂ ਹਨ। ਕਈ ਵਾਰ ਤਾਂ ਲੇਖਕ ਦਾ ਜੀਵਨੀ ਪੱਖ ਆਪਣੇ ਸਮੇਂ ਦੇ ਸਮਾਜਕ, ਰਾਜਨੀਤਕ, ਆਰਥਿਕ ਅਤੇ ਸਭਿਆਚਾਰਕ ਯਥਾਰਥ ਨੂੰ ਉਘਾੜਨ ਦਾ ਇਕ ਸ਼ਕਤੀਸ਼ਾਲੀ ਮਾਧਿਅਮ ਪ੍ਰਤੀਤ ਹੋਣ ਲਗਦਾ ਹੈ। ਇਸ ਪ੍ਰਕਾਰ ਵਿਅਕਤੀਗਤ ਜ਼ਿੰਦਗੀ ਦੇ ਵਰਕੇ ਸਮਾਜਕ ਇਤਿਹਾਸ ਦੇ ਕੀਮਤੀ ਦਸਤਾਵੇਜ਼ ਜਾਪਣ ਲਗਦੇ ਹਨ ਅਤੇ ਲੇਖਕ ਲੋਕਾਈ ਦੀ ਉਹ ਇਤਿਹਾਸਕਾਰੀ ਕਰਦਾ ਦਿਖਾਈ ਦਿੰਦਾ ਹੈ, ਜਿਹੜੀ ਇਤਿਹਾਸ ਦੀਆਂ ਪਾਠ-ਪੁਸਤਕਾਂ ਵਿਚ ਅਕਸਰ ਦੁਰਲੱਭ ਹੁੰਦੀ ਹੈ।

ਗੁਰਦਿਆਲ ਦਲਾਲ ਦੇ ਬਚਪਨ ਦੀਆਂ ਪਰਿਸਥਿਤੀਆਂ ਪਰਿਵਾਰਕ ਅਤੇ ਸਮਾਜਕ ਦੋਵਾਂ ਪੱਧਰਾਂ 'ਤੇ ਹੀ ਬੜੀਆਂ ਕਠੋਰ ਸਨ। ਬਚਪਨ ਵਿਚ ਹੀ ਪਿਉ ਦਾ ਸਾਇਆ ਸਿਰ ਤੋਂ ਉੱਠ ਗਿਆ। ਮਜਬੂਰੀ ਵੱਸ ਨਾਨਕੇ ਘਰ ਆਉਣਾ ਪਿਆ। ਏਥੇ ਦਲਾਲ ਦੇ ਮਾਮੇ ਨੇ ਪਿਉ ਵਾਲੇ ਫ਼ਰਜ਼ ਇਸ ਕਦਰ ਕੁਰਬਾਨੀ, ਦ੍ਰਿੜਤਾ ਅਤੇ ਸੂਝ ਬੂਝ ਨਾਲ ਨਿਭਾਏ ਕਿ ਦਲਾਲ ਆਪਣੀ ਸਵੈਜੀਵਨੀ ਵਿਚ ਆਪਣੇ ਬਾਪ ਤੋਂ ਬਚਪਨ ਵੇਲੇ ਹੀ ਵਾਂਝੇ ਹੋ ਜਾਣ ਦੇ ਭਾਵਨਾਤਮਕ ਨੁਕਸਾਨ ਦਾ ਜ਼ਿਕਰ ਮਾਤਰ ਵੀ ਨਹੀਂ ਕਰਦਾ। ਦਲਾਲ ਆਪਣੇ ਅਸੰਗਤੀਆਂ ਭਰੇ ਬਚਪਨ ਨੂੰ ਆਪਣੇ ਅੰਦਰਲੀ ਅਥਾਹ ਤਾਕਤ ਨਾਲ ਜਿਉਂਦਾ ਹੋਇਆ, ਬਿਹਤਰ ਜ਼ਿੰਦਗੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਹਰ ਵੰਗਾਰ ਦਾ ਟਾਕਰਾ ਕਰਦਾ ਹੈ। ਮਨੁੱਖੀ ਸਵੈਮਾਣ ਅਤੇ ਸਖ਼ਤ ਮਿਹਨਤ ਉਸਦੀ ਜ਼ਿੰਦਗੀ ਦੇ ਦੋ ਵੱਡੇ ਆਦਰਸ਼ ਹਨ। ਬਚਪਨ ਤੋਂ ਹੀ ਉਸ ਅੰਦਰ ਠੀਕ ਅਤੇ ਗ਼ਲਤ ਵਿਚਕਾਰ ਚੋਣ ਕਰਨ ਦੀ ਯੋਗਤਾ ਰਹੀ ਹੈ। ਪ੍ਰਤੀਕੂਲ ਪਰਿਸਥਿਤੀਆਂ ਵਿਚ ਵੀ ਉਹ ਉਚੇਰੀ ਪੜ੍ਹਾਈ ਕਰਨ ਦੇ ਲਕਸ਼ ਵੱਲ ਵਧਦਾ ਹੈ। ਇਸ ਲਕਸ਼ ਵੱਲ ਵਧਦਿਆਂ, ਉਸ ਨਾਲ ਪਰਿਵਾਰਕ ਜਾਂ ਸਮਾਜਕ ਪੱਧਰ 'ਤੇ ਜੋ ਕੁਝ ਵਾਪਰਦਾ ਹੈ ਉਸਦਾ ਉਹ ਪ੍ਰਭਾਵਸ਼ੀਲ ਬਿਰਤਾਂਤ ਆਪਣੀ ਸਵੈਜੀਵਨੀ ਵਿਚ ਸਿਰਜਦਾ ਹੈ।

ਹਮਦਰਦੀ, ਸਨੇਹ, ਸਹਿਨਸ਼ੀਲਤਾ, ਮਾਨਵਤਾ, ਸੰਘਰਸ਼ ਅਤੇ ਸਿਰੜ ਦੇ ਬੀਜ ਗੁਰਦਿਆਲ ਦਲਾਲ ਦੇ ਮਨ ਵਿਚ ਬਚਪਨ ਵਿਚ ਹੀ ਉਸਦੇ ਅਧਿਆਪਕਾਂ ਨੇ ਬੀਜ ਦਿੱਤੇ ਸਨ। ਉਸਾਰੂ ਅਤੇ ਤਰਕਸ਼ੀਲ ਜੀਵਨ-ਦ੍ਰਿਸ਼ਟੀ ਵੀ ਉਸਨੂੰ ਆਪਣੇ ਸੁਘੜ ਅਤੇ ਸੁਹਿਰਦ ਉਸਤਾਦਾਂ ਕੋਲੋਂ ਪ੍ਰਾਪਤ ਹੋਈ। 'ਰੁਤਬੇ ਦਾ ਚਿੰਨ੍ਹ ਚੁਬਾਰਾ' ਵਰਗੀਆਂ ਕਈ ਘਟਨਾਵਾਂ ਦਾ ਵੇਰਵਾ ਸਵੈਜੀਵਨੀ ਵਿਚ ਪ੍ਰਾਪਤ ਹੈ, ਜਿਹੜਾ ਦਲਾਲ ਦੀ ਤਰਕਸ਼ੀਲ ਦ੍ਰਿਸ਼ਟੀ ਦੀ ਸ਼ਾਹਦੀ ਭਰਦਾ ਹੈ। ਦਰਅਸਲ, ਤਰਕ ਇਸ ਸਵੈਜੀਵਨੀ ਦੇ ਰਗ ਰੇਸ਼ੇ ਵਿਚ ਫੈਲਿਆ ਹੋਇਆ ਹੈ। ਬਚਪਨ ਵਿਚਲੀਆਂ ਆਪਬੀਤੀਆਂ ਦੇ ਤਰਕ ਉਸਨੂੰ ਕਿਵੇਂ ਜੀਵਨ ਦੀਆਂ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਗੁੰਝਲਾਂ ਸੁਲਝਾਉਣ ਵਿਚ ਸਹਾਇਤਾ ਦਿੰਦੇ ਹਨ, ਇਸਦੀ ਮਿਸਾਲ 'ਮੌਤ ਨਾਲ ਮੁਲਾਕਾਤ' ਅਧਿਆਇ ਵਿਚ ਦੇਖੀ ਜਾ ਸਕਦੀ ਹੈ। 'ਦੋ ਜਾਨਵਰਾਂ ਦੀ ਦਹਿਸ਼ਤ' ਅਧਿਆਇ ਵਿਚ ਵੀ ਦਲਾਲ ਬਚਪਨ ਦੀ ਸਿਮਰਤੀ ਰਾਹੀਂ ਵਰਤਮਾਨ ਰਾਜਨੇਤਾਵਾਂ ਦੇ ਕਿਰਦਾਰ ਦੀ ਵਿਆਖਿਆ ਕਰ ਲੈਂਦਾ ਹੈ। ਸਿਮਰਤੀ ਦਲਾਲ ਲਈ ਸਵੈਜੀਵਨੀ ਦੇ ਕਥਾਨਕ ਦੀ ਉਸਾਰੀ ਦਾ ਸਾਧਨ ਵੀ

ਹੈ ਅਤੇ ਸਮਕਾਲੀ ਜੀਵਨ ਦੀ ਵਿਆਖਿਆ ਦਾ ਇਕ ਪ੍ਰਮਾਣੀਕ ਪ੍ਰਤੀਮਾਨ ਵੀ। ਦਲਾਲ ਦੀ ਦ੍ਰਿਸ਼ਟੀ ਅਕਸਰ ਇਸ ਤੱਥ 'ਤੇ ਕੇਂਦਰਤ ਰਹਿੰਦੀ ਹੈ ਕਿ 'ਉਦੋਂ' ਦੀ ਤੁਲਨਾ ਵਿਚ 'ਹੁਣ' ਦੀ ਕੀ ਸਥਿਤੀ ਹੈ।

'ਛਾਤੀ ਅੰਦਰਲੇ ਥੇਹ' ਦੇ ਛੋਟੇ-ਛੋਟੇ ਬਾਈ ਅਧਿਆਇ ਹਨ। ਹਰ ਅਧਿਆਇ ਇਕ ਸੁਤੰਤਰ ਕਹਾਣੀ ਵਾਂਗ ਹੈ। ਹਰ ਅਧਿਆਇ ਆਪਣੇ ਆਪ ਵਿਚ ਇਸ ਕਦਰ ਮੁਕੰਮਲ ਹੈ ਕਿ ਇਸਦੀ ਆਪਣੇ ਤੋਂ ਪਹਿਲੇ ਜਾਂ ਮਗਰਲੇ ਅਧਿਆਇ ਉੱਪਰ ਕੋਈ ਨਿਰਭਰਤਾ ਨਹੀਂ ਹੈ। ਇਹ ਸ਼ਾਇਦ ਇਕ ਕਹਾਣੀਕਾਰ ਦਾ ਸਵੈਜੀਵਨੀ ਦੀ ਸਿਨਫ਼ ਨੂੰ ਨਿਵੇਕਲੀ ਜੁਗਤ ਨਾਲ ਨਿਭਾਉਣ ਦਾ ਮੌਲਿਕ ਯਤਨ ਹੈ। ਲੋਹੜੇ ਦੀ ਰੌਚਿਕਤਾ ਸਮੇਤ ਨਿੱਕੀ ਕਹਾਣੀ ਦੇ ਹੋਰ ਵੀ ਕਈ ਤੱਤਾਂ ਦੀ ਝਲਕ ਇਸ ਸਵੈਜੀਵਨੀ ਵਿਚੋਂ ਪ੍ਰਤੱਖ ਨਜ਼ਰ ਆਉਂਦੀ ਹੈ। ਇਸਦੀ ਭਾਸ਼ਾ ਅਤੇ ਵਾਰਤਾਲਾਪ ਆਮ ਪਾਠਕ ਦੇ ਮਨ ਨੂੰ ਟੁੰਬਣ ਵਾਲੇ ਹਨ। 'ਛਾਤੀ ਅੰਦਰਲੇ ਥੇਹ' ਨਿਸ਼ਚੇ ਹੀ ਪੰਜਾਬੀ ਸਵੈਜੀਵਨੀ ਸਾਹਿਤ ਵਿਚ ਇਕ ਨਿੱਗਰ ਵਾਧਾ ਹੈ। [ਰਮਨ]

ਪਰੀਆਂ ਦਾ ਦੇਸ [ਮੇਜਰ ਮਾਂਗਟ]

'ਪਰੀਆਂ ਦਾ ਦੇਸ' [ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਪੰਨੇ 132, ਮੁੱਲ 140 ਰੁਪਏ, $ 10] ਮੇਜਰ ਮਾਂਗਟ ਦਾ ਚੌਥਾ ਕਹਾਣੀ ਸੰਗ੍ਰਹਿ ਹੈ। ਪੰਜਾਬੀ ਦੇ ਪਰਵਾਸੀ ਜੀਵਨ ਦੀ ਪੇਸ਼ਕਾਰੀ ਪੱਖੋਂ ਉਸਦੀ ਕਹਾਣੀ ਵਿਚ ਪੜਾਅਵਾਰ ਵਿਕਾਸ ਨਜ਼ਰ ਆਉਂਦਾ ਹੈ। ਉਸਦੀ ਪਰਵਾਸੀ ਚੇਤਨਾ ਵਾਲੀ ਕਹਾਣੀ ਦਾ ਪਹਿਲਾ ਪੜਾਅ ਪੰਜਾਬੀ ਪਰਵਾਸੀ ਸਾਹਿਤ ਦੇ ਪ੍ਰਚਲਤ ਰੁਝਾਨਾਂ, ਭੂ-ਹੇਰਵੇ ਅਤੇ ਸਭਿਆਚਾਰਕ ਸੰਕਟ, ਨਾਲ ਜੁੜਿਆਂ ਹੋਇਆ ਹੈ। ਅਗਲੇ ਪੜਾਅ 'ਤੇ ਉਸਨੇ ਇਹਨਾਂ ਰੁਝਾਨਾਂ ਤੋਂ ਮੁਕਤ ਹੋਣ ਦੇ ਸੁਚੇਤ ਯਤਨ ਕੀਤੇ ਹਨ। ਉਸਨੇ ਪਰਵਾਸੀ ਜੀਵਨ ਪ੍ਰਤੀ ਆਤਮਪਰਕ ਪਹੁੰਚ ਨੂੰ ਵੱਡੀ ਹੱਦ ਤਕ ਤਿਆਗ ਦਿੱਤਾ ਹੈ। ਇਸ ਸਾਕਾਰਾਤਮਕ ਪਰਿਵਰਤਨ ਕਾਰਨ ਅੱਜ ਉਸਦੀ ਕਹਾਣੀ ਦੇਸੀ ਅਤੇ ਪਰਦੇਸੀ ਜੀਵਨ ਦੇ ਤਣਾਓ ਵਿਚੋਂ ਪਰਵਾਸੀਆਂ ਦੇ ਜੀਵਨ-ਯਥਾਰਥ ਨੂੰ ਪ੍ਰਤੀਬਿੰਬਤ ਕਰ ਰਹੀ ਹੈ। 'ਪਰੀਆਂ ਦਾ ਦੇਸ' ਵਿਚ ਮੇਜਰ ਮਾਂਗਟ ਆਪਣੀ ਦ੍ਰਿਸ਼ਟੀ ਪੰਜਾਬੀਆਂ ਦੇ ਆਪਣੇ ਅੰਤਰ-ਦਵੰਦਾਂ ਉਪਰ ਕੇਂਦਰਤ ਕਰਦਾ ਹੈ। ਪਰਵਾਸੀਆਂ ਦੇ ਦੁਖਾਂਤ ਦਾ ਮੂਲ ਵੀ ਇਹੋ ਅੰਤਰ-ਦਵੰਦ ਹਨ। ਮੇਜਰ ਮਾਂਗਟ ਦੇ ਪਾਤਰਾਂ ਲਈ ਨਾ ਤਾਂ ਭੂ-ਹੇਰਵਾ ਵਧੇਰੇ ਪੀੜਾਦਾਇਕ ਹੈ ਅਤੇ ਨਾ ਹੀ ਉਹ ਪਰਾਈ ਪਰਦੇਸੀ ਸੰਸਕ੍ਰਿਤੀ ਦੇ ਕਲਪਤ ਦਮਨ ਤੋਂ ਭੈਭੀਤ ਹੋਏ ਦਿਖਾਈ ਦਿੰਦੇ ਹਨ। ਇਹਨਾਂ ਵਰਤਾਰਿਆਂ ਦੀ ਮੌਜੂਦਗੀ ਵਿਚ ਉਹ ਸਗੋਂ ਉਸ ਤਰਕ ਤਕ ਪਹੁੰਚਣ ਲਈ ਯਤਨਸ਼ੀਲ ਹਨ, ਜਿਹੜਾ ਪਰਦੇਸ ਵਿਚ ਉਹਨਾਂ ਦੀ ਲੀਹੋਂ ਲੱਥੀ ਜ਼ਿੰਦਗੀ ਨੂੰ ਵਿਚਾਰਧਾਰਕ ਸੰਤੁਲਨ ਪ੍ਰਦਾਨ ਕਰ ਸਕੇ। ਸੰਗ੍ਰਹਿ ਵਿਚਲੀ 'ਪਰੀਆਂ ਦਾ ਦੇਸ' ਕਹਾਣੀ ਸਮੇਤ ਮਾਂਗਟ ਦੀਆਂ ਜ਼ਿਆਦਾਤਰ ਕਹਾਣੀਆਂ ਦਾ ਕੇਂਦਰੀ ਸੂਤਰ ਪਰਦੇਸੀ ਸੰਸਕ੍ਰਿਤੀ ਨੂੰ ਅਪਨਾਉਣ ਦੇ ਤਰਕ ਨਾਲ ਇਕਸੁਰ ਹੋਣ ਦੇ ਯਤਨ ਵਿਚ ਹੈ। ਇਸ ਤਰਕ ਤਕ ਪਹੁੰਚਣ ਤੋਂ ਪਿਛਲੀ ਵਿਥਿਆ ਪੰਜਾਬੀਆਂ ਦੇ ਉਸ ਸੰਘਰਸ਼ ਦੀ ਹੈ, ਜਿਸ ਰਾਹੀਂ ਉਹ ਆਪਣੇ ਦੇਸ ਵਿਚਲਾ ਆਰਥਿਕ ਸੰਕਟ ਤਾਂ ਹੱਲ ਕਰ ਲੈਂਦੇ ਹਨ, ਸਖਤ ਮਿਹਨਤ ਕਰਦੇ ਹਨ, ਬੇਆਰਾਮੀ ਦਾ ਜੀਵਨ ਜਿਉਂਦੇ ਹਨ, ਪਰੰਤੂ ਆਪਣੀ ਦੇਹ ਨੂੰ ਆਰਥਿਕ ਮਜ਼ਬੂਤੀ ਦੀ ਪ੍ਰਕਿਰਿਆ ਦੇ ਲੇਖੇ ਲਾ ਦਿੰਦੇ ਹਨ। ਮਜ਼ਬੂਤ ਆਰਥਿਕ ਸਥਿਤੀ ਅਤੇ ਉੱਖੜੀ ਹੋਈ ਮਾਨਸਿਕ ਸਥਿਤੀ ਪਰਵਾਸੀ ਪੰਜਾਬੀਆਂ ਦੇ ਜੀਵਨ ਦਾ ਉਹ ਵਿਰੋਧਾਭਾਸ ਹੈ, ਜਿਸਨੂੰ ਮੇਜਰ ਮਾਂਗਟ ਦੀਆਂ 'ਪਰੀਆਂ ਦਾ ਦੇਸ' ਵਿਚਲੀਆਂ ਕਹਾਣੀਆਂ ਮੁੱਖ ਰੂਪ ਵਿਚ ਫੋਕਸ ਕਰਦੀਆਂ ਹਨ। ਇਹ ਪ੍ਰਕਿਰਿਆ 'ਚਾਂਦੀ ਦੀ ਗੜਬੀ' ਚਿਹਨ ਰਾਹੀਂ ਉਜਾਗਰ ਹੁੰਦੀ ਹੈ। ਦੇਸ ਵਿਚਲੀ ਮਾੜੀ ਆਰਥਿਕ ਦਸ਼ਾ ਤੋਂ ਪੀੜਤ ਕਨੇਡਾ ਆ ਵਸੇ ਦਰਸ਼ਨ

ਸਿੰਘ ਦਾ ਸਾਰਾ ਜੀਵਨ 'ਗੜਬੀ' ਕਹਾਣੀ ਵਿਚ ਮੌਤ ਉਪਰੰਤ ਉਸਦੇ ਫੁੱਲ ਚਾਂਦੀ ਦੀ ਗੜਬੀ ਵਿਚ ਪੈ ਜਾਣ ਦੇ ਸਾਰ ਵਿਚ ਸਿਮਟਿਆ ਪ੍ਰਤੀਤ ਹੁੰਦਾ ਹੈ।

ਪੱਛਮ ਦੀ ਚਕਾਚੌਂਧ ਦਾ ਪੰਜਾਬੀਆਂ ਦੀ ਮਾਨਸਿਕਤਾ ਉੱਪਰ ਤਕੜਾ ਪ੍ਰਭਾਵ ਪਿਆ ਹੈ। ਔਸਤ ਪੰਜਾਬੀ ਕਮਾਈ ਦੇ ਨਾਲ ਨਾਲ ਗਲੈਮਰ ਲਈ ਵੀ ਬਾਹਰਲੇ ਮੁਲਕ ਦੀ ਤਾਂਘ ਰੱਖਦਾ ਹੈ। ਸਰਦੇ ਪੁੱਜਦੇ ਪੰਜਾਬੀ ਵੀ ਇਸ ਹੋੜ ਵਿਚ ਪਿੱਛੇ ਨਹੀਂ ਹਨ। 'ਕਠਪੁਤਲੀਆਂ' ਕਹਾਣੀ ਵਿਚ ਮੇਜਰ ਮਾਂਗਟ ਨੇ ਗਲੈਮਰ ਹੇਠਲੇ ਯਥਾਰਥ ਨੂੰ ਬੇਪਰਦ ਕਰਨ ਦਾ ਉਪਰਾਲਾ ਕੀਤਾ ਹੈ। ਪਰਵਾਸੀ ਪੰਜਾਬੀ ਗਲੈਮਰ ਦੇ ਮੋਹ ਵੱਸ ਜੀਣ-ਥੀਣ ਦੇ ਗੌਰਵ ਤੋਂ ਵੰਚਤ ਮਾਤਰ ਕਠਪੁਤਲੀਆਂ ਬਣ ਕੇ ਰਹਿ ਗਏ ਹਨ। 'ਬਾਰ ਪਰਾਏ...' ਕਹਾਣੀ ਦੀ ਮੂਲ ਭਾਵਨਾ ਵੀ ਇਹ ਹੀ ਹੈ। 'ਕਪੁੱਤ' ਕਹਾਣੀ ਵਿਚ ਤਾਂ ਪਰਿਵਾਰਕ ਰਿਸ਼ਤਿਆਂ ਪ੍ਰਤੀ ਪੱਛਮੀ ਸਮਾਜ ਅੰਦਰਲੀ ਸਿਰੇ ਦੀ ਬੇਰੁਖ਼ੀ ਕਨੇਡਾ ਆਪਣੇ ਪੁੱਤਰ ਕੋਲ ਗਏ ਕਰਤਾਰ ਸਿੰਘ ਲਈ ਸਰਾਪ ਹੀ ਬਣ ਜਾਂਦੀ ਹੈ। ਅਤੇ ਉਹ ਨਿਰਾਸ਼ਾ ਦੇ ਆਲਮ ਵਿਚ ਪਿੰਡ ਪਰਤ ਆਉਂਦਾ ਹੈ। ਰਿਸ਼ਤਿਆਂ ਵਿਚ ਪੈਦਾ ਹੋਈ ਕੁਟਲਿਤਾ, ਮੱਕਾਰੀ, ਸਵਾਰਥੀ ਭਾਵਨਾ ਅਤੇ ਵਿਸ਼ਵਾਸਘਾਤ ਦੀ ਚਰਮ ਸੀਮਾ ਨੂੰ ਪੇਸ਼ ਕਰਦੀ ਹੈ ਕਹਾਣੀ 'ਲੱਕੜ ਦੀ ਲੱਤ'। 'ਲੱਕੜ ਦੀ ਲੱਤ' ਹੀ ਇਕ ਅਜਿਹੇ ਧਰਵਾਸ ਦੀ ਪ੍ਰਤੀਕ ਹੈ, ਜਿਹੜੀ ਪੰਜਾਬੀ ਪਰਵਾਸੀਆਂ ਦੇ ਬੇਹੱਦ ਉਲਝੇ ਹੋਏ ਜੀਵਨ ਲਈ ਖ਼ੁਦਕੁਸ਼ੀ ਦਾ ਸੰਭਾਵਤ ਬਦਲ ਹੈ। 'ਪਿਉਂਦ' ਕਹਾਣੀ ਪੱਛਮੀ ਸੰਸਕ੍ਰਿਤੀ ਵੱਲ ਸਾਰਥਿਕ ਕਦਮ ਪੁੱਟਦੀ ਹੈ।

'ਪਰੀਆਂ ਦਾ ਦੇਸ' ਦੀਆਂ ਕੁਝ ਕਹਾਣੀਆਂ ਉਹ ਵੀ ਹਨ, ਜਿਹੜੀਆਂ ਪਰਵਾਸੀ ਪੰਜਾਬੀਆਂ ਦੇ ਜੀਵਨ ਤੋਂ ਹਟਦੀਆਂ ਹਨ ਜਾਂ ਫਿਰ ਉਹਨਾਂ ਸਮੱਸਿਆਵਾਂ ਤੋਂ ਅਲੱਗ ਹਨ, ਜਿੰਨ੍ਹਾਂ ਨਾਲ ਆਮ ਤੌਰ 'ਤੇ ਪਰਵਾਸੀ ਪੰਜਾਬੀਆਂ ਦਾ ਵਾਹ ਪੈਂਦਾ ਹੈ। ਇਹ ਕਹਾਣੀਆਂ ਨਿਸਬਤਨ ਵਧੇਰੇ ਪ੍ਰਭਾਵਸ਼ਾਲੀ ਹਨ ਅਤੇ ਮੇਜਰ ਮਾਂਗਟ ਦੀ ਵਡੇਰੀ ਸਮਰੱਥਾ ਦੀ ਗਵਾਹੀ ਵੀ ਦਿੰਦੀਆਂ ਹਨ । ਇਹ ਕਹਾਣੀਆਂ ਹਨ, 'ਸਿਰਜਣਹਾਰ', 'ਮੌਤ ਮੁਖੌਟੇ ਤੇ ਮਨੁੱਖ', 'ਕਾਲਾ ਸੋਨਾ', 'ਦਿਸ਼ਾ' ਅਤੇ 'ਤਾਂਡਵ' । ਇੰਨ੍ਹਾਂ ਕਹਾਣੀਆਂ ਵਿਚ ਮੇਜਰ ਮਾਂਗਟ ਮਹਿਜ਼ ਕਥਾਵਾਚਕ ਨਹੀਂ ਬਣਦਾ, ਸਗੋਂ ਉਹ ਉਨ੍ਹਾਂ ਜੀਵਨ-ਪਰਤਾਂ ਅਤੇ ਪਾਸਾਰਾਂ ਦੀ ਕਹਾਣੀ ਸਿਰਜਦਾ ਹੈ, ਜਿਹੜੇ ਕੇਵਲ ਇਲਾਕਾਈ ਪਛਾਣ ਜਾਂ ਮਹੱਤਵ ਨਹੀਂ ਰੱਖਦੇ। 'ਸਿਰਜਣਹਾਰ' ਵਿਚ ਨਾਰੀ ਦੀ ਸਿਰਜਣਹਾਰ ਭੂਮਿਕਾ ਦਾ ਸੁੰਦਰ ਆਲੇਖ ਹੈ। ਇਕ ਆਦਰਸ਼ ਮਨੁੱਖ ਮੌਤ ਤੇ ਮੁਖੌਟਿਆਂ ਉੱਪਰ ਜਿੱਤ ਹਾਸਲ ਕਰਦਾ ਹੈ। ਕਹਾਣੀ 'ਮੌਤ, ਮੁਖੌਟੇ ਤੇ ਮਨੁੱਖ' ਵਿਚ । 'ਕਾਲਾ ਸੋਨਾ' ਵਿਚ ਇਕ ਪੰਜਾਬਣ ਨੂੰ ਨੀਗਰੋ ਵਿਚੋਂ ਅਦੁੱਤੀ ਹੁਸਨ ਨਜ਼ਰ ਆਉਂਦਾ ਹੈ। ਵੱਡੇ ਸਾਂਸਕ੍ਰਿਤਕ ਤੂਫ਼ਾਨ ਦੀ ਚੁਣੌਤੀ ਕਬੂਲਦਿਆਂ ਉਹ ਉਸ ਕਾਲੇ ਵਿਚ ਅਡੋਲ ਵਿਸ਼ਵਾਸ ਪੈਦਾ ਕਰਦੀ ਹੈ । 'ਦਿਸ਼ਾ' ਕਹਾਣੀ ਸਦਾਚਾਰਕ ਪ੍ਰਪੰਚਾਂ ਨੂੰ ਨਕਾਰਦੀ ਹੈ। 'ਤਾਂਡਵ' ਕਹਾਣੀ ਮਨੁੱਖੀ ਮਨ ਦੀ ਅਚੰਭਤ ਅਤੇ ਕਈ ਵਾਰ ਆਤੰਕਤ ਕਰ ਦੇਣ ਵਾਲੀ ਪਰਤ ਨੂੰ ਫਰੋਲਦੀ ਹੈ।

'ਪਰੀਆਂ ਦਾ ਦੇਸ਼' ਵਿਚਲੀਆਂ ਕਹਾਣੀਆਂ ਭਾਵੇਂ ਸਰਲ ਬਿਰਤਾਂਤ ਦੀਆਂ ਕਹਾਣੀਆਂ ਹਨ, ਫਿਰ ਵੀ ਇਹ ਉਸ ਗੁੰਝਲਦਾਰ ਬਿਰਤਾਂਤ ਦੀਆਂ ਕਹਾਣੀਆਂ ਨਾਲੋਂ ਬਿਹਤਰ ਹਨ, ਜਿੰਨ੍ਹਾਂ ਨੇ ਨਿੱਕੀ ਕਹਾਣੀ ਦੇ ਵਾਸਤਵਿਕ ਰੂਪ ਨੂੰ ਲਗਪਗ ਰੋਲ ਕੇ ਹੀ ਰੱਖ ਦਿੱਤਾ ਹੈ। ਮੇਜਰ ਮਾਂਗਟ ਕਥਾਨਕ ਦੀ ਉਸਾਰੀ ਲਈ ਬਹੁਤੀਆਂ ਜੁਗਤਾਂ ਦੀ ਵਰਤੋਂ ਵੀ ਨਹੀਂ ਕਰਦਾ। 'ਪਿੱਛਲ ਝਾਤ' ਦੀ ਜੁਗਤ ਉਸਦੀ ਮਨਭਾਉਂਦੀ ਜੁਗਤ ਹੈ। ਉਸਦੀ ਕਹਾਣੀ ਦੇ ਨਿਭਾਅ ਦਾ ਬਹੁਤਾ ਦਾਰੋ-ਮਦਾਰ ਇਸੇ ਜੁਗਤ ਉਪਰ ਹੀ ਨਿਰਭਰ ਰਹਿੰਦਾ ਹੈ । [ਰਮਨ]

ਅਰਧ ਸ਼ਤਾਬਦੀ [ਪ੍ਰੇਮ ਕੁਮਾਰ]

ਪ੍ਰੇਮ ਕੁਮਾਰ ਦੇ ਕਾਵਿ ਸੰਗ੍ਰਹਿ 'ਅਰਧ ਸ਼ਤਾਬਦੀ' ਦਾ ਰਚਨਾ-ਕਾਲ ਉਸ ਦੇ ਜਨਮ-ਵਰ੍ਹੇ ਤੋਂ ਲੈ ਕੇ 2005 ਤੀਕ ਫੈਲਿਆ ਹੋਇਆ ਹੈ। ਇਸ ਨੂੰ ਉਸ ਨੇ ਦੋ ਹਿੱਸਿਆਂ ਵਿਚ ਵੰਡਿਆ ਹੈ—ਦੇਸ਼ ਵਿਚ ਰਹਿੰਦਿਆਂ ਲਿਖੀਆਂ ਨਜ਼ਮਾਂ; ਤੇ ਪਰਦੇਸੀਂ ਜਾ ਕੇ ਲਿਖੀਆਂ ਨਜ਼ਮਾਂ। ਜਿਵੇਂ ਕਿ ਇਸ ਦੇ ਉਨਮਾਨ ਤੋਂ ਸਪਸ਼ਟ ਹੈ ਕਿ ਇਹ ਸਾਰਾ ਅਰਸਾ ਪੰਜਾਹ ਸਾਲ ਦਾ ਹੈ।

ਗਭਰੇਟ ਉਮਰ ਵਿਚ ਪ੍ਰੇਮ ਨੇ ਦੋ ਕਾਵਿ-ਸੰਗ੍ਰਹਿ ਰਚੇ: 'ਮਿੱਟੀ ਦੇ ਮਾਨਸ' ਤੇ '23 ਕਵਿਤਾਵਾਂ'। ਬਾਈ-ਤੇਈ ਸਾਲ ਦਾ ਗੱਭਰੂ ਸੀ ਉਦੋਂ ਉਹ ਤੇ ਬੇਰਿੰਗ ਕਾਲਿਜ ਬਟਾਲਾ ਵਿਚ ਅੰਗਰੇਜ਼ੀ ਦੀ ਐੱਮ. ਏ. ਦਾ ਵਿਦਿਆਰਥੀ। ਪੰਜਾਬੀ ਦੇ ਨਾਮਵਰ ਸ਼ਾਇਰ ਸ਼ਿਵ ਕੁਮਾਰ ਦੀ ਉਹਨੀਂ ਦਿਨੀਂ ਬਹੁਤ ਚੜ੍ਹਤ ਸੀ। ਉਹ ਬੇਰਿੰਗ ਕਾਲਿਜ ਦੇ ਹੋਸਟਲ ਦੇ ਪਿਛਵਾੜੇ ਇਕ ਮਧਰੀ ਛੱਤ ਵਾਲੇ ਨਿੱਕੇ ਜਿਹੇ ਬੰਗਲੇ ਵਿਚ ਰਹਿੰਦਾ ਹੁੰਦਾ ਸੀ। ਸ਼ਿਵ ਕੁਮਾਰ ਨੇ ਉਸ ਨੂੰ ਵੱਡੇ ਭਰਾਵਾਂ ਵਾਂਗ ਪਿਆਰ, ਹੌਂਸਲਾ ਤੇ ਸਰਪ੍ਰਸਤੀ ਦਿੱਤੀ। ਤੇ ਪੰਦਰਵੀਂ ਜਮਾਤ ਦਾ ਸਾਰਾ ਸਾਲ ਉਸ ਨੂੰ ਆਪਣੇ ਘਰ ਰੱਖਿਆ। ਸ਼ਿਵ ਕੁਮਾਰ ਵਾਂਗ ਹੀ ਪ੍ਰੇਮ ਦੇ ਸਿਰ ਦੇ ਕਾਲੇ ਸੰਘਣੇ ਵਾਲ ਸਨ-ਕਰੀਨੇ ਨਾਲ ਕੱਟੇ ਹੋਏ। ਉੱਚਾ ਮੱਥਾ, ਗੋਰਾ ਰੰਗ ਤੇ ਤਿੱਖੇ ਨਕਸ਼...ਅਡੋਲ ਚਿਹਰਾ ਤੇ ਮਧੁਰ ਬੋਲ। ਗਲ਼ ਗੋਲ ਗਲ਼ੇ ਦਾ ਚਿੱਟਾ ਕੁੜਤਾ, ਤੇੜ ਖੁੱਲ੍ਹਾ ਪਜਾਮਾ ਤੇ ਪੈਰੀਂ ਪਿਸ਼ੌਰੀ ਸੈਂਡਲ। ਕਈ ਲੋਕ ਉਸ ਨੂੰ ਸ਼ਿਵ ਕੁਮਾਰ ਦਾ ਛੋਟਾ ਭਰਾ ਹੀ ਸਮਝਦੇ ਸਨ।

ਪ੍ਰੇਮ ਕੁਮਾਰ ਦਾ ਪਹਿਲਾ ਕਾਵਿ ਸੰਗ੍ਰਹਿ 'ਮਿੱਟੀ ਦੇ ਮਾਨਸ' ਉਸ ਦੇ ਮਸਨੂਹੀ ਨਾਂ 'ਗੁਲਸ਼ਨ ਰਾਹੀ' ਦੇ ਨਾਂ ਥੱਲੇ ਛਪਿਆ ਸੀ। ਸ਼ਿਵ ਨੂੰ ਇਹ ਨਾਂ ਨਹੀਂ ਸੀ ਜਚਿਆ। ਇਕ ਦਿਨ ਉਸ ਨੇ ਲੋਰ ਵਿਚ ਆ ਕੇ ਪ੍ਰੇਮ ਨੂੰ 'ਪ੍ਰੇਮ' ਉੱਤੇ ਸੰਘਣਾ ਲੈਕਚਰ ਪਿਆਇਆ। ਇਤਿਹਾਸ, ਮਿਥਿਹਾਸ ਤੇ ਫੋਕਲੋਰ ਵਿਚੋਂ ਮਿਸਾਲਾਂ ਦੇ ਕੇ ਆਦਿ-ਕਾਲੀਨ ਤੇ ਤਾਤਵਿਕ ਜਜ਼ਬੇ 'ਪ੍ਰੇਮ' ਦੀ ਅਹਿਮੀਅਤ ਦੱਸੀ। 'ਗੁਲਸ਼ਨ' ਇਸ ਨਾਂ ਦੇ ਸਾਹਮਣੇ ਫਿੱਕਾ ਸੀ। ਪ੍ਰੇਮ ਕੁਮਾਰ ਨੇ ਆਪਣਾ ਮਸਨੂਹੀ ਨਾਂ ਸਦਾ ਲਈ ਤਿਆਗ ਦਿੱਤਾ।

ਪ੍ਰੇਮ ਦੀਆਂ ਮੁੱਢਲੀਆਂ ਕਵਿਤਾਵਾਂ ਵਿਚ ਘੋਰ ਉਦਾਸੀ ਦਾ ਸੰਤਾਪ ਤੇ ਬਿਰਹਾ ਦੀਆਂ ਚੀਸਾਂ ਹਨ। ਵੀਹ ਸਾਲ ਦੀ ਉਮਰ ਵਿਚ ਹੀ ਸ਼ਾਇਦ ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਉਸ ਨੇ ਕਿਧਰੇ ਬਗਾਨੇ ਵਤਨੀਂ ਤੁਰ ਜਾਣਾ ਹੈ:

ਇਕ ਮੇਰਾ ਗੀਤ
ਜਿਹੜਾ ਸ਼ਬਦਾਂ ਦੇ ਪੈਰੀਂ
ਦੇਸ ਬਦੇਸ ਫਿਰੇ

ਆਮ ਮਨੁੱਖ ਦੀਆਂ ਮਜਬੂਰੀਆਂ ਤੇ ਲਾਚਾਰੀਆਂ ਨੇ ਪ੍ਰੇਮ ਦੇ ਮਨ ਨੂੰ ਹਮੇਸ਼ਾ ਹੀ ਚਿੰਤਿਤ ਕੀਤਾ ਹੈ। ਉਹ ਅਜਿਹੀ ਤ੍ਰਾਸਦੀ ਨੂੰ ਦੇਖ ਕੇ ਵਿਲਕ ਉੱਠਦਾ ਹੈ ਜਿੱਥੇ ਮਜ਼ਲੂਮਾਂ ਦੀਆਂ ਅਸਮਤਾਂ ਦਾ ਵਪਾਰ ਹੋ ਰਿਹਾ ਹੈ। ਜਿਸਮ ਮਸਲੇ ਤੇ ਕੋਹੇ ਜਾ ਰਹੇ ਹਨ। ਮਨੁੱਖਤਾ ਤੇ ਸਭਿਅਤਾ ਦੇ ਠੇਕੇਦਾਰ ਖ਼ਾਮੋਸ਼ ਖੜ੍ਹੇ ਤਮਾਸ਼ਾਈ ਹਨ। ਸਮਾਜਕ ਤੇ ਸਦਾਚਾਰਕ ਕੀਮਤਾਂ ਕਿਸੇ ਡੂੰਘੀ ਗਾਰ ਵਿਚ ਲਥ ਗਈਆਂ ਹਨ। ਇਸ ਦੇ ਖਿਲਾਫ਼ ਉਸ ਦੀ ਆਵਾਜ਼ ਵੰਗਾਰ ਹੈ:

ਇਹ ਜ਼ਿੰਦਾ ਲਾਸ਼ਾਂ ਦੀਆਂ/ਬਸਤੀਆਂ ਉਜਾੜੋ!
ਹੱਡੀਆਂ ਦੀ ਨੀਂਹ 'ਤੇ ਖੜ੍ਹੀ/ਹਰ ਮੀਨਾਰ ਨੂੰ ਸਾੜੋ!
ਬਸਤੀ ਦੀ ਸੁੱਤੀ ਆਤਮਾ/ਹਲੂਣ ਕੇ ਜਗਾਉ!
ਸਦੀਆਂ ਦੀ ਜੰਮੀ ਗਰਦ/ਇਸ ਦੇ ਚਿਹਰੇ ਤੋਂ ਝਾੜੋ!
ਜ਼ਿੰਦਗੀ ਨੂੰ ਜੀਣ ਦਾ/ਫਿਰ ਹੱਕ ਮਿਲੇ!

ਮੇਰੀ ਆਵਾਜ਼ ਨੂੰ ਸਲੀਬ/ਬੇਸ਼ੱਕ ਮਿਲੇ!

ਉਹ ਧਾਰਮਿਕ ਕੱਟੜਵਾਦੀਆਂ ਤੇ ਫੰਡੂਆਂ ਦੇ ਹੱਥਕੰਡਿਆਂ ਉੱਤੇ ਵੀ ਤਕੜੀ ਚੋਟ ਲਾਉਂਦਾ ਹੈ:

ਇਸ ਮਿੱਟੀ 'ਚ ਜੇ ਨਾ ਚਿਣਗਾਂ ਬੀਜਦੇ/ਇਸ ਧਰਤੀ 'ਚੋਂ ਭਾਂਬੜ ਨਾ ਉਠਦੇ ਕਦੀ
ਇਹਨਾਂ ਗਲੀਆਂ 'ਚ ਜੇ ਨ ਲਹੂ ਡੋਲ੍ਹਦੇ/ਅਸੀਂ ਅਪਣੇ ਹੀ ਵਿਹੜੇ ਨ ਡੁੱਬਦੇ ਕਦੀ

1965 ਵਿਚ ਰਚੀ ਇਕ ਨਜ਼ਮ ਉਸ ਦੇ ਨਿੱਜੀ ਦਰਦ ਦੀ ਪੇਸ਼ਕਾਰੀ ਹੈ—ਬੇਮਿਸਾਲ... ਨਿਆਰੀ...ਤੇ ਨਿਵੇਕਲੀ। ਇਹ ਦਰਦ ਅੱਥਰੇ ਬਾਲ ਵਰਗਾ ਹੈ। ਸੌਂਦਾ ਜਿਗਰ ਦੀ ਸੇਜ ਉੱਤੇ ਹੈ, ਜਾਗਣ ਸਾਰ ਬਹਿੰਦਾ ਹੋਠਾਂ ਦੀ ਦਹਿਲੀਜ਼ ਉੱਤੇ ਅਤੇ ਸਾਹ ਲੈਂਦਾ ਹੈ ਦਿਲ ਦੀ ਧੜਕਣ ਤੋਂ। ਇਹ ਦਰਦ ਉਸ ਦੇ ਆਪਣੇ ਵਜੂਦ ਦਾ ਹਿੱਸਾ ਹੈ। ਇਸ ਨੂੰ ਵਿਨਾਸ਼ ਕਰਨਾ ਚਾਹੁੰਦਾ ਹੋਇਆ ਵੀ ਉਹ ਅਜਿਹਾ ਨਹੀਂ ਕਰ ਸਕਦਾ, ਕਿਉਂਕਿ:

ਇਸ ਦੇ ਬਾਝ ਮੈਂ ਗਾ ਸਕਦਾ ਨਹੀਂ
ਇਸ ਦੇ ਬਾਝ ਮੈਂ ਰੋ ਸਕਦਾ ਨਹੀਂ
ਦਰਦ ਮੇਰਾ ਇਹ/ਮੇਰੇ ਨਾਲ ਹੀ ਜੀਵੇਗਾ
ਸੌਂ ਜਾਵਾਂਗਾ ਜਦ/ਇਹ ਦਮ ਤੋੜ ਦੇਵੇਗਾ
ਏਸੇ ਲਈ ਤਾਂ ਹੁਣ ਤਕ ਇਸ ਨੂੰ
ਸੀਨੇ ਵਿਚ ਲਈ ਫਿਰਦਾ ਹਾਂ

ਉਸ ਦੇ ਲਵੇ ਜਿਸਮ ਨੇ ਕਈ ਔਕੜਾਂ ਤੇ ਤੰਗੀਆਂ ਹੰਢਾਈਆਂ। ਵਕਤ ਦੇ ਤਸ਼ੱਦਦ ਦੀਆਂ ਲਾਸਾਂ ਦੇ ਦਾਗ ਉਸ ਦੀ ਮਾਨਸਿਕਤਾ ਉੱਤੇ ਉਕਰੇ ਗਏ। ਲੋੜਾਂ ਨੇ ਕਠਪੁਤਲੀ ਵਾਂਗ ਨਚਾਇਆ। ਮੱਥੇ ਦੀਆਂ ਲਕੀਰਾਂ 'ਤੇ ਸ਼ਿਕਵਾ ਵੀ ਕੀਤਾ। ਪਰ ਉਹ ਹਮੇਸ਼ਾ ਆਸ਼ਾਵਾਦੀ ਰਿਹਾ। ਉਸ ਦੇ ਬੋਲਾਂ ਵਿਚ ਸਵੈਵਿਸ਼ਵਾਸ ਦੀਆਂ ਮਤਾਬੀਆਂ ਜਗਦੀਆਂ ਹਨ:

ਅਸਾਂ ਤਾਂ ਹੁਣ ਬਰਫ਼ਾਂ 'ਚ/ ਪਲ ਕੇ ਵੇਖਣਾ
ਅਸੀਂ ਤਾਂ ਹੁਣ ਅੰਗਿਆਰਾਂ 'ਤੇ/ਚੱਲ ਕੇ ਵੇਖਣਾ
ਅਸਾਂ ਤਾਂ ਹਰ ਕਦਮ 'ਤੇ/ਸੌ ਵਾਰ ਢਹਿਣਾ, ਡਿੱਗਣਾ
ਅਸਾਂ ਤਾਂ ਹੁਣ ਤੂਫ਼ਾਨ ਦੇ ਵਿਚ/ਸੰਭਲ ਕੇ ਵੇਖਣਾ...

ਨਿੱਜੀ ਸੰਕਟ ਤੇ ਪਰਾਏ ਸੰਤਾਪ ਉਸ ਦੇ ਜ਼ਿਹਨ ਵਿਚ ਉਕਰੇ ਹੋਏ ਹਨ। ਬੇਗ਼ਾਨੇ ਵਤਨ ਜਾਣ ਤੋਂ ਪਹਿਲਾਂ ਇਕੱਲਤਾ ਦੇ ਅਹਿਸਾਸ ਦੀ ਸ਼ਿੱਦਤ ਤੇ ਆਉਣ ਵਾਲੇ ਵਕਤ ਦਾ ਸਹਿਸਾ:

ਨਿੱਤ ਸਵੇਰੇ ਸੂਰਜ ਸੰਗ/ਜਦ ਘਰੋਂ ਨਿਕਲਦਾ ਹਾਂ
ਅੱਖੀਆਂ ਦੇ ਵਿਚ ਆਸ/ਮੰਜ਼ਲ ਦਾ ਵਿਸ਼ਵਾਸ
ਹਰ ਘੜੀ ਕਿਉਂ ਹੋਵੇ ਫਿਰ/ਇਹ ਸੋਗੀ ਅਹਿਸਾਸ
"ਜਦ ਤੇਰੇ ਪੈਰਾਂ ਹੇਠੋਂ/ਮਿੱਟੀ ਨਿਕਲ ਗਈ
ਨਿਰਲੱਜਿਆ! ਤੂੰ ਕਿਹੜੇ/ਦੇਸ ਚਲਾ ਜਾਵੇਂਗਾ?"

ਉਹ ਕਾਮਨਾ ਕਰਦਾ ਹੈ ਕਿ ਉਸ ਦਾ ਤਸੱਵਰ ਮਨੁੱਖ ਦੇ ਭਵਿੱਖ ਦੀ ਨਹੀਂ, ਸਗੋਂ ਸਮੁੱਚੀ ਕਾਇਨਾਤ...ਮੰਡਲਾਂ...ਬ੍ਰਹਿਮੰਡਾਂ ਦੀ ਵੀ ਰਾਂਗਲੀ ਤਸਵੀਰ ਚਿਤਰੇ:

ਚਿਤਰ ਮੇਰੀ ਕਲਪਨਾ!
ਮਨ ਦੇ ਕੋਰੇ ਪਰਦੇ 'ਤੇ/ਭੁੱਲੀਆਂ ਯਾਦਾਂ ਨੂੰ
ਦੁਖਦੀਆਂ ਪੀੜਾਂ ਨੂੰ/ਜ਼ਖ਼ਮੀ ਫਰਿਆਦਾਂ ਨੂੰ
ਧੁੰਦਲੇ ਸੁਪਨੇ/ਅਧਮੁਰਦਾ ਜਜ਼ਬਾਤਾਂ ਨੂੰ
ਚਿਤਰ ਤੂੰ ਸੁੰਨਤਾਈ ਵਿਚ/ਭੁਬਦੇ ਨਾਦਾਂ ਨੂੰ...
ਚਿਤਰ ਮੇਰੀ ਕਲਪਨਾ! ਭਵਿੱਖ ਦੀ ਤਸਵੀਰ ਨੂੰ
ਚਿਤਰ ਮੇਰੀ ਕਲਪਨਾ! ਮਨੁੱਖ ਦੀ ਤਕਦੀਰ ਨੂੰ

ਪਦਾਰਥਵਾਦ ਦੇ ਚੁੰਗਲ ਵਿਚ ਫਸੇ ਅੱਜੋਕੇ ਇਨਸਾਨ ਵਿਚੋਂ ਨੈਤਿਕ ਕੀਮਤਾਂ ਮਨਫ਼ੀ ਹੋ ਚੁੱਕੀਆਂ ਹਨ। ਸਮਾਜਕ ਤੇ ਪਰਿਵਾਰਕ ਰਿਸ਼ਤੇ ਤਿੜਕ ਚੁੱਕੇ ਹਨ। ਪਰ ਸ਼ਾਇਰ ਨੂੰ ਯਕੀਨ ਹੈ:

ਤੇ ਫਿਰ ਸੂਰਜ ਨਿਕਲੇਗਾ/ਕਿਰਨਾਂ ਦੇ ਰਥ 'ਤੇ ਸਵਾਰ
ਹਨੇਰੇ ਸਾਮਰਾਜ ਦਾ/ਮੂੰਹ ਤੋੜ ਦੇਵੇਗਾ

ਦੇਸ਼ ਨੂੰ ਅਲਵਿਦਾ ਆਖ ਕੇ ਉਹ ਪਰਦੇਸ ਚਲਾ ਗਿਆ। ਪਰ ਮਨ ਹਮੇਸ਼ਾਂ ਬੇਚੈਨ ਹੀ ਰਿਹਾ ਤੇ ਇਸੇ ਉਪਰਾਮਤਾ ਦੇ ਆਲਮ ਵਿਚ ਉਹ ਆਪਣੇ ਵਿਖੰਡਤ ਹੋਏ ਆਪੇ ਦੀਆਂ ਚਿੱਪਰਾਂ ਲੱਭਦਾ ਰਿਹਾ:

ਘਾਟ ਘਾਟ ਦਾ ਪਾਣੀ ਪੀ ਕੇ/ ਤਨ ਹਰਿਆ ਨਾ ਮਨ ਭਰਿਆ
ਚੈਨ ਵਿਹੂਣਾ ਖੰਡਿਤ ਜਿਊੜਾ/ਨਿੱਤ ਆਪਾ ਲੱਭਣ ਤੁਰਿਆ

ਪ੍ਰੇਮ ਕੁਮਾਰ ਅਮਰੀਕਾ ਵਿਚ ਅੰਗਰੇਜ਼ੀ ਸਾਹਿਤ ਦੀ ਉਚੇਰੀ ਪੜ੍ਹਾਈ ਖਤਮ ਕਰਕੇ ਉੱਥੇ ਕਈ ਯੂਨੀਵਰਸਿਟੀਆਂ ਵਿਚ ਪੜ੍ਹਾਉਂਦਾ ਰਿਹਾ। ਹੁਣ ਉਹ ਸਿਆਟਲ ਵਿਚ ਹਵਾਈ ਜਹਾਜ਼ਾਂ ਦੀ ਵਿਸ਼ਵ ਪ੍ਰਸਿੱਧ ਕੰਪਨੀ ਬੋਇੰਗ ਵਿਚ ਉੱਚੇ ਅਹੁਦੇ 'ਤੇ ਕੰਮ ਕਰ ਰਿਹਾ ਹੈ। ਨਿੱਕਾ ਜਿਹਾ ਸੁਖੀ ਪਰਿਵਾਰ। ਘਰ ਸੁੱਖ-ਸਾਧਨ ਸੰਪੰਨ। ਪਰ ਪੰਜਾਬ ਦਾ ਹੇਰਵਾ ਉਸ ਦੇ ਖ਼ਮੀਰ ਵਿਚ ਰਚਿਆ ਹੋਇਆ ਹੈ:

ਯਾਦ ਆਇਆ ਹੈ ਅੱਜ ਫੇਰ/ਸਮੁੰਦਰ ਪਾਰ ਉਹ ਗਰਾਂ
ਜਿੱਥੇ ਖੜ੍ਹੀਆਂ ਨੇ ਇਕ ਘਰ ਦੀਆਂ/ਸਿਰਫ਼ ਚਾਰ ਕੰਧਾਂ
ਜਿਸ ਦੀ ਇਕ ਕੰਧ 'ਤੇ/ਲਿਖੀ ਮੇਰੀ ਜਨਮ ਘੜੀ ਸੀ
ਜਿੱਥੇ ਲਗਦੀ ਰਾਤ ਭਰ ਕਦੀ/ਲੋਰੀਆਂ ਦੀ ਝੜੀ ਸੀ
ਤੇ ਨੰਨ੍ਹੇ ਪੈਰ ਵਿਹੜੇ ਵਿਚ/ ਦਿਨ ਭਰ ਪੈਲ ਪਾਉਂਦੇ ਸੀ
ਤੋਤਲੇ ਬੋਲ ਉਨੀਂਦੇ ਤਾਰਿਆਂ ਨੂੰ/ਮੁੜ ਮੁੜ ਜਗਾਉਂਦੇ ਸੀ
ਤੇ ਸੂਰਜ ਨਿਕਲਦਾ ਸੀ ਰੋਜ਼/ਕਿਸੇ ਮਹਿਬੂਬ ਦੀ ਮੁਸਕਾਨ ਵਰਗਾ
ਤੇ ਹਰ ਮੌਸਮ ਹੀ ਲਗਦਾ ਸੀ/ਇਸ਼ਕ ਦੀ ਪਹਿਲੀ ਪਹਿਚਾਣ ਵਰਗਾ

ਇਹ ਨਜ਼ਮ ਪੜ੍ਹਨ ਪਿੱਛੋਂ ਮੈਨੂੰ ਉਰਦੂ ਦੇ ਸ਼ਾਇਰ ਮੁਨੀਰ ਨਿਆਜ਼ੀ ਦੀ ਨਜ਼ਮ ਦਾ ਸ਼ਿਅਰ ਯਾਦ ਆਇਆ ਹੈ:

ਮੁਸ਼ਕਿਲ ਹੂਆ ਹੈ ਰਹਿਨਾ ਇਸ ਦਿਆਰ ਮੇਂ
ਬਰਸੋਂ ਯਹਾਂ ਰਹੇ ਯੇਹ ਅਪਨਾ ਨਾ ਹੂਆ

ਮੁਨੀਰ ਨਿਆਜ਼ੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜੰਮਿਆ ਸੀ। ਦੇਸ਼ ਦੀ ਵੰਡ ਵੇਲੇ ਉਹ ਪਾਕਿਸਤਾਨ ਚਲਾ ਗਿਆ। ਪਰ ਉਹ ਸਾਰੀ ਉਮਰ ਅਪਣੀ ਜੰਮਣ-ਭੋਂ ਨਹੀਂ ਭੁੱਲ ਸਕਿਆ। ਤੇ ਪਾਕਿਸਤਾਨ ਨੂੰ ਉਹ ਹਮੇਸ਼ਾਂ ਗ਼ੈਰ ਦੇਸ਼ ਹੀ ਸਮਝਦਾ ਰਿਹਾ। ਪ੍ਰੇਮ ਕੁਮਾਰ ਸੱਤ ਸਮੁੰਦਰੋਂ ਪਾਰ ਪੰਜਾਬ ਦੀ ਮਿੱਟੀ ਦੀ ਮਹਿਕ ਨੂੰ ਤਰਸਦਾ ਹੈ। ਇਥੋਂ ਦੀਆਂ ਫ਼ਸਲਾਂ ਦੀ ਖ਼ੈਰ ਮੰਗਦਾ ਹੈ:

ਇਹ ਵਾਦੀਆਂ, ਇਹ ਖੇਤ/ਅਮਾਨਤ ਆਉਂਦੀ ਨਸਲ ਦੀ
ਮੈਂ ਮੰਗਦਾ ਰਹਾਂਗਾ ਖ਼ੈਰ/ਹਰ ਨਵੀਂ ਫ਼ਸਲ ਦੀ
ਕਿ ਇਸ ਤਰ੍ਹਾਂ ਮਿੱਟੀ ਤੇ ਰੋਟੀ ਦਾ/ ਰਿਸ਼ਤਾ ਜੁੜਿਆ ਰਹੇ
ਕਿ ਫਿਰ ਕੋਈ ਰੋਜ਼ੀ ਲਈ/ ਨ ਵਤਨ ਨੂੰ ਅਲਵਿਦਾ ਕਹੇ

ਕਿੰਨਾ ਮਾਰਮਿਕ ਚਿਤਰਣ ਹੈ ਅੱਜੋਕੇ ਪੰਜਾਬ ਦੀ ਆਰਥਿਕਤਾ ਦਾ! ਪੰਜਾਬ ਬਾਰੇ ਨਿੱਘਾ ਅਹਿਸਾਸ—ਬੇਮਿਸਾਲ! ਜਿੱਥੇ ਉਹ ਪੰਜਾਬ ਦੇ ਖੇਤਾਂ ਨੂੰ ਆਉਣ ਵਾਲੀ ਨਸਲ ਦੀ ਅਮਾਨਤ ਸਮਝਦਾ ਹੈ ਉਥੇ ਉਸ ਨੂੰ ਆਉਣ ਵਾਲੀ ਪੀੜ੍ਹੀ ਦੀ ਅਥਾਹ ਸ਼ਕਤੀ ਦਾ ਵੀ ਅਹਿਸਾਸ ਹੈ:

ਸੌ ਕੋਹਾਂ ਦਾ ਪੰਧ ਬਣੇਗਾ/ ਸੌ ਕਦਮਾਂ ਦਾ ਫਾਸਲਾ
ਵੇਖਦੀ ਹੈ ਧਰਤ ਇਹ/ਵੇਖਦਾ ਹੈ ਇਹ ਗਗਨ
ਰੋਕਦਾ ਏ ਕੌਣ/ਕੁਰਬਾਨੀਆਂ ਦਾ ਕਾਫਲਾ!

ਪੱਛਮੀ ਸਭਿਆਚਾਰ ਦੇ ਪ੍ਰਚੰਡ ਵਹਾਉ ਦੇ ਬਾਵਜੂਦ ਪ੍ਰੇਮ ਨੇ ਆਪਣੇ ਅੰਦਰਲੀ ਪੰਜਾਬੀਅਤ ਨੂੰ ਖ਼ੁਰਨ ਨਹੀਂ ਦਿੱਤਾ! ਇਸ ਦਾ ਪਰਚਮ ਉਸ ਨੇ ਹਮੇਸ਼ਾ ਹੀ ਬੁਲੰਦ ਰੱਖਿਆ ਹੈ। ਇਸ ਪੱਖੋਂ ਪੰਜਾਬੀ ਭਾਈਚਾਰੇ ਨੂੰ ਉਸ ਉੱਤੇ ਮਾਣ ਹੋਣਾ ਚਾਹੀਦਾ ਹੈ।

ਕਾਵਿ-ਸੰਗ੍ਰਹਿ ਸਾਹਿਤਕ ਪੁਖਤਗੀ, ਕਾਵਿਕ ਉਤਮਤਾ ਤੇ ਕਲਾਤਮਕ ਸੂਖਮਤਾ ਦਾ ਪ੍ਰਮਾਣ ਹੈ। ਸ਼ੈਲੀ ਤਰਲ, ਬੋਲੀ ਠੇਠ ਤੇ ਬਿੰਬ ਸੱਜਰੇ। ਇਹ ਰਚਨਾ ਪ੍ਰੇਮ ਦੇ ਜ਼ਾਤੀ ਤਜਰਬਿਆਂ ਦਾ ਆਈਨਾ ਹੈ—ਸ਼ਫ਼ਾਫ਼ ਤੇ ਨਿਖਰਿਆ ਹੋਇਆ।

ਇਸ ਨਾਲ ਪਾਠਕਾਂ ਦਾ ਤੁਆਰਫ਼ ਕਰਵਾ ਕੇ ਸਾਨੂੰ ਖ਼ੁਸ਼ੀ ਮਹਿਸੂਸ ਹੋ ਰਹੀ ਹੈ। ਇਹ ਰਚਨਾ ਪੰਜਾਬੀ ਕਵਿਤਾ ਦੇ ਪਿੜ ਵਿਚ ਇਕ ਖ਼ੁਸ਼ਗਵਾਰ ਇਜ਼ਾਫ਼ਾ ਹੈ। ਪਾਠਕਾਂ ਅਤੇ ਸਾਹਿਤਕ ਅਦਾਰਿਆਂ ਵੱਲੋਂ ਇਸ ਨੂੰ ਖ਼ੁਸਆਮਦੀਦ ਆਖਣਾ ਬਣਦਾ ਹੈ। ਇਸ ਆਹਲਾ ਰਚਨਾ ਲਈ ਪ੍ਰੇਮ ਕੁਮਾਰ ਨਿਸਚੇ ਹੀ ਮੁਬਾਰਕ ਦਾ ਹੱਕਦਾਰ ਹੈ। ❑❑

[ਬਖ਼ਸ਼ੀਸ਼ ਸਿੰਘ]

After Socialism : Reconstructing Critical Social Thought, Gabriel Kolko, Routledge, 2006 pp. 195

ਇਹ ਪਹਿਲੀ ਕਿਤਾਬ ਹੈ ਜਿਸ ਦੇ ਰਿਵਿਊ 'ਚ ਮੈਂ ਕਿਤਾਬ ਨੂੰ ਨਾ ਪੜ੍ਹਨ ਦੀ ਸਿਫ਼ਾਰਸ਼ ਕਰਦਾ ਹਾਂ। ਇਹਦੇ ਵਿਚ ਮਾਰਕਸ, ਲੈਨਿਨ ਅਤੇ ਸਾਮਵਾਦ ਦੀ ਆਲੋਚਨਾ ਤੋਂ ਵੱਧ ਇਹਨਾਂ ਬਾਰੇ ਬਦਕਲਾਮੀ ਕੀਤੀ ਹੋਈ ਹੈ।

ਪਰ ਇਹ ਕਿਤਾਬ ਕਿਸੇ ਹੋਰ ਗੱਲੋਂ ਮਹੱਤਵਪੂਰਨ ਹੈ। ਇਹਦੇ ਵਿਚ ਸਰਮਾਏਦਾਰੀ ਦੀ ਸੱਜੇ ਧੜੇ ਤੋਂ ਆਲੋਚਨਾ ਹੈ। ਕਈ ਵਾਰ ਸਾਨੂੰ ਵਾਮਪੰਥੀ ਪੜਚੋਲ ਦਾ ਇਤਬਾਰ ਨਹੀਂ ਆਉਂਦਾ। ਜਦੋਂ ਦਕਸ਼ਿਣ-ਪੰਥ ਸਰਮਾਏਦਾਰੀ ਖ਼ਿਲਾਫ਼ ਕੋਈ ਗੱਲ ਕਰੇ ਤਾਂ ਪੜ-ਭਰੋਸੇ ਯੋਗ ਹੋ ਜਾਂਦੀ ਹੈ।

ਵ੍ਰਿਧੀ- (Growth) ਨਿਰਭਰ ਸਰਮਾਏਦਾਰੀ ਕੇਵਲ ਨਾਬਰਾਬਰੀ ਪੈਦਾ ਕਰਦੀ ਹੈ, ਗ਼ਰੀਬੀ ਹਟਾਉਂਦੀ ਨਹੀਂ। ਸੰਨ 1700 ਵਿਚ ਹਿੰਦ ਚੀਨ ਦੀ ਜੀਅ-ਪ੍ਰਤੀ ਆਮਦਨੀ ਯੌਰਪ ਬਰਾਬਰ ਦੀ ਸੀ। ਯੌਰਪ ਦੀ ਚੜ੍ਹਤ ਅਤੇ ਵਿਸ਼ਵ ਸਰਮਾਏਦਾਰੀ ਨੇ ਪਛੜੇ ਤੀਸਰੇ ਜਗਤ ਨੂੰ ਜਨਮ ਦਿੱਤਾ ਹੈ। ਕੇਵਲ ਵ੍ਰਿੱਧੀ ਤਾਂ ਸਮਾਜ ਵਿਚ ਨਾਬਰਾਬਰੀ, ਬੇਰੋਜ਼ਗਾਰੀ, ਅਪਰਾਧ ਅਤੇ ਉਪਵਿਸ਼ਾਂ (drugs) ਨੂੰ ਜਨਮ ਦੇ ਕੇ ਜੇਲ੍ਹਾਂ 'ਚ ਵਾਧਾ ਕਰਦੀ ਹੈ। ਵ੍ਰਿੱਧੀ ਸਮਾਜ ਵਿਚ ਅਸੰਤੁਲਨ, ਗੜਬੜ ਪੈਦਾ ਕਰਦੀ ਅੰਤਰ-ਰਾਸ਼ਟਰੀ ਰੂਪ ਵਿਚ ਜੰਗਾਂ ਨੂੰ ਜਨਮ ਦਿੰਦੀ ਹੈ।

ਜਿਹਨਾਂ ਮੁਲਕਾਂ ਵਿਚ ਨਾ-ਬਰਾਬਰੀ ਘੱਟ ਹੈ ਅਤੇ ਸਮਾਜੀ ਉਪਜ ਦੀ ਸਮਾਨਤਾ-ਮਈ Equitable ਵੰਡ ਹੈ ਉਹਨਾਂ ਦੀ ਵ੍ਰਿੱਧੀ ਦੀ ਦਰ ਵੀ ਦੂਸਰਿਆਂ ਨਾਲੋਂ ਜ਼ਿਆਦਾ ਹੈ, ਹਿੰਸਾ ਕਤਲ ਵੀ ਘੱਟ ਹਨ, ਸਰੀਰਕ ਮਾਨਸਿਕ ਸਿਹਤ ਬਿਹਤਰ ਹੈ। ਜਿਹੜੇ ਦੇਸ ਆਪਣੀ ਰਾਸ਼ਟਰੀ ਉਪਜ ਦਾ ਜ਼ਿਆਦਾ ਹਿੱਸਾ ਲੋਕ-ਸੇਵਾਵਾਂ, ਵਿੱਦਿਆ ਸੁਅਸਥ, 'ਤੇ ਲਾਉਂਦੇ ਹਨ ਉਥੋਂ ਦੇ ਲੋਕ ਵਧੇਰੇ ਸਿਹਤਮੰਦ ਅਤੇ ਖ਼ੁਸ਼ ਹਨ। (ਕਊਬਾ ਗ਼ਰੀਬ ਮੁਲਕ ਹੈ ਪਰ ਸਮਾਨਤਾਮਈ ਸਮਾਜ ਹੋਣ ਕਰਕੇ ਉਥੋਂ ਦੇ ਸ਼ਹਿਰੀਆਂ ਦੀ ਸਿਹਤ ਅਮਰੀਕਨਾਂ ਨਾਲੋਂ ਚੰਗੀ ਹੈ, ਭਾਵੇਂ ਸਿਹਤ 'ਤੇ ਜੀਅ-ਪ੍ਰਤੀ ਅਮਰੀਕਨ ਖਰਚ ਕਊਬਾ ਦੇ ਜੀਅ-ਪ੍ਰਤੀ ਖ਼ਰਚ ਨਾਲੋਂ ਦਸ ਗੁਣਾਂ ਹੈ)

ਗਲੋਬਕਾਰੀ Globalisation ਨੇ ਨਾ ਬਰਾਬਰੀ ਵਧਾਈ ਹੈ। ਸੰਨ 1998 ਵਿਚ ਦੁਨੀਆਂ ਦੀ ਉਪਰਲੀ ਅਮੀਰ, ਦਸਵਾਂ ਹਿੱਸਾ ਵਸੋਂ, ਜਗਤ-ਉਪਜ ਦਾ 71 ਫੀਸਦੀ ਲੈ ਜਾਂਦੀ ਸੀ। ਉਤਲੇ

ਵੀਹ ਅਮੀਰ ਮੁਲਕਾਂ ਅਤੇ ਥਲੜੇ ਵੀਹ ਗਰੀਬ ਮੁਲਕਾਂ ਦਾ ਪਾੜਾ 1960-1962 ਵਿਚ 54 ਗੁਣਾਂ ਤੋਂ ਵਧਕੇ 2000-2002 ਵਿਚ 121 ਗੁਣਾਂ ਹੋ ਗਿਆ।

ਫੇਰ 54 ਮੁਲਕਾਂ ਦੀ ਆਰਥਿਕਤਾ (ਵਿਸ਼ਵ ਵਸੋਂ ਦਾ 12 ਫੀਸਦੀ), ਜਿਸ ਵਿਚ ਜ਼ੇਰ-ਸਹਿਰਾ ਦੇਸ਼ ਅਤੇ ਪੂਰਬੀ ਯੌਰਪ ਆਉਂਦਾ ਹੈ, 1990-2001 ਵਿਚ ਸੁਕੜ ਗਈ। ਹੋਰ 71 ਦੇਸ਼ (ਵਿਸ਼ਵ ਵਸੋਂ ਦਾ 26 ਫੀਸਦੀ) ਅਜਿਹੇ ਸਨ ਜਿਹਨਾਂ ਦੀ ਸਿਫਰ ਵਿੱਧੀ ਹੋਈ ਜਾਂ ਇੰਨੀ ਥੋੜ੍ਹੀ ਕਿ ਆਬਾਦੀ ਦੇ ਵਾਧੇ ਅਨੁਸਾਰ ਨਹੀਂ ਹੋ ਸਕੀ। ਕੇਵਲ 16 ਵਿਕਸਤ ਦੇਸ਼ਾਂ ਦੀ 1985-2000 ਵਿਚ 3 ਫੀਸਦੀ ਜੀਅ-ਪ੍ਰਤੀ ਆਮਦਨੀ ਵਧੀ।

ਸੰਨ 2004 ਵਿਚ ਦੁਨੀਆਂ ਵਿਚ ਲਘੂ-ਪੋਸ਼ਿਤ ਬੰਦਿਆਂ ਦਾ ਸੰਨ 2000 ਦੇ ਮੁਕਾਬਲੇ ਵਿਚ 85 ਕਰੋੜ ਦਾ ਵਾਧਾ ਹੋਇਆ।

ਨਯਾਯ-ਸਥ ਅਤੇ ਸਮਾਨਤਾਮਯ ਸਮਾਜਕ ਪਰਿਵਰਤਨ ਦੇ ਵਿਕਲਪ ਦੇ ਘਾਟੇ ਕਾਰਨ ਬੌਧਿਕ ਸੁੰਨ ਪੈਦਾ ਹੋ ਗਿਆ ਹੈ, ਜਿਸ ਕਾਰਨ ਕਈ ਅੰਧ-ਵਰਤੀ ਲਹਿਰਾਂ ਜਾਗੀਆਂ ਹਨ (ਸਭ ਪਾਸੇ ਅਕਲ ਬਿਨਾਂ ਖੂਹ ਖਾਲੀ ਹਨ) ਅਤੇ ਇਖ਼ਲਾਕ ਆਚਾਰ ਦੀ ਕੋਈ ਵੱਟਤ ਨਹੀਂ ਰਹੀ।

ਮੰਦੇ ਦੀ ਅਵਧੀ ਅਤੇ ਤੀਬਰਤਾ ਵਧ ਰਹੀ ਹੈ। ਸੰਨ 1972 ਤੋਂ ਮਗਰੋਂ ਦੇ ਮੰਦਵਾੜੇ (ਰਾਸ਼ਟਰ ਦੀ ਉਪਜ ਦੇ ਅੰਗ ਵਜੋਂ GDP) ਇਸ ਤੋਂ ਪਹਿਲੇ 22 ਸਾਲਾਂ ਨਾਲੋਂ ਵਧੇਰੇ ਗੰਭੀਰ ਸਨ, ਅਤੇ ਅੱਜ ਕਲ ਪੂਰਵ 1913 ਕਾਲ ਤੋਂ ਜ਼ਿਆਦਾ ਤੇਜ਼ ਹਨ।

ਕਰਤਾ ਅਨੁਸਾਰ ਨਯਾਯ ਅਤੇ ਸਮਾਨਤਾ-ਮਯ ਰਾਜਨੀਤੀ ਅਰਥਾਤ ਨਵੀਂ ਸਿਆਸਤ ਦੀ ਲੋੜ ਹੈ। ਲੋਕਤੰਤਰ ਵਿਚ ਲੋਕ ਅਤੇ ਤੰਤਰ ਵਿਚ ਅਜਿਹੀ ਵਿੱਥ ਪਈ ਹੈ ਕਿ ਲੋਕ ਨ-ਹੱਥੇ ਹੋ ਗਏ ਹਨ। ਪਾਰਟੀਆਂ ਦੀ ਦੁਸ਼ਮਣੀ ਜ਼ਰੂਰ ਹੈ ਪਰ ਲਕਸ਼ ਇੱਕ ਹੈ। ਕਦੇ ਲੋਕ-ਮਤ General Will ਦਾ ਆਦਰਸ਼ ਸੀ। ਹੁਣ ਲੋਕਤੰਤਰ ਦਾ ਆਦਰਸ਼ ਹੀ ਲੋਕ-ਮਤ ਨੂੰ ਝੁਠਲਾਉਣਾ ਹੈ, ਕੀ ਅਮਰੀਕਾ, ਕੀ ਯੌਰਪ, ਕੀ ਭੂਤਪੂਰਵ ਸਾਮਵਾਦੀ ਮੁਲਕਾਂ ਵਿਚ। ਮੇਰੇ ਬਚਪਨ ਵਿਚ ਪਿੰਡ ਨੇ ਮੀਂਹ ਖਾਤਰ ਯੱਗ ਕੀਤੇ, ਪਰ ਕੋਈ ਅਸਰ ਨਹੀਂ ਸੀ। ਹੁਣ ਲੋਕ-ਤੰਤਰ ਯੱਗ ਹੈ।

ਲੋਕ ਲੀਡਰਾਂ ਦੀ ਗ਼ੱਦਾਰੀ ਨੂੰ ਰੋਕ ਨਹੀਂ ਸਕਦੇ, ਕੀ ਗੋਰਬਾਚੋਵ, ਕੀ ਤੈਂਗ-ਹਿਆਓ-ਪਿੰਗ, ਕੀ ਬਲੇਅਰ। (ਆਪਣੇ ਚੋਣਾਂ ਹੋ ਕੇ ਹਟੀਆਂ, ਵੇਖ ਲਿਓ ਪਰਨਾਲਾ ਉੱਥੇ ਦਾ ਉੱਥੇ ਹੀ ਰਹਿਣਾ)

ਫੇਰ ਲੋਕ-ਮਤ ਵੀ ਗ਼ਲਤੀ ਕਰ ਲੈਂਦਾ ਹੈ, ਇਹ ਰੂਸੋ ਵਾਲਾ ਅਭੁੱਲ ਜਨਮਤ ਨਹੀਂ। ਰੁਆਂਡਾ ਵਿਚ, ਹਿਟਲਰ ਦੇ ਜਰਮਨੀ ਵਿਚ, ਗੋਰਬਾਚੋਵ ਦੇ ਰੂਸ ਵਿਚ, ਹਰ ਚੌਥੇ ਸਾਲ ਅਮਰੀਕਾ ਵਿਚ। ਲੀਡਰ ਦਾ ਆਵਾਹਨ ਹੋਣ ਲੱਗ ਜਾਂਦਾ ਹੈ — ਆਵਾਹਨ ਦਾ ਮਤਲਬ ਹੈ ਮੰਤਰ ਦੁਆਰਾ ਕਿਸੇ ਦੇਵਤੇ ਨੂੰ ਆਪਣੇ ਪਾਸ ਬੁਲਾਉਣਾ। ਲੋਕ, ਪਾਰਟੀ ਜਾਂ ਕੋਈ ਰਾਸ਼ਟਰੀ ਸੰਸਥਾ ਇਨਾ ਨਹੀਂ ਕਰ ਸਕਦੀ ਕਿ ਲੀਡਰ ਦੀ ਚੋਣ ਪਰਚੀ ਕੱਢਕੇ ਕੀਤੀ ਜਾਵੇ (lottery) ਤਾਂ ਜੋ ਪੱਕੇ ਆਗੂ ਦਾ ਆਧਾਰ ਹੀ ਮੁੱਕ ਜਾਵੇ, ਜਿਵੇਂ ਪ੍ਰਾਚੀਨ ਯੂਨਾਨ 'ਚ ਹੁੰਦਾ ਸੀ।

ਅੰਤ ਜਿੰਨਾ ਚਿਰ ਸਮਾਜ ਦੇ ਸਮੂਹ ਵਿਅਕਤੀ ਆਪ ਸਮਾਜੀ ਅਭਿਨੇਤਾ Social Actors ਨਹੀਂ ਹੁੰਦੇ, ਉਨਾ ਚਿਰ ਨਯਾਯ ਅਤੇ ਸਮਾਨਤਾ ਦਾ ਆਦਰਸ਼ ਠੀਕ ਤਰ੍ਹਾਂ ਸਿਰੇ ਨਹੀਂ ਲੱਗਣਾ। ਇਹ ਕੰਮ ਕਿਵੇਂ ਕਰਨਾ ਹੈ, ਮਾਨਵੀ ਚਿੰਤਨ ਦੀ ਜ਼ਿੰਮੇਵਾਰੀ ਹੈ। ਨੇਪਾਲ ਦੀ ਮਾਓਵਾਦੀ ਪਾਰਟੀ ਨੇ ਨਿਗੂਣਾ ਜਿਹਾ ਹੰਭਲਾ ਮਾਰਿਆ ਹੈ ਕਿ ਪਾਰਟੀ ਦਾ ਅਜਿਹਾ ਵਿਧਾਨ ਬਣਾਉਣਾ ਹੈ ਕਿ ਪਾਰਟੀ ਲੋਕਾਂ ਨਾਲ ਗ਼ੱਦਾਰੀ ਨਾ ਕਰ ਸਕੇ। ❑❑

[ਸੁਰਜੀਤ ਹਾਂਸ]

ਪੱਤਰ

'ਸਿਰਜਣਾ-143' ਵਿਚ ਛਪੀਆਂ ਤਿੰਨ ਕਹਾਣੀਆਂ-ਤਿੰਨੇ ਇੱਕੋ ਦਿਸ਼ਾ ਤੇ ਇੱਕੋ ਦਸ਼ਾ ਦਾ ਨਿਰੂਪਣ ਕਰਦੀਆਂ, ਤਿੰਨੇ ਇਤਿਹਾਸਕ ਪਿਛੋਕੜ 'ਤੇ ਉੱਸਰੀਆਂ, ਧਰਮਾਂ ਦੇ ਠੇਕੇਦਾਰਾਂ ਦੇ ਪਾਜ ਉਘੇੜਦੀਆਂ, ਮਜ਼ਬੀ ਦੰਗਿਆਂ 'ਚ ਮਨੁੱਖੀ ਕਦਰਾਂ-ਕੀਮਤਾਂ ਦਾ ਹੁੰਦਾ ਘਾਣ ਦਰਸਾਉਂਦੀਆਂ, ਔਰਤ ਜ਼ਾਤ ਦੀ ਬੇਹੁਰਮਤੀ ਦੀ ਦਰਦੀਲੀ ਦਾਸਤਾਨ ਚਿਤਰਦੀਆਂ, ਪੰਜਾਬ ਦੇ ਸੰਤਾਪ 'ਤੇ ਰੁਦਨ ਕਰਦੀਆਂ-ਦਿਲ ਹਿਲਾ ਦੇਣ ਵਾਲੀਆਂ ਇਹ ਕਹਾਣੀਆਂ ਇਕ ਤੋਂ ਇਕ ਚੜ੍ਹਦੀਆਂ। ਇਸ ਖ਼ੂਬਸੂਰਤ ਚੋਣ ਨੂੰ ਸਜਦਾ ਕਰਦਾ ਹਾਂ।

ਗੁਲਜ਼ਾਰ ਸੰਧੂ ਕਹਾਣੀ ਕਲਾ ਦਾ ਹਾਤਿਮ ਹੈ। ਉਸਦੀ ਕਹਾਣੀ 'ਡਾਕਾ' ਸੰਤਾਲੀ ਤੋਂ ਚੌਰਾਸੀ ਤਕ ਪੁੱਜਦੀ, ਬੜਾ ਕੁਝ ਸਮਝਾ ਜਾਂਦੀ ਹੈ। ਡੰਗ ਦੀ ਚੋਭ ਬੜੀ ਤਿੱਖੀ ਹੈ। ਸੰਨ ਸੰਤਾਲੀ ਦੀ ਮਾਰ 'ਚੋਂ ਬਚਿਆ ਮੁਸਲਮਾਨ ਮੁੰਡਾ, ਪੱਕਾ ਗੁਰਸਿੱਖ ਸ਼ਾਮ ਸਿੰਘ ਬਣ ਕੇ, ਚੌਰਾਸੀ ਦੇ ਦੰਗਿਆਂ 'ਚ ਮੁੜ ਕੇਸ ਕਟਾ ਕੇ ਘਰ ਪੁੱਜਦਾ ਹੈ ਤੇ ਕਹਾਣੀ ਦਾ ਸੰਕੇਤ ਅੰਤ-"*ਉਹਨਾਂ ਦਾ ਬਾਲ ਪਰਿਵਾਰ, ਘਰ-ਘਾਟ, ਸਾਜ਼-ਸਮਾਨ ਤੇ ਗਹਿਣਾ-ਗੱਟਾ ਸਭ ਕੁਝ ਹੀ ਕਾਇਮ ਸੀ। ਜਿਸਮ ਅਤੇ ਜਾਨਾਂ ਵੀ। ਪਰ ਉਹ ਲੁੱਟੇ ਗਏ ਮਹਿਸੂਸ ਕਰ ਰਹੇ ਸਨ। ਘਰ ਵਿਚ ਦਿਨ ਦਿਹਾੜੇ ਡਾਕਾ ਪੈ ਚੁੱਕਾ ਸੀ। ਡਾਕੂ ਦਿਖਾਈ ਨਹੀਂ ਸੀ ਦਿੰਦਾ। ਆਇਆ ਹੀ ਨਹੀਂ ਸੀ।*" ਅਜਬ ਕਟਾਖ਼ਸ਼ ਹੈ। ਸੰਧੂ ਗੱਲ ਸਿਰੇ ਦੀ ਕਰ ਗਿਐ।

'ਮਲ੍ਹਮ' ਵਾਲੇ ਸਾਂਵਲ ਧਾਮੀ ਨੇ ਤਾਂ ਰੁਆ ਰੁਆ ਮਾਰ ਦਿੱਤਾ। ਏਨੀ ਸ਼ਿੱਦਤ ਨਾਲ ਸੰਤਾਲੀ ਦੇ ਸੰਤਾਪ ਨੂੰ ਪੇਸ਼ ਕਰ ਜਾਣਾ! ਏਨੀ ਪੀੜ ਕਿ ਪਾਠਕ ਵੀ ਪੀੜੋ ਪੀੜ ਹੋ ਉੱਠੇ! ਸਾਂਝਾਂ ਹੇਠ ਪਲਦੀਆਂ ਦੁਸ਼ਮਣੀਆਂ, ਦੁਸ਼ਮਣੀਆਂ ਹੇਠ ਪਲਦੀਆਂ ਦੋਸਤੀਆਂ। ਸੰਵੇਦਨਸ਼ੀਲਤਾ ਦੀ ਸਿਖਰ ਹੋ ਨਿੱਬੜਦੀ ਹੈ ਇਹ ਕਹਾਣੀ। ਹਿਰਦਿਆਂ ਦੀ ਮੈਲ ਨੂੰ ਹੰਝੂਆਂ ਨਾਲ ਧੋਣ ਵਾਲੀ ਇਹ ਗਾਥਾ ਅਸਲ ਵਿਚ ਇਕ ਨਾਵਲ ਦਾ ਮਜ਼ਮੂਨ ਹੈ। ਤੇ ਇਹਦੇ ਬਾਰੇ ਕੋਈ ਰਾਇ ਦੇਣ ਲਈ ਵੀ ਪੂਰਾ ਲੇਖ ਲਿਖ ਜਾਣ ਦੀ ਲੋੜ ਹੈ।

'ਕਮਾਂਡਰ' ਬੜੀ ਬੋਲਡ ਕਹਾਣੀ ਹੈ। ਆਪਣੀ ਪੀੜ੍ਹੀ ਹੇਠਾਂ ਇਮਾਨਦਾਰੀ ਨਾਲ ਸੋਟਾ ਫੇਰਨ ਵਾਲੀ ਗੱਲ। ਕਮਾਂਡਰ ਦਾ ਚਿੱਤਰ ਤੇ ਚਰਿੱਤਰ ਬੜਾ ਯਥਾਰਥਕ ਹੈ। ਧਰਮਾਂ ਦੇ ਠੇਕੇਦਾਰਾਂ ਦਾ ਕਿਰਦਾਰ ਤੇ ਉਹਦੇ 'ਚੋਂ ਹੁੰਦੀ ਖ਼ਲਕਤ ਦੀ ਬਰਬਾਦੀ। ਵਧੀਆ 'ਕੰਟਰਾਸਟ' ਹੈ। 'ਕਮਾਂਡਰ' ਦੀਆਂ ਕਰਤੂਤਾਂ ਦੇ ਬਖ਼ੀਏ ਉਧੇੜਨ ਦਾ ਕੰਮ ਕਰਨ ਵਾਲੇ ਇਸ ਯਥਾਰਥਕ ਵਿਵਰਨ ਲਈ ਲੇਖਕ ਵਧਾਈ ਦਾ ਪਾਤਰ ਹੈ। ਤਰਲੋਚਨ ਸਿੰਘ ਭਾਟੀਆ ਦੀ ਸੱਚ ਕਹਿਣ ਦੀ ਜੁਰਅਤ ਨੂੰ ਸੌ ਸੌ ਸਲਾਮ!

'ਸਿਰਜਣਾ ਵਾਲੇ ਰਘਬੀਰ ਸਿੰਘ ਤੇ ਰਘਬੀਰ ਸਿੰਘ ਵਾਲੀ 'ਸਿਰਜਣਾ'-ਦੋਵੇਂ ਇਕ ਮਿੱਕ, ਆਮ ਜ਼ੁਬਾਨਾਂ 'ਤੇ ਚੜ੍ਹੇ ਨਾਂ, ਸਾਹਿਤਕ ਮਿਆਰ ਦੀ ਰੌਸ਼ਨ ਮਿਸਾਲ ਵਜੋਂ ਪ੍ਰਸਿੱਧ। ਮੁਬਾਰਕਾਂ!

[ਧਿਆਨ ਸਿੰਘ ਸ਼ਾਹ ਸਿਕੰਦਰ, ਦੀਨਾ ਨਗਰ, ਜ਼ਿਲ੍ਹਾ ਗੁਰਦਾਸਪੁਰ]

ਸਿਰਜਣਾ-143 ਵਿਚ ਗੁਲਜ਼ਾਰ ਸਿੰਘ ਸੰਧੂ ਦੀ ਕਹਾਣੀ 'ਡਾਕਾ' ਪੜ੍ਹਨ ਤੋਂ ਪਹਿਲਾਂ ਪਤਾ ਸੀ ਕਿ ਉਹ ਤਾਂ ਵਿਰਕ ਕਹਾਣੀ ਮਾਡਲ ਪਰੰਪਰਾ ਦੇ ਕਹਾਣੀਕਾਰ ਹਨ ਅਤੇ ਕਹਾਣੀ ਦਾ ਵਿਸ਼ਾ-ਵਸਤੂ ਤੇ ਉਸ ਦਾ ਨਿਭਾਅ ਆਪਣੀ ਲੈਅ ਨਹੀਂ ਛੱਡੇਗਾ। ਕਹਾਣੀ ਸਮਾਪਤ ਕਰਕੇ ਕੁਝ ਸਮਾਂ 'ਸਿਰਜਣਾ' ਅੱਗੇ ਪੜ੍ਹਨ ਤੋਂ ਆਪਣੇ ਆਪ ਨੂੰ ਰੋਕ ਲਿਆ ਸੀ। ਅਸਲ ਵਿਚ ਕਿਸੇ ਅਜਿਹੀ ਰਚਨਾ ਦੇ ਪੜ੍ਹਨ ਉਪਰੰਤ ਬੜਾ ਕੁਝ ਵਿਚਾਰਨ ਵਾਲਾ ਹੁੰਦਾ ਹੈ ਜਿਵੇਂ ਕੁਲਵੰਤ ਸਿੰਘ ਵਿਰਕ ਦੀ ਕਹਾਣੀ 'ਖੱਬਲ' ਜਾਂ ਫਿਰ 'ਤੂੜੀ ਦੀ ਪੰਡ' ਪੜ੍ਹਨ ਉਪਰੰਤ ਹੁੰਦਾ ਹੈ। ਫੇਰ ਉਸ ਤੋਂ ਬਾਅਦ ਸਾਂਵਲ ਧਾਮੀ ਹੁਰਾਂ ਦੀ ਕਹਾਣੀ 'ਮੱਲ੍ਹਮ' ਐਨਾ ਕੁਝ ਕਹਿ ਜਾਂਦੀ ਹੈ ਕਿ ਬਹੁਤ ਸਾਰਾ ਸਮਾਂ ਸਾਕਾਰ ਹੋ ਜਾਂਦਾ ਹੈ। ਕਹਾਣੀ ਦਾ ਕਲਾਤਮਕ ਸਿਖਰ ਹੈ ਕਿ ਉਹ ਦੇਸ਼ ਦੀ ਵੰਡ (1947) ਅਤੇ ਪੰਜਾਬ

ਦੇ ਅੱਤਵਾਦ (ਵੀਹਵੀਂ ਸਦੀ ਦਾ ਨੌਂਵਾਂ ਦਸਵਾਂ ਦਹਾਕਾ) ਨੂੰ ਇਕ ਦੂਸਰੇ ਦੇ ਵਿਚ ਸਮੋ ਦਿੰਦਾ ਹੈ। ਇਤਿਹਾਸ ਦਾ ਦੁਹਰਾਓ ਹੁੰਦਾ ਹੈ। ਅਨੁਭਵੀ ਵਿਅਕਤੀ ਅਜਿਹਾ ਕੁਝ ਜ਼ਰੂਰ ਅਨੁਭਵ ਕਰਦੇ ਹਨ। ਕਹਾਣੀ ਦੇ ਅੰਤ 'ਤੇ ਆਇਆ ਕਿਉਂ ਅਤੇ ਆਦਿ ਤੋਂ ਅੰਤ ਤਕ ਆਉਂਦਾ 'ਮਲ੍ਹਮ' ਚਿੰਤਕ ਮਨ ਦੇ ਮੱਥੇ ਦੀਆਂ ਲਕੀਰਾਂ ਡੂੰਘੀਆਂ ਕਰਦਾ ਹੈ। ਕਾਸ਼! ਅਸੀਂ 'ਕਿਉਂ' ਕਹਿਣ ਅਤੇ ਜਾਣਨ ਵਾਲੇ ਹੋ ਸਕੀਏ। ਕਹਾਣੀ ਦੇ ਅਖੀਰ ਵਿਚ ਫ਼ਜ਼ਲੇ ਦੁਆਰਾ ਦਿੱਤੀ 'ਮਲ੍ਹਮ' ਜੇ ਕਿਤੇ ਸਾਡੇ ਸਿਆਸੀ ਰਹਿਬਰਾਂ ਤਕ ਪੁੱਜਦੀ ਹੋ ਜਾਵੇ? ਕਹਾਣੀ 'ਮਲ੍ਹਮ' ਦਾ ਬਿਰਤਾਂਤ ਕਮਾਲ ਦਾ ਹੋ ਨਿਬੜਦਾ ਹੈ। ਮੇਰੇ ਵਰਗੇ ਨੇ ਭਾਵੇਂ ਦੇਸ਼ ਦੀ ਵੰਡ ਹੰਢਾਈ ਨਹੀਂ ਪਰ ਅਤਿਵਾਦ ਦੇ ਭੂਤ ਨੂੰ ਨੇੜਿਓਂ ਜਾਣਿਆ ਹੈ। ਐਨਾ ਦਰਦ ਵੰਡ ਦੇ ਸਮੇਂ ਨੂੰ ਸੁਣ ਕੇ ਜਾਂ ਫਿਰ ਅਤਿਵਾਦ ਨੂੰ ਵੇਖ ਕੇ ਅਨੁਭਵ ਨਹੀਂ ਕੀਤਾ ਸੀ ਜਿੰਨਾ ਕਹਾਣੀ 'ਮਲ੍ਹਮ' ਪੜ੍ਹਦਿਆਂ ਅਨੁਭਵ ਕੀਤਾ ਹੈ। ਕਹਾਣੀਕਾਰ ਵਧਾਈ ਦਾ ਪਾਤਰ ਹੈ।

ਸੁਕੀਰਤ ਦੀ ਕਵਿਤਾ 'ਕਾਮਰੇਡ' ਅਤੇ ਜਸਵੰਤ ਦੀਦ ਦੀ ਕਵਿਤਾ 'ਕਾਨਫਰੰਸ ਲਈ ਕਵਿਤਾ' ਵਿਸ਼ੇਸ਼ ਅਰਥਾਂ ਵਾਲੀਆਂ ਅਤੇ ਮਨ ਨੂੰ ਟੁੰਬਦੀਆਂ ਕਵਿਤਾਵਾਂ ਹਨ। ਦੰਭੀ ਵਿਅਕਤੀਆਂ ਦੇ ਮੂੰਹ 'ਤੇ ਕਰਾਰੀ ਚਪੇੜ ਅਜਿਹੀਆਂ ਕਵਿਤਾਵਾਂ ਹੀ ਮਾਰ ਸਕਦੀਆਂ ਹਨ। ਕੁਲਵਿੰਦਰ ਖਹਿਰਾ ਦੀ ਕਵਿਤਾ 'ਖਿੜਕੀਆਂ' ਦਾ ਇਕ ਇਕ ਸ਼ੇਅਰ ਸਾਂਭਣਯੋਗ ਹੈ। ਸੁਖ਼ਬੀਰ ਦੇ ਕਾਵਿ ਸੰਗ੍ਰਹਿ 'ਲਫਜ਼ ਤੇ ਲੀਕਾਂ' ਦੇ ਰੰਗ ਉੱਤੇ ਚੰਦਰ ਮੋਹਨ ਦੀ ਚਰਚਾ ਸਾਡੇ ਉਹਨਾਂ ਆਲੋਚਕਾਂ ਲਈ ਸਬਕ ਦੇਣ ਵਾਲੀ ਹੋ ਸਕਦੀ ਹੈ ਜਿਹੜੇ ਔਖੇ ਲਫ਼ਜ਼ਾਂ ਤੋਂ ਮੁਕਤ ਆਲੋਚਨਾ ਦੀ ਹੋਂਦ ਨੂੰ ਹੀ ਨਕਾਰਦੇ ਹਨ। ਪੁਸਤਕਾਂ ਦੇ ਰਿਵਿਊ ਅਸਲ ਵਿਚ ਪੁਸਤਕ ਨਾਲ ਪੂਰੀ ਜਾਣ-ਪਛਾਣ ਕਰਾਉਣ ਵਾਲੇ ਅਤੇ ਉਹਨਾਂ 'ਤੇ ਪੂਰੀ ਟਿੱਪਣੀ ਕਰ ਰਹੇ ਹੁੰਦੇ ਹਨ। [ਗੁਰਦੀਪ ਸਿੰਘ ਢੁੱਡੀ,ਡੋਗਰ ਬਸਤੀ,ਫਰੀਦਕੋਟ]

1947 ਦੀ ਵੰਡ ਨਾਲ ਸੰਬੰਧਤ ਸਾਂਵਲ ਧਾਮੀ ਦੀ ਕਹਾਣੀ 'ਮਲ੍ਹਮ। ਆਪਣੀ ਹੀ ਧਰਤੀ ਤੋਂ ਉੱਜੜ ਗਏ ਲੋਕਾਂ ਦੀ ਦਰਦਨਾਕ ਦਾਸਤਾਨ। ਮੈਂ '47 ਦੀ ਵੰਡ ਨਾਲ ਸੰਬੰਧਤ ਬਹੁਤ ਸਾਰੀਆਂ ਖ਼ੂਬਸੂਰਤ ਕਹਾਣੀਆਂ ਪੜ੍ਹੀਆਂ ਹਨ ਪਰ ਇਹ ਕਹਾਣੀ ਤਾਂ ਕਮਾਲ ਹੀ ਕਰ ਗਈ। ਏਨੀ ਸ਼ਾਨਦਾਰ ਕਹਾਣੀ। ਮੈਨੂੰ ਇਵੇਂ ਲੱਗਦੈ, ਵੰਡ ਬਾਰੇ ਏਸ ਤੋਂ ਵਧੀਆ ਕਹਾਣੀ ਹੋਰ ਲਿਖੀ ਹੀ ਨਹੀਂ ਜਾ ਸਕਦੀ। ਇਕ ਇਕ ਸ਼ਬਦ ਮੋਤੀਆਂ ਵਾਂਗ ਪਰੋ ਕੇ ਰੱਖ ਦਿੱਤੈ। ਕਹਾਣੀ 'ਚ ਏਨਾ ਦਰਦ ਹੈ ਕਿ ਬੰਦਾ ਤੜਫ਼ ਉੱਠਦੈ। ਇਹੋ ਜਿਹੀਆਂ ਕਹਾਣੀਆਂ ਪੜ੍ਹਕੇ ਮੈਂ ਸੋਚਦਾਂ ਜਿਵੇਂ ਬੰਦੇ ਨੂੰ ਆਖਰ ਹੋ ਕੀ ਜਾਂਦੈ। ਕਿਉਂ ਆਪਣਿਆਂ ਉੱਤੇ ਹੀ ਜ਼ੁਲਮ ਕਰਨ ਡਹਿ ਪੈਂਦੈ। ਆਖਰ ਇਹੋ ਜਿਹੇ ਬੰਦਿਆਂ ਨੂੰ ਕਿਹੋ ਜਿਹੀ ਮਾਨਸਿਕ ਤਸੱਲੀ ਮਿਲਦੀ ਹੋਵੇਗੀ, ਇਹ ਤਾਂ ਉਹੋ ਹੀ ਜਾਨਣ। 'ਸਾਂਵਲ ਧਾਮੀ' ਦਾ ਨਾਂ ਤੇ ਉਸਦੀ ਰਚਨਾ ਤਾਂ ਮੈਂ ਪਹਿਲੀ ਵਾਰ ਪੜ੍ਹੀ ਏ ਪਰ ਮਨੁੱਖਤਾ ਦੇ ਦਰਦਾਂ ਨੂੰ ਉਹ ਕਮਾਲ ਦੇ ਲਫ਼ਜ਼ਾਂ 'ਚ ਪਰੋ ਕੇ ਪੇਸ਼ ਕਰਨ ਦੀ ਮੁਹਾਰਤ ਰੱਖਦੈ। ਜੀਅ ਕਰਦੈ ਏਸ ਲੇਖਕ ਦੀ ਕਲਮ ਨੂੰ ਚੁੰਮ ਲਵਾਂ ਤੇ ਅੱਖਾਂ ਨਾਲ ਲਾਵਾਂ। ਤਰਲੋਚਨ ਸਿੰਘ ਭਾਟੀਆ ਦੀ ਕਹਾਣੀ 'ਕਮਾਂਡਰ' ਨਿਵੇਕਲੇ ਜਿਹੇ ਢੰਗ ਨਾਲ ਲਿਖੀ ਆਪਣੀ ਹੀ ਕਿਸਮ ਦੀ ਗੰਭੀਰ ਕਹਾਣੀ ਹੈ। ਕਹਾਣੀ ਖ਼ੂਬਸੂਰਤ ਲੱਗੀ। ਗੁਲਜ਼ਾਰ ਸਿੰਘ ਸੰਧੂ ਹੋਰਾਂ ਦਾ 'ਡਾਕਾ' ਵੀ ਵਧੀਆ ਨਿਭ ਗਿਆ। ਦੇਵ ਦੇ ਟਾਈਟਲ ਵਾਂਗੂੰ ਬਹੁਤਾ ਹੀ ਪਸੰਦ ਆਇਆ 'ਸਿਰਜਣਾ' ਦਾ 143ਵਾਂ ਅੰਕ।

[ਕਰਮਜੀਤ ਸਿੰਘ ਨਡਾਲਾ, ਵਾਲੀਆ ਹਸਪਤਾਲ, ਨਡਾਲਾ, ਜ਼ਿਲ੍ਹਾ ਕਪੂਰਥਲਾ]

ਸਿਰਜਣਾ-143 ਵਿਚਲੀ ਕਹਾਣੀ 'ਮਲ੍ਹਮ' ਕਾਫੀ ਰੌਚਿਕ ਹੈ। ਸਾਂਵਲ ਧਾਮੀ ਨੇ ਉਸ ਹੌਲਨਾਕ ਵਰਤਾਰੇ ਦੀ ਹੂ-ਬ-ਹੂ ਤਸਵੀਰ ਖਿੱਚੀ ਹੈ, ਭਾਵੇਂ ਹੱਲਿਆਂ-ਗੁੱਲਿਆਂ ਤੋਂ ਬਹੁਤ ਬਾਅਦ ਵਿਚ ਜਨਮਿਆ ਹੋਣ ਕਰਕੇ ਮੈਂ ਉਹ ਜ਼ਮਾਨਾ ਦੇਖਿਆ ਨਹੀਂ। ਕਹਾਣੀ ਪੜ੍ਹਦਿਆਂ ਕਈ ਵਾਰ ਅੱਖਾਂ ਭਰ ਆਈਆਂ। ਪਰ ਕਹਾਣੀ ਵਿਚ ਮਾਸਟਰ ਅਮੋਲਕ ਵੱਲੋਂ ਦਿੱਤੀ ਸਿੱਖਿਆ ਬੇਲੋੜੀ ਹੈ,

'ਮਲ੍ਹਮ' ਆਪਣੇ ਆਪ ਹੀ ਕਾਫੀ ਸੁਝਾਊ ਚਿੰਨ੍ਹ ਹੈ। ਗੁਲਜ਼ਾਰ ਸਿੰਘ ਸੰਧੂ ਦੀ ਖ਼ੂਬਸੂਰਤ ਕਥਾ ਰਚਨਾ 'ਡਾਕਾ' ਵੀ ਬਹੁਤ ਪ੍ਰਭਾਵਤ ਕਰਦੀ ਹੈ। ਕੇਵਲ ਬਿਰਤਾਂਤ ਦੇ ਸਹਾਰੇ ਕਹਾਣੀ ਗੁੰਦਣਾ ਸੰਧੂ ਹੋਰਾਂ ਦਾ ਮੀਰੀ ਗੁਣ ਹੈ। ਉਹਨਾਂ ਦੀ ਕਹਾਣੀ ਵਿਚ ਵਾਰਤਾਲਾਪ ਨਾਂ ਮਾਤਰ ਹੀ ਹੁੰਦਾ ਹੈ। 'ਦਰਦ ਮਜੀਠੀ' ਦਾ ਡਾ. ਰਾਜਿੰਦਰਪਾਲ ਸਿੰਘ ਵੱਲੋਂ ਕੀਤਾ ਦਿਲਚਸਪੀ ਜਗਾਉਂਦਾ ਰਿਵਿਊ ਪੜ੍ਹਕੇ ਕਾਵਿ ਪੁਸਤਕ ਪੜ੍ਹਨ ਨੂੰ ਮਨ ਕਰਦਾ ਹੈ। ਤਰਲੋਚਨ ਸਿੰਘ ਭਾਟੀਆ ਦੀ ਪਾਠਕ ਦਾ ਸਬਰ ਅਜ਼ਮਾਉਂਦੀ 'ਕਮਾਂਡਰ' ਮੈਨੂੰ ਅੱਧ ਵਿਚਕਾਰ ਹੀ ਛੱਡਣੀ ਪਈ।

[ਅਵਤਾਰ ਸਿੰਘ ਬਿਲਿੰਗ, ਪਿੰਡ ਤੇ ਡਾਕ ਸੇਹ, ਜ਼ਿਲ੍ਹਾ ਲੁਧਿਆਣਾ]

ਇਸ ਵਾਰ ਦੀ 'ਸਿਰਜਣਾ' ਦੀ ਹੀ ਨਹੀਂ ਪੰਜਾਬੀ ਕਹਾਣੀ ਦੀ ਵੀ ਪ੍ਰਾਪਤੀ ਹੈ ਸਾਂਵਲ ਧਾਮੀ ਦੀ ਕਹਾਣੀ 'ਮਲ੍ਹਮ'। ਸੰਤਾਲੀ ਅਤੇ ਚੌਰਾਸੀ ਦੇ ਫਿਰਕੂ ਜਨੂੰਨ ਦੇ ਧਰਾਤਲ 'ਤੇ ਉਸਾਰੀ ਗਈ ਇਹ ਕਹਾਣੀ ਬੜੀ ਸਹਿਜ ਰੂਪ 'ਚ ਤੁਰਦੀ ਹੈ, ਭਾਵੁਕ ਵੀ ਕਰਦੀ ਹੈ ਪਰ ਤਰਕ ਦਾ ਪੱਲਾ ਨਹੀਂ ਛੱਡਦੀ। ਸਾਂਵਲ ਧਾਮੀ ਨੂੰ ਏਨੀ ਸ਼ਾਨਦਾਰ ਕਹਾਣੀ ਲਈ ਮੁਬਾਰਕਵਾਦ।

[ਬਲਬੀਰ ਪਰਵਾਨਾ, ਰੋਜ਼ਾਨਾ ਨਵਾਂ ਜ਼ਮਾਨਾ, ਜਲੰਧਰ]

ਸਿਰਜਣਾ -143 ਦੀਆਂ ਕਹਾਣੀਆਂ ਬਹੁਤ ਹੀ ਸਸ਼ੱਕਤ ਲੱਗੀਆਂ। ਸੰਧੂ ਹੋਰਾਂ ਨੇ ਆਪਣੇ ਰਵਾਇਤੀ ਅੰਦਾਜ਼ ਵਿਚ ਬਾਤ-ਬਤੋਲੀ ਵਰਗੀਆਂ ਗੱਲਾਂ ਕਰਦਿਆਂ ਅੰਤਲੇ ਵਾਕ 'ਤੇ ਤੋੜਾ ਝਾੜ ਕੇ ਝੰਜੋੜ ਸੁੱਟਿਆ। ਸਾਂਵਲ ਧਾਮੀ ਨੇ ਆਪਣੀ ਵਾਰਤਕ ਲੇਖਣੀ ਦਾ ਸਿੱਕਾ ਜੋਗਿੰਦਰ ਬਾਹਰਲੇ ਦਾ 'ਅੰਤਲਾ ਕਾਂਡ' ਲਿਖ ਕੇ ਪਹਿਲਾਂ ਹੀ ਜਮਾ ਰੱਖਿਆ ਸੀ, ਪਰ ਉਹ ਕਹਾਣੀ ਲੇਖਣੀ ਵਿਚ ਏਨਾ ਨਿਪੁੰਨ ਹੈ, ਇਹ ਸਾਨੂੰ ਉਸਦੇ ਗੁਆਂਢ ਰਹਿੰਦਿਆਂ ਨੂੰ ਵੀ ਨਹੀਂ ਸੀ ਪਤਾ। ਬਹੁਤ ਕਮਾਲ ਦੀ ਕਹਾਣੀ ਹੈ 'ਮੱਲ੍ਹਮ'। ਬੇਸੁਰ ਹੋਈ ਲੁਕਾਈ ਨੂੰ ਇਹ ਕਹਾਣੀ ਲਾਹਣਤ ਵੀ ਅਰਸਾਲ ਕਰਦੀ ਹੈ ਅਤੇ ਸੱਤੇ ਤੇ ਫਜ਼ਲੇ ਵਰਗੀਆਂ ਅਡੋਲ ਹਸਤੀਆਂ ਰਾਹੀਂ ਮਾਨਵੀ ਸਰੋਕਾਰਾਂ ਦੀ ਕਮਾਲ ਦੀ ਹੱਦ ਤਕ ਰਾਖੀ ਵੀ ਕਰਦੀ ਹੈ। ਤਰਲੋਚਨ ਸਿੰਘ ਭਾਟੀਆ ਬੜੀ ਦੇਰ ਬਾਅਦ ਚੰਗੀ ਕਹਾਣੀ ਲੈ ਕੇ ਹਾਜ਼ਰ ਹੋਇਆ ਹੈ, ਪਰ ਇਸ ਕਹਾਣੀ ਦੀ ਸੰਗਠਨਕ ਇਕਸਾਰਤਾ ਥੋੜ੍ਹੀ ਕੁ ਲੇਖਕ ਦੇ ਹੱਥੋਂ ਖਿਸਕਦੀ ਰਹੀ। ਤਾਂ ਵੀ ਤਿੰਨਾਂ ਕਹਾਣੀਆਂ ਨੇ '47, '84 ਦੇ ਨਾਜ਼ਕ ਦੌਰਾਂ ਦੀਆਂ ਪੰਜਾਬ ਸਮੇਤ ਦਿੱਲੀ ਵਾਲੀਆਂ ਪਿੰਜੀਆਂ ਰੂਹਾਂ ਨੂੰ ਇਕ ਤਰ੍ਹਾਂ ਦੀ ਮੱਲ੍ਹਮ ਲਾਉਣ ਵਿਚ ਬਹੁਤ ਮਹੱਤਵ ਵਾਲਾ ਰੋਲ ਨਿਭਾਇਆ ਹੈ। ਇਹਨਾਂ ਤਿੰਨਾਂ ਨੂੰ ਇਕੋ ਅੰਕ ਵਿਚ ਜੋੜਨ ਦਾ ਇਹ ਮਾਣ ਮੱਤਾ ਕਾਰਜ 'ਸਿਰਜਣਾ' ਲਈ ਸ਼ਾਇਦ ਇਕ ਰੁਟੀਨ ਕਾਰਜ ਹੀ ਹੋਵੇ, ਪਰ ਪਾਠਕਾਂ ਲਈ ਇਹਨਾਂ ਦੀ ਪੇਸ਼ਕਾਰੀ ਆਪਣੇ ਆਪ ਵਿਚ ਮਿਸਾਲੀ ਸੰਪਾਦਕੀ ਦਾ ਸਬੂਤ ਜ਼ਰੂਰ ਜਾਪੇਗੀ। [ਲਾਲ ਸਿੰਘ, ਦਸੂਹਾ]

ਸਿਰਜਣਾ-143 ਦੀਆਂ ਤਿੰਨੇ ਕਹਾਣੀਆਂ 'ਡਾਕਾ', 'ਮਲ੍ਹਮ' ਤੇ 'ਕਮਾਂਡਰ' ਉੱਚਤਮ ਕਹਾਣੀਆਂ ਹਨ। 'ਡਾਕਾ' ਤੇ 'ਮਲ੍ਹਮ' ਤਾਂ ਸੌਖੀਆਂ ਪੜ੍ਹੀਆਂ ਗਈਆਂ ਪਰ 'ਕਮਾਂਡਰ' ਨੂੰ ਦੁਹਰਾ ਦੁਹਰਾ ਕੇ ਪੜ੍ਹਨਾ ਪਿਆ। ਸ਼ਾਇਦ ਭਾਸ਼ਾ ਕਠਿਨ ਸੀ ਜਾਂ ਫਿਰ ਸ਼ਾਇਦ ਪੜ੍ਹਨ ਸਮੇਂ ਮੇਰਾ ਮੂਡ ਆਫ ਹੋਣਾ ਵੀ ਕਾਰਨ ਹੋ ਸਕਦੈ। ਯੂ. ਪੀ. ਅਤੇ ਬਿਹਾਰ ਦੇ ਮਜ਼ਦੂਰਾਂ ਨੂੰ 'ਬਈਆ' ਆਖਣ ਬਾਰੇ ਜੋ ਇਤਰਾਜ਼ ਸ਼ਸ਼ੀ ਸਮੁੰਦਰਾ ਨੂੰ ਹੈ ਮੈਂ ਉਸ ਨਾਲ ਸਹਿਮਤ ਹਾਂ। ਇਸੇ ਸੰਦਰਭ ਵਿਚ ਸਤਪਾਲ ਭੀਖੀ ਦੇ ਵਿਚਾਰ ਵੀ ਸਮਝਣ ਯੋਗ ਹਨ। [ਬਿੱਕਰ ਸਿੰਘ ਆਜ਼ਾਦ, ਤੂਤ, ਜ਼ਿਲ੍ਹਾ ਫਿਰੋਜ਼ਪੁਰ]

ਸਿਰਜਣਾ-143 ਦੀਆਂ ਰਚਨਾਵਾਂ ਪ੍ਰਭਾਵ ਛੱਡਣ ਵਾਲੀਆਂ ਹਨ। ਸੁਕੀਰਤ ਦੀ ਕਵਿਤਾ 'ਕਾਮਰੇਡ', ਸਾਂਵਲ ਧਾਮੀ ਦੀ ਕਹਾਣੀ 'ਮਲ੍ਹਮ' ਅਤੇ ਤਰਲੋਚਨ ਸਿੰਘ ਭਾਟੀਆ ਦੀ ਕਹਾਣੀ 'ਕਮਾਂਡਰ' ਨੇ ਇਸ ਅੰਕ ਨੂੰ ਵਿਸ਼ੇਸ਼ ਬਣਾ ਦਿੱਤਾ ਹੈ। 'ਸਿਰਜਣਾ' ਵੱਲੋਂ ਅਜਿਹੀਆਂ

ਜਾਨਦਾਰ ਰਚਨਾਵਾਂ ਪਾਠਕਾਂ ਨੂੰ ਦੇਣ ਲਈ ਸ਼ੁਕਰੀਆ। ਉਂਝ ਤਾਂ 'ਸਿਰਜਣਾ' ਹਮੇਸ਼ਾ ਹੀ ਪਾਏਦਾਰ ਤੇ ਲੋਕ ਸਰੋਕਾਰਾਂ ਨਾਲ ਜੁੜੀਆਂ ਰਚਨਾਵਾਂ ਨੂੰ ਛਾਪਣ ਦੀ ਪਹਿਲਕਦਮੀ ਕਰਦਾ ਆਇਆ ਹੈ। ਉਮੀਦ ਕਰਦਾ ਹਾਂ ਅਗਾਂਹ ਵੀ ਵੱਧ ਸਮਰੱਥਾ ਵਾਲੇ ਲੇਖਕਾਂ ਨੂੰ ਪੇਸ਼ ਕਰਦਾ ਰਹੇਗਾ। ਜੋਗਿੰਦਰ ਬਾਹਰਲਾ ਦੇ ਸ਼ਬਦ ਚਿੱਤਰ ਤੋਂ ਬਾਅਦ ਸਾਂਵਲ ਧਾਮੀ ਨੇ 'ਮਲ੍ਹਮ' ਰਾਹੀਂ ਨਾ ਕੇਵਲ ਆਪਣੇ ਆਪ ਨੂੰ ਕਹਾਣੀਕਾਰ ਵਜੋਂ ਸਥਾਪਤ ਕੀਤਾ ਹੈ, ਸਗੋਂ ਠੋਸ ਤੇ ਗੌਲਣਯੋਗ ਕਹਾਣੀ ਦਿੱਤੀ ਹੈ। ਇਹਨਾਂ ਕਲਮਾਂ ਨੂੰ ਸਲਾਮ।

[ਅਜਮੇਰ ਸਿੰਘ ਸਿੱਧੂ,ਚੰਡੀਗੜ੍ਹ ਰੋਡ, ਨਵਾਂ ਸ਼ਹਿਰ]

ਮੈਂ ਬਿਕਰਮਜੀਤ ਸਿੰਘ ਵਲਦ ਸ਼ੇਰ ਸਿੰਘ ਪਿੰਡ ਸੇਖਾ ਕਲਾਂ, ਥਾਣਾ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਅੰਕ-143 ਸਿਰਜਣਾ ਵਿਚ ਕਹਾਣੀਆਂ 'ਡਾਕਾ' ਗੁਲਜ਼ਾਰ ਸੰਧੂ ਦੀ, 'ਮਲ੍ਹਮ' ਸਾਂਵਲ ਧਾਮੀ ਦੀ, 'ਕਮਾਂਡਰ' ਤਰਲੋਚਨ ਸਿੰਘ ਭਾਟੀਆ ਦੀ, ਨਾ ਕਦੇ ਕਿਸੇ ਪੰਜਾਬੀ ਪੇਪਰ ਵਿਚ ਇਹੋ ਜਿਹੀਆਂ ਕਹਾਣੀਆਂ ਛਪੀਆਂ ਹਨ, ਨਾ ਕਦੇ ਛਪਣਗੀਆਂ। ਹਜ਼ਾਰ ਵਾਰ ਆਪ ਜੀ ਨੂੰ ਸਿਰਜਣਾ।

[ਬ. ਸ. ਸੇਖਾ, Dalton Road, Walsall, U.K.]

'ਸੁਕੀਰਤ' ਦੀ ਕਵਿਤਾ 'ਕਾਮਰੇਡ' ਸਿਰਜਣਾ 143 ਅੰਕ ਦੀ ਵਿਸ਼ੇਸ਼ ਪ੍ਰਾਪਤੀ ਹੈ। ਉਸਦੀ ਸੋਚ ਉਸਾਰੂ ਅਤੇ ਵਿਅੰਗ ਸਿਹਤਮੰਦ ਤੇ ਹਾਂਵਾਚਕ ਹੈ। ਮੈਂ ਉਸ ਨੂੰ ਪਹਿਲੀ ਵਾਰ ਪੜ੍ਹਿਆ ਹੈ। ਉਸਨੂੰ ਪ੍ਰੇਰਣਾ ਦਿਓ ਕਿ ਹੁਣ Full Time Poet ਬਣ ਜਾਏ। ਇਹ ਯੁੱਗ ਸੰਕਲਪ ਕਾਵਿ (Conceptual poetry) ਦਾ ਯੁੱਗ ਹੈ। ਭਾਵੁਕ ਰੁਦਨ, ਹੌਲੇ ਪੱਧਰ ਦੀ ਤੁਕਬੰਦੀ ਅਤੇ ਬੇਥਵੀਆਂ ਕਲਾਬਾਜ਼ੀਆਂ ਤੋਂ ਪਰਹੇਜ਼ ਕਰਨ ਦੀ ਲੋੜ ਹੈ। ਪੁਸਤਕਾਂ ਦੇ ਰੀਵਿਊ ਹਮੇਸ਼ਾਂ ਵਾਂਗ ਬੜੇ ਉੱਚ ਪਾਏ ਦੇ ਅਤੇ ਮਿਹਨਤ ਨਾਲ ਲਿਖੇ ਹੋਏ ਹਨ। ਬਤੌਰ ਸੰਪਾਦਕ ਇਹ Credit ਰਘਬੀਰ ਸਿੰਘ ਨੂੰ ਜਾਂਦਾ ਹੈ ਕਿਉਂਕਿ ਉਹ ਵਿਸ਼ੇਸ਼ ਧਿਆਨ ਦੇ ਕੇ ਯੋਗ ਹਸਤੀਆਂ ਤੋਂ ਇਹ ਕਾਰਜ ਕਰਵਾਉਂਦਾ ਹੈ। ਨਿੱਗਰ ਤੇ ਸਾਰਥਕ ਰੀਵਿਊ ਲਿਖਣਾ ਹਾਈਂ ਮਾਈਂ ਦਾ ਕੰਮ ਨਹੀਂ ਹੈ। ਆਮ ਪੱਤਰਾਂ ਵਿਚ ਛਪ ਰਹੇ ਕੁਝ ਹਲਕੇ, ਕੰਮ ਚਲਾਊ ਤੇ ਵਿਹਾਰਕ ਜਿਹੇ ਰੀਵਿਊ ਪੜ੍ਹਕੇ ਰੀਵਿਊਕਾਰੀ ਦੀ ਤਰਸਯੋਗ ਹਾਲਤ ਉੱਤੇ ਖੇਦ ਹੁੰਦਾ ਹੈ। ਏਧਰ Time, New York Times ਤੇ ਹੋਰ ਪੱਤਰਾਂ ਵਿਚ ਹਰ ਵਿਧਾ ਦੇ ਵਿਸ਼ੇਸ਼ਗ ਤੋਂ ਰੀਵਿਊ ਕਰਵਾਉਣ ਦੀ ਪਿਰਤ ਹੈ। ਏਸ ਖੇਤਰ ਵਿਚ ਪੰਜਾਬੀ ਜਗਤ ਵਿਚ 'ਸਿਰਜਣਾ' ਦਾ ਝੰਡਾ ਬੁਲੰਦ ਹੈ।

[ਰਵਿੰਦਰ ਰਵੀ, Terrace, B.C.. Canada]

'ਸਿਰਜਣਾ' ਬਾਰੇ ਜਾਣਕਾਰੀ

1.	ਪ੍ਰਕਾਸ਼ਨ ਸਥਾਨ	225-ਬੀ, ਮਖਦੂਮਪੁਰਾ, ਜਲੰਧਰ
2.	ਪ੍ਰਕਾਸ਼ਨ ਕਾਲ	ਤ੍ਰੈਮਾਸਕ
3.	ਛਾਪਕ, ਪ੍ਰਕਾਸ਼ਕ ਤੇ ਮਾਲਕ	ਸੁਰਿੰਦਰ ਮੋਹਨ ਸਿੰਘ
4.	ਕੌਮੀਅਤ	ਭਾਰਤੀ
5.	ਪਤਾ	225-ਬੀ, ਮਖਦੂਮਪਰਾ, ਜਲੰਧਰ
6.	ਸੰਪਾਦਕ	ਰਘਬੀਰ ਸਿੰਘ
7.	ਕੌਮੀਅਤ	ਭਾਰਤੀ
8.	ਪਤਾ	1728, ਸੈਕਟਰ 43-ਬੀ, ਚੰਡੀਗੜ੍ਹ

ਮੈਂ, ਸਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਦਸਤਖਤ : ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

ਮਿਤੀ : 28 ਫਰਵਰੀ 2007

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਐਸ. ਸੀ. ਐਫ. 112, ਫੇਜ਼ 7, ਮੋਹਾਲੀ ਤੋਂ ਛਪਵਾ ਕੇ, 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਪ੍ਰਕਾਸ਼ਨ ਮਿਤੀ : 1 ਅਪਰੈਲ, 2007

ਸੰਪਾਦਕ : ***ਰਘਬੀਰ ਸਿੰਘ***

'ਨਰੰਜਣ ਮਸ਼ਾਲਚੀ' ਅਤੇ 'ਖੇੜੇ ਸੁੱਖ ਵਿਹੜੇ ਸੁੱਖ' ਤੋਂ ਪਿੱਛੋਂ ਨਵੀਂ ਪੀੜ੍ਹੀ ਦੇ ਸਮਰੱਥ ਨਾਵਲਕਾਰ ਅਵਤਾਰ ਸਿੰਘ ਬਿਲਿੰਗ ਦਾ ਤੀਜਾ ਨਾਵਲ

ਇਹਨਾਂ ਰਾਹਾਂ ਉੱਤੇ

ਆਪਣੇ ਤੀਸਰੇ ਨਾਵਲ 'ਇਹਨਾਂ ਰਾਹਾਂ ਉੱਤੇ' ਵਿਚ ਅਵਤਾਰ ਸਿੰਘ ਬਿਲਿੰਗ ਨੇ ਵੱਖ-ਵੱਖ ਦਿਸ਼ਾਵਾਂ ਵਿਚ ਫੈਲਦੇ ਪੰਜਾਬੀ ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਕੁਸ਼ਲਤਾ ਨਾਲ ਸਮੋਇਆ ਹੈ। ਇਕ ਪਰਿਵਾਰ ਅਤੇ ਇਕ ਖਿੱਤੇ ਤੋਂ ਅਗਾਂਹ ਵਧ ਕੇ ਇਹ ਨਾਵਲ ਇਕ ਤਰ੍ਹਾਂ ਸਮੁੱਚੇ ਪੰਜਾਬ ਦੀ ਅੱਜੋਕੀ ਪੇਂਡੂ ਕਿਸਾਨੀ ਰਹਿਤਲ ਦੇ ਸਭ ਚੰਗੇ-ਮੰਦੇ ਪੱਖਾਂ ਦੀ ਨਿਸ਼ਾਨਦੇਹੀ ਕਰਦਾ ਹੈ। ਪਰੰਪਰਕ ਰਿਸ਼ਤਿਆਂ ਦੀ ਟੁੱਟ-ਭੱਜ, ਪੂੰਜੀਵਾਦੀ ਕਦਰਾਂ-ਕੀਮਤਾਂ ਦਾ ਉਭਾਰ, ਨਵੀਂ ਪੀੜ੍ਹੀ ਦੀ ਉਦਾਸ ਮਾਨਸਿਕਤਾ ਅਤੇ ਬਿਹਤਰ ਜੀਵਨ-ਹਾਲਤਾਂ ਦੀ ਭਾਲ ਵਿਚ ਕਿਸੇ ਵੀ ਹੀਲੇ ਪਰਵਾਸ ਧਾਰਨ ਕਰਨਾ ਜਿਸ ਵਿਚ ਸ਼ਾਮਲ ਹੈ। ਭਾਸ਼ਾਈ ਸੁਹਜ ਦੇ ਨਾਲ ਨਾਲ ਪਾਤਰਾਂ ਨੂੰ ਜੀਵੰਤ ਰੂਪ ਵਿਚ ਪੇਸ਼ ਕਰਨ ਅਤੇ ਕਹਾਣੀ ਗੁੰਦਣ ਦੀ ਬਿਲਿੰਗ ਦੀ ਕੁਸ਼ਲਤਾ ਚੋਖੇ-ਭਰਵੇਂ ਰੂਪ ਵਿਚ ਇਸ ਨਾਵਲ ਵਿਚ ਉਭਰੀ ਹੈ। ਸਭਿਆਚਾਰਕ ਚਿੰਨ੍ਹਾਂ ਨੂੰ ਸਹਿਜਤਾ ਨਾਲ ਗੁੰਦਣ ਦਾ ਬਿਲਿੰਗ ਦੀ ਨਾਵਲ-ਕਲਾ ਦਾ ਵੱਡਾ ਗੁਣ ਵੀ ਇਸ ਨਾਵਲ ਵਿਚ ਮੌਜੂਦ ਹੈ।

-ਰਘਬੀਰ ਸਿੰਘ

ਸੁੰਦਰ ਦਿੱਖ ਪੰਨੇ : 304 ਮੁੱਲ : 300 ਰੁਪਏ

ਰਵੀ ਸਾਹਿਤ ਪ੍ਰਕਾਸ਼ਨ, ਗੁ. ਨ. ਦ. ਯੂ. ਸ਼ਾਪਿੰਗ ਕੰਪਲੈਕਸ, ਜੀ. ਟੀ. ਰੋਡ, ਅੰਮ੍ਰਿਤਸਰ

SIRJANA Literary Punjabi Quarterly Chandigarh

No. 144 April-June 2007

Registered with the Registrar of Newspapers for India vide R.N. 10215/65

Result... 100%

ins

INDIAN NANNY SCHOOL

Recognized by INTERNATIONAL NANNY ASSOCIATION

- Minimum Educational Qualification (10+2)
- 6-MONTHS TRAINING by professional Staff
- Live-in Care giver Programme especially designed for Canada.
- Beautiful Campus in Ludhiana and Chandigarh
- Work Permit to be governed by a contract between employer and employee and approved by Govt. of Canada
- Work Permit for 2 years and then can become permanent resident of Canada.
- Hostel Arrangement for Boys and Girls separately.
- Course start from Janurary 2007

APPLY IMMEDIATELY - LIMITED SEATS

Contact

Dr. DARSHAN GILL

Director

Mobile : 98150-42856

Unit of :

CANADIAN NANNY CARE INSTITUTE PVT. LTD.

Canada Office : #204-8388-128, St. Surrey, B.C. V3W 1A7

Tel : (604) 507-9930 Fax : (604) 507-9929

Cell. (604) 375 3411

www.theindiannannyschool.com